Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Punjab Mail USA
Chief Editor: Gurjatinder Singh Randhawa


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



Gurjatinder S. Randhawa
REALTOR
916-320-9444

Vol. 17, Issue- 737, 16 to 22 Feb. 2023, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ ਦੇ ਮੁੱਖ ਮੰਤਰੀ ਤੇ ਰਾਜਪਾਲ ਵਿਚਾਲੇ ਟਕਰਾਅ ਵਧਿਆ



- ਮੁੱਖ ਮੰਤਰੀ ਨੇ ਰਾਜਪਾਲ ਦੀ ਯੋਗਤਾ 'ਤੇ ਉਠਾਇਆ ਸਵਾਲ
- ਸੰਵਿਧਾਨਕ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ ਸਰਕਾਰ: ਭਾਜਪਾ
- ਵਿਰੋਧੀ ਧਿਰਾਂ ਨੇ ਟਕਰਾਅ ਨੂੰ ਦੱਸਿਆ ਮੰਦਭਾਗਾ



**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੁੜ ਨਿਸ਼ਾਨੇ 'ਤੇ ਲੈਂਦਿਆਂ ਉਨ੍ਹਾਂ ਦੀ ਨਿਯੁਕਤੀ 'ਤੇ ਹੀ ਸੁਆਲ ਖੜ੍ਹੇ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਪੱਤਰ ਲਿਖ ਕੇ ਉਨ੍ਹਾਂ ਤੋਂ ਜੁਆਬ ਮੰਗਿਆ ਹੈ। ਇਸ ਦੌਰਾਨ ਵਿਰੋਧੀ ਧਿਰਾਂ ਨੇ ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੇ ਟਕਰਾਅ ਨੂੰ ਪੰਜਾਬ ਲਈ ਮੰਦਭਾਗਾ ਦੱਸਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ 'ਚ ਵਿਧਾਇਕਾਂ ਲਈ ਆਯੋਜਿਤ ਓਰੀਐਂਟੇਸ਼ਨ ਪ੍ਰੋਗਰਾਮ 'ਚ ਬੋਲਦਿਆਂ ਰਾਜਪਾਲ 'ਤੇ ਅਸਿੱਧੇ ਢੰਗ ਨਾਲ ਮੁੜ ਹੱਲਾ ਬੋਲਿਆ ਹੈ। ਮੁੱਖ ਮੰਤਰੀ ਨੇ ਕਿਹਾ, "ਲੋਕਤੰਤਰ ਵਿਚ ਚੁਣੇ ਹੋਏ ਨੁਮਾਇੰਦੇ ਵੱਡੇ ਹੁੰਦੇ ਹਨ, ਨਾ ਕਿ ਕਿਸੇ ਦੁਆਰਾ ਸਿਲੈਕਟਿਡ ਕਿਉਂਕਿ ਸਿਲੈਕਟਿਡ ਤਾਂ ਕੋਈ ਵੀ ਹੋ ਸਕਦਾ ਹੈ। ਜਿਨ੍ਹਾਂ ਨੂੰ ਲੋਕਾਂ ਨੇ ਚੁਣਿਆ ਹੈ, ਉਹੀ ਫ਼ੈਸਲੇ ਕਰਨਗੇ। 'ਸਿਲੈਕਟਿਡ' ਵਿਚ ਦਖ਼ਲ ਨਾ ਦੇਣ। ਉਨ੍ਹਾਂ ਨੂੰ ਵੀ ਸੁਧਾਰ ਲਵਾਂਗੇ ਅਤੇ ਉਹ ਲੀਹ 'ਤੇ ਆ ਜਾਣਗੇ।" ਉਨ੍ਹਾਂ ਕਿਹਾ ਕਿ ਕਈ ਵਾਰੀ ਇੱਧਰੋਂ-ਉਧਰੋਂ ਕੋਈ ਲਿਖਣ ਲਈ ਆਖ ਦਿੰਦਾ ਹੈ ਅਤੇ ਕਾਨੂੰਨ ਤਾਂ ਉਹ ਵੀ ਜਾਣਦੇ ਹਨ ਤੇ ਸਾਰਿਆਂ ਲਈ ਕਾਨੂੰਨ ਇੱਕੋ ਹੁੰਦਾ ਹੈ। ਜਿਹੜੇ ਕਾਨੂੰਨ ਨਾਲ ਕੋਈ ਜੁਆਬ ਮੰਗਦਾ ਹੈ, ਉਸੇ ਕਾਨੂੰਨ ਨਾਲ ਉਹ ਜੁਆਬ ਦੇਣਗੇ। ਇਸ ਦੌਰਾਨ ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ ਕਿ ਉਨ੍ਹਾਂ ਲਈ ਪੰਜਾਬ ਤੇ ਪੰਜਾਬੀ ਅਹਿਮ ਹਨ ਅਤੇ ਹਮੇਸ਼ਾ ਰਹਿਣਗੇ। ਮੁੱਖ ਮੰਤਰੀ ਦੇ ਭਾਸ਼ਨ ਦੇ ਕੁੱਝ ਅੰਸ਼ਾਂ ਤੋਂ ਜਾਪਦਾ ਹੈ ਕਿ ਕੁੱਝ ਲੋਕ ਇਸ ਟਕਰਾਅ ਦੇ ਪਿੱਛੇ ਕੰਮ ਕਰ ਰਹੇ ਹਨ। ਸੂਤਰਾਂ ਅਨੁਸਾਰ ਮੁੱਖ ਮੰਤਰੀ ਭਾਜਪਾ ਅਤੇ ਦੋ ਅਧਿਕਾਰੀਆਂ ਦੀ ਭੂਮਿਕਾ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਹੇ ਹਨ। ਉਨ੍ਹਾਂ ਕਿਹਾ ਕਿ ਸਿੰਗਾਪੁਰ ਜਾਣ ਵਾਲੇ ਪ੍ਰਿੰਸੀਪਲਾਂ ਦੀ ਚੋਣ ਪ੍ਰਕਿਰਿਆ ਬਾਰੇ ਪੁੱਛਣ ਤੋਂ ਪਹਿਲਾਂ ਰਾਜਪਾਲ ਨੂੰ ਇਸ ਵੱਕਾਰੀ ਅਹੁਦੇ ਲਈ ਭਾਰਤ ਸਰਕਾਰ ਵੱਲੋਂ ਅਪਣਾਈ ਜਾ ਰਹੀ ਯੋਗਤਾ ਬਾਰੇ ਚਾਨਣਾ ਪਾਉਣਾ ਚਾਹੀਦਾ ਹੈ।

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ ਸਾਲ ਦੇ ਅਖੀਰ ਤੱਕ ਵੀਜ਼ਿਆਂ ਦੀ ਪ੍ਰਮਾਣਿਕਤਾ ਨਵਿਆਉਣ ਦਾ ਅਮਲ ਮੁੜ ਕਰੇਗਾ ਸ਼ੁਰੂ




- ਭਾਰਤੀਆਂ ਸਣੇ ਸੈਂਕੜੇ ਮੁਲਾਜ਼ਮਾਂ ਨੂੰ ਹੋਵੇਗਾ ਫਾਇਦਾ
- ਵਿਦੇਸ਼ੀ ਕਾਮਿਆਂ ਨੂੰ 800 ਦਿਨਾਂ ਜਾਂ ਦੋ ਸਾਲ ਤੋਂ ਵੱਧ ਸਮੇਂ ਦੀ ਕਰਨੀ ਪੈਂਦੀ ਹੈ ਉਡੀਕ


**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਸਾਲ ਦੇ ਅਖੀਰ ਤੱਕ ਐੱਚ-1ਬੀ ਅਤੇ ਐੱਲ 1 ਵੀਜ਼ਾ ਜਿਹੀਆਂ ਸ਼੍ਰੇਣੀਆਂ ਵਿਚ ਘਰੇਲੂ ਵੀਜ਼ਿਆਂ ਦੀ ਪ੍ਰਮਾਣਿਕਤਾ ਨਵਿਆਉਣ ਦਾ ਅਮਲ ਮੁੜ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਕਦਮ ਨਾਲ ਸੈਂਕੜੇ ਵਿਦੇਸ਼ੀ ਤਕਨੀਕੀ ਮੁਲਾਜ਼ਮਾਂ ਖਾਸ ਕਰ ਕੇ ਭਾਰਤ ਦੇ ਹਜ਼ਾਰਾਂ ਲੋਕਾਂ ਨੂੰ ਫਾਇਦਾ ਹੋਵੇਗਾ।

ਗੌਰਤਲਬ ਹੈ ਕਿ ਸੰਨ 2004 ਤੱਕ ਗੈਰ-ਪ੍ਰਵਾਸੀ ਵੀਜ਼ਿਆਂ ਦੀਆਂ ਕੁਝ ਸ਼੍ਰੇਣੀਆਂ ਖਾਸ ਤੌਰ 'ਤੇ ਐੱਚ-1ਬੀ ਨੂੰ ਅਮਰੀਕਾ 'ਚ ਨਵਿਆਇਆ ਜਾ ਸਕਦਾ ਸੀ। ਇਸ ਤੋਂ ਬਾਅਦ ਵਿਦੇਸ਼ੀ ਤਕਨੀਕੀ ਮੁਲਾਜ਼ਮਾਂ ਨੂੰ ਆਪਣੇ ਪਾਸਪੋਰਟ 'ਤੇ ਐੱਚ-1ਬੀ ਐਕਸਟੈਂਸ਼ਨ ਦੀ ਮੋਹਰ ਲਗਾਉਣ ਲਈ ਦੇਸ਼ ਤੋਂ ਬਾਹਰ ਜਾਣਾ ਪੈਣ ਲੱਗਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਕਾਮਿਆਂ ਨੂੰ ਆਪਣੇ ਦੇਸ਼ ਵਿਚ ਜਾ ਕੇ ਮੋਹਰ ਲਗਵਾਉਣੀ ਪੈਂਦੀ ਹੈ। ਜਦੋਂ ਇਹ ਪਾਇਲਟ ਪ੍ਰਾਜੈਕਟ ਮੁਕੰਮਲ ਤੌਰ 'ਤੇ ਲਾਗੂ ਹੋ ਗਿਆ ਤਾਂ ਪੇਸ਼ੇਵਰ ਮੁਲਾਜ਼ਮ ਅਮਰੀਕਾ ਵਿਚ ਹੀ ਆਪਣੇ ਵੀਜ਼ਿਆਂ ਨੂੰ ਨਵਿਆਉਣ ਲਈ ਮੋਹਰ ਲਗਵਾ ਸਕਣਗੇ।

ਇੱਥੇ ਦੱਸਣਾ ਬਣਦਾ ਹੈ ਕਿ ਵੀਜ਼ਾ ਨਵਿਆਉਣ ਜਾਂ ਜਾਰੀ ਕਰਨ ਲਈ ਵਿਦੇਸ਼ੀ ਕਾਮਿਆਂ ਨੂੰ 800 ਦਿਨਾਂ ਜਾਂ ਦੋ ਸਾਲ ਤੋਂ ਵੱਧ ਸਮੇਂ ਦੀ ਉਡੀਕ ਕਰਨੀ ਪੈਂਦੀ ਹੈ, ਜੋ ਉਨ੍ਹਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ। ਜ਼ਿਕਰਯੋਗ ਹੈ ਕਿ ਐੱਚ-1ਬੀ ਵੀਜ਼ਾ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਦੀਆਂ ਕੰਪਨੀਆਂ ਵਿਚ ਕੰਮ ਕਰਨ ਲਈ ਪ੍ਰਵਾਨਗੀ ਪ੍ਰਦਾਨ ਕਰਦਾ ਹੈ।

## ਏਅਰ ਇੰਡੀਆ ਵਲੋਂ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਇਤਿਹਾਸਕ ਸੌਦਾ

- ਖਰੀਦੇਗੀ 470 ਜਹਾਜ਼



**ਵਾਸ਼ਿੰਗਟਨ, (ਪੰਜਾਬ ਮੇਲ)-** ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰ ਇੰਡੀਆ ਨੇ 470 ਜਹਾਜ਼ਾਂ ਦੇ ਸੌਦੇ ਨਾਲ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਸੌਦਾ ਕੀਤਾ। ਇਸ ਨਾਲ ਉਸ ਨੇ ਫਰਾਂਸ ਦੀ ਕੰਪਨੀ ਏਅਰਬੱਸ ਅਤੇ ਅਮਰੀਕੀ ਕੰਪਨੀ ਬੋਇੰਗ ਨਾਲ ਸੌਦੇ ਕੀਤੇ ਹਨ। ਏਅਰ ਇੰਡੀਆ ਨੂੰ ਏਅਰਬੱਸ 240 ਅਤੇ ਬੋਇੰਗ 220 ਜਹਾਜ਼ ਦੇਣਗੀਆਂ। ਏਅਰਬੱਸ ਇਸ ਸਾਲ ਦੇ ਅੰਤ ਤੱਕ ਪਹਿਲਾ ਜਹਾਜ਼ ਏਅਰ ਇੰਡੀਆ ਨੂੰ ਸੌਂਪ ਦੇਵੇਗੀ ਅਤੇ ਏਅਰ ਇੰਡੀਆ ਵਿਚ ਬਾਕੀ ਜਹਾਜ਼ 2025 ਦੇ ਅੱਧ ਤੋਂ ਸ਼ਾਮਿਲ ਕੀਤੇ ਜਾਣਗੇ। ਜਾਣਕਾਰੀ ਅਨੁਸਾਰ ਇਹ ਸੌਦੇ 6.40 ਲੱਖ ਕਰੋੜ ਰੁਪਏ ਤੋਂ ਵੱਧ ਦੇ ਹਨ। ਜਾਣਕਾਰੀ ਅਨੁਸਾਰ ਏਅਰਬੱਸ ਨਾਲ ਹੋਇਆ ਸੌਦਾ ਲਗਪਗ 100 ਅਰਬ ਡਾਲਰ ਦਾ ਹੈ।

■ ਬਾਕੀ ਖਬਰ ਸਫਾ 16 'ਤੇ

## 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ 2 ਭਾਰਤੀ ਮੂਲ ਦੇ ਉਮੀਦਵਾਰ ਅਜਮਾਉਣਗੇ ਕਿਸਮਤ!



- ਰਿਪਬਲਿਕ ਨਾਮਜ਼ਦਗੀ ਲਈ ਟਰੰਪ ਨੂੰ ਚੁਣੌਤੀ ਦੇਵੇਗੀ ਨਿੱਕੀ ਹੇਲੀ
- ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਵੀ ਲੜ ਸਕਦੇ ਹਨ ਰਾਸ਼ਟਰਪਤੀ ਦੀ ਚੋਣ



**ਚਾਰਲਸਟਨ, (ਪੰਜਾਬ ਮੇਲ)-** ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਅਤੇ ਸੰਯੁਕਤ ਰਾਸ਼ਟਰ ਦੀ ਸਫ਼ੀਰ ਨਿੱਕੀ ਹੇਲੀ (51) ਨੇ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ 'ਚ ਆਪਣੀ ਉਮੀਦਵਾਰੀ ਦਾ ਐਲਾਨ ਕਰ ਦਿੱਤਾ ਹੈ। ਉਹ 2024 ਲਈ ਰਿਪਬਲਿਕ ਨਾਮਜ਼ਦਗੀ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਚੁਣੌਤੀ ਦੇਵੇਗੀ। ਉਧਰ ਭਾਰਤੀ-ਅਮਰੀਕੀ ਰਿਪਬਲਿਕਨ ਅਤੇ ਕਾਰੋਬਾਰੀ ਵਿਵੇਕ ਰਾਮਾਸਵਾਮੀ ਵੀ ਮੈਦਾਨ 'ਚ ਉਤਰਨ ਦੀ ਤਿਆਰੀ ਕਰ ਰਹੇ ਹਨ। ਜੇਕਰ ਵਿਵੇਕ ਰਾਮਾਸਵਾਮੀ ਅਮਰੀਕੀ ਰਾਸ਼ਟਰਪਤੀ ਚੋਣ ਲਈ ਆਪਣੀ ਉਮੀਦਵਾਰੀ ਦਾ ਐਲਾਨ ਕਰਦੇ ਹਨ, ਤਾਂ ਭਾਰਤੀ ਮੂਲ ਦੇ ਦੋ ਲੋਕ ਇਸ ਦੌੜ ਵਿਚ ਸ਼ਾਮਲ ਹੋਣਗੇ। ਕਰੀਬ ਦੋ ਸਾਲ ਪਹਿਲਾਂ ਨਿੱਕੀ ਹੇਲੀ ਨੇ ਕਿਹਾ ਸੀ ਕਿ ਉਹ ਵ੍ਹਾਈਟ ਹਾਊਸ ਦੀ ਦੌੜ ਲਈ ਆਪਣੇ ਸਾਬਕਾ ਬੌਸ ਟਰੰਪ ਨੂੰ ਚੁਣੌਤੀ ਨਹੀਂ ਦੇਵੇਗੀ। ਪਰ ਪਿਛਲੇ ਕੁਝ ਮਹੀਨਿਆਂ 'ਚ ਉਸ ਨੇ ਆਪਣੀ ਯੋਜਨਾ ਬਦਲ ਲਈ ਹੈ। ਉਸ ਨੇ ਕਿਹਾ ਕਿ ਉਹ ਦੇਸ਼ ਦੀ ਮਾੜੀ ਆਰਥਿਕਤਾ ਅਤੇ ਨਵੀਂ ਪੀੜ੍ਹੀ ਨੂੰ ਅੱਗੇ ਲਿਆਉਣ ਦੀਆਂ ਕੋਸ਼ਿਸ਼ਾਂ ਕਰੇਗੀ। ਨਿੱਕੀ ਹੇਲੀ ਪਹਿਲੀ ਰਿਪਬਲਿਕਨ ਬਣ ਗਈ ਹੈ, ਜੋ ਆਉਂਦੇ ਮਹੀਨਿਆਂ 'ਚ ਰਾਸ਼ਟਰਪਤੀ ਉਮੀਦਵਾਰ ਦੀ ਨਾਮਜ਼ਦਗੀ ਲਈ ਆਪਣਾ ਚੋਣ ਪ੍ਰਚਾਰ ਸ਼ੁਰੂ ਕਰੇਗੀ।

ਵਿਵੇਕ ਰਾਮਾਸਵਾਮੀ (37) ਇੱਕ ਕਰੋੜਪਤੀ ਕਾਰੋਬਾਰੀ ਹਨ ਅਤੇ ਮੌਜੂਦਾ ਸਮੇਂ ਵਿਚ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਦੀਆਂ ਆਪਣੀਆਂ ਸੰਭਾਵਨਾਵਾਂ ਦਾ ਪਤਾ ਲਗਾ ਰਹੇ ਹਨ। ਅਮਰੀਕੀ ਸੂਬੇ ਆਇਓਵਾ ਵਿਚ ਉਹ ਇਸ ਸਬੰਧੀ ਕਈ ਪ੍ਰੋਗਰਾਮ ਆਯੋਜਿਤ ਕਰਨਗੇ। ਰਾਮਾਸਵਾਮੀ ਨੇ ਕਿਹਾ ਕਿ ਉਹ ਇਸ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ। ਰਾਮਾਸਵਾਮੀ ਦਾ ਕਹਿਣਾ ਹੈ ਕਿ ਉਹ ਵਿਚਾਰ ਆਧਾਰਿਤ ਮੁਹਿੰਮ ਸ਼ੁਰੂ ਕਰਨ 'ਤੇ ਧਿਆਨ ਦੇ ਰਹੇ ਹਨ।

## ਤੁਰਕੀ ਤੇ ਸੀਰੀਆ ਭੂਚਾਲ: ਮ੍ਰਿਤਕਾਂ ਦੀ ਗਿਣਤੀ 40 ਹਜ਼ਾਰ ਤੋਂ ਪਾਰ

**50** ਹਜ਼ਾਰ ਤੋਂ ਵੀ ਵੱਧ ਸਕਦੈ ਮੌਤਾਂ ਦਾ ਅੰਕੜਾ! | **131** ਉਸਾਰੀ ਠੇਕੇਦਾਰ ਹਿਰਾਸਤ 'ਚ ਲਏ



ਤੁਰਕੀ ਦੇ ਇਸਕੇਂਦਰੁਨ ਵਿਚ ਬਚਾਅ ਮੁਹਿੰਮ ਚਲਾਉਂਦੇ ਹੋਏ ਰਾਹਤ ਕਰਮੀ।

**ਅੰਤਾਕਿਆ (ਤੁਰਕੀ), (ਪੰਜਾਬ ਮੇਲ)-** ਦੱਖਣੀ ਪੱਛਮੀ ਤੁਰਕੀ ਅਤੇ ਉੱਤਰੀ ਸੀਰੀਆ 'ਚ ਆਏ ਭਿਆਨਕ ਭੂਚਾਲ 'ਚ ਮਰਨ ਵਾਲਿਆਂ ਦੀ ਗਿਣਤੀ 40 ਹਜ਼ਾਰ ਤੋਂ ਪਾਰ ਕਰ ਗਈ ਹੈ, ਜਦਕਿ ਘੱਟੋ-ਘੱਟ 92,000 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਬਚਾਅ ਕਾਰਜ ਅਜੇ ਵੀ ਜਾਰੀ ਹਨ। ਸੰਯੁਕਤ ਰਾਸ਼ਟਰ ਦੀ ਮਦਦ ਭੇਜਣ ਵਾਲੀ ਯੂਨਿਟ ਦੇ ਮੁਖੀ ਮਾਰਟਿਨ ਗ੍ਰਿਫਿਥਸ ਨੇ ਕਿਹਾ, "ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 50,000 ਨੂੰ ਪਾਰ ਕਰ ਸਕਦੀ ਹੈ, ਜਿਵੇਂ-ਜਿਵੇਂ ਮਲਬਾ ਹਟਾਇਆ ਜਾਵੇਗਾ, ਲਾਸ਼ਾਂ ਬਰਾਮਦ ਕੀਤੀਆਂ ਜਾਣਗੀਆਂ। ਬਚਾਅ ਕਾਰਜ ਅੰਤਿਮ ਪੜਾਅ 'ਤੇ ਹਨ ਪਰ ਸਾਨੂੰ ਇਹ ਨਹੀਂ ਪਤਾ ਕਿ ਇਸ ਨੂੰ ਕਦੋਂ ਰੋਕਿਆ ਜਾਣਾ ਚਾਹੀਦਾ ਹੈ।"

ਮਲਬੇ ਹੇਠੋਂ ਕੁਝ ਜਿਊਂਦੇ ਲੋਕਾਂ ਨੂੰ ਬਾਹਰ ਕੱਢਣ ਦੌਰਾਨ ਤੁਰਕੀ ਦੇ ਅਧਿਕਾਰੀਆਂ ਨੇ ਉਨ੍ਹਾਂ 131 ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ ਜਾਂ ਉਨ੍ਹਾਂ ਖ਼ਿਲਾਫ਼ ਵਾਰੰਟ ਜਾਰੀ ਕੀਤੇ ਹਨ, ਜਿਹੜੇ ਭੂਚਾਲ ਕਾਰਨ ਤਬਾਹ

■ ਬਾਕੀ ਖਬਰ ਸਫਾ 16 'ਤੇ

## ਐੱਚ-1ਬੀ ਵੀਜ਼ਾ ਧਾਰਕਾਂ ਲਈ ਗ੍ਰੇਸ ਪੀਰੀਅਡ ਵਧਾਉਣ ਲਈ ਆਨਲਾਈਨ ਪਟੀਸ਼ਨ ਸ਼ੁਰੂ




- ਗ੍ਰੇਸ ਪੀਰੀਅਡ ਦੋ ਮਹੀਨੇ ਤੋਂ ਵਧਾ ਕੇ ਹੁਣ ਇਕ ਸਾਲ ਕਰਨ ਦੀ ਕੀਤੀ ਗਈ ਮੰਗ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਤਕਨੀਕੀ ਖੇਤਰ ਵਿਚ ਵੱਡੀ ਗਿਣਤੀ ਵਿਚ ਛਾਂਟੀ ਕਾਰਨ ਭਾਰਤੀ ਪੇਸ਼ੇਵਰ ਬੇਰੁਜ਼ਗਾਰ ਹੋ ਗਏ ਹਨ। ਇਸ ਮਗਰੋਂ ਦੋ ਭਾਰਤੀ-ਅਮਰੀਕੀ ਸੰਗਠਨਾਂ ਨੇ ਇਕ ਆਨਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ, ਜਿਸ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੂੰ ਐੱਚ-1ਬੀ ਵੀਜ਼ਾ ਦੀ ਗ੍ਰੇਸ ਪੀਰੀਅਡ ਵਧਾਉਣ ਦੀ ਅਪੀਲ ਕੀਤੀ ਗਈ ਹੈ। ਪਟੀਸ਼ਨ ਮੁਤਾਬਕ ਗ੍ਰੇਸ ਪੀਰੀਅਡ ਦੋ ਮਹੀਨੇ ਤੋਂ ਵਧਾ ਕੇ ਹੁਣ ਇਕ ਸਾਲ ਕਰਨ ਦੀ ਮੰਗ ਕੀਤੀ ਗਈ ਹੈ। ਇਸ ਦਾ ਮਤਲਬ ਹੈ ਕਿ ਇਕ ਵਾਰ ਨੌਕਰੀ ਤੋਂ ਕੱਢੇ ਜਾਣ 'ਤੇ ਐੱਚ-1ਬੀ ਵੀਜ਼ਾ 'ਤੇ ਵਿਦੇਸ਼ੀ ਤਕਨੀਕੀ ਕਰਮਚਾਰੀ ਕੋਲ ਨਵੀਂ ਨੌਕਰੀ ਲੱਭਣ ਲਈ 60 ਦਿਨਾਂ ਦੀ ਮੌਜੂਦਾ ਮਿਆਦ ਦੀ ਬਜਾਏ ਇਕ ਸਾਲ ਦਾ ਸਮਾਂ ਹੋਵੇਗਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਛੱਡਣਾ ਹੋਵੇਗਾ।

ਆਨਲਾਈਨ ਪਟੀਸ਼ਨ 'ਤੇ ਹੁਣ ਤੱਕ 2,200 ਤੋਂ ਵੱਧ ਲੋਕਾਂ ਦੁਆਰਾ ਦਸਤਖ਼ਤ ਕੀਤੇ ਜਾ ਚੁੱਕੇ ਹਨ। ਇਸ ਦੌਰਾਨ ਵਿਦੇਸ਼ੀ ਭਾਰਤੀਆਂ ਦੇ ਇਕ ਫੇਸਬੁੱਕ ਸਮੂਹ ਨੇ ਇੱਕ ਹੋਰ ਪਟੀਸ਼ਨ ਸ਼ੁਰੂ ਕੀਤੀ ਹੈ, ਜਿਸ ਵਿਚ ਭਾਰਤ ਸਰਕਾਰ ਨੂੰ ਅਮਰੀਕਾ ਵਿਚ ਨੌਕਰੀ ਤੋਂ ਹਟਾਏ ਗਏ ਭਾਰਤੀ ਤਕਨੀਕੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਅਪੀਲ ਕੀਤੀ ਗਈ ਹੈ। ਐੱਚ-1ਬੀ ਵੀਜ਼ਾ ਇਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿਚ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨੀਕੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਇਸ 'ਤੇ ਨਿਰਭਰ ਕਰਦੀਆਂ ਹਨ।

ੴ ਸਤਿਗੁਰ ਪ੍ਰਸਾਦਿ ॥

ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

# ਸੈਕਰਾਮੈਂਟੋ ਸਿੱਖ ਸੁਸਾਇਟੀ



# ਪਹਿਲਾ ਵਿਸ਼ਾਲ ਨਗਰ ਕੀਰਤਨ

# 26 ਮਾਰਚ, ਐਤਵਾਰ 2023

## ਪ੍ਰੋਗਰਾਮ

- 13 ਤੋਂ 25 ਮਾਰਚ : ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
- 19 ਮਾਰਚ, ਦਿਨ ਐਤਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
- ਨਿਸ਼ਾਨ ਸਾਹਿਬ ਸੇਵਾ 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ
- 26 ਮਾਰਚ, ਦਿਨ ਐਤਵਾਰ, ਆਰੰਭ ਨਗਰ ਕੀਰਤਨ ਸਵੇਰੇ 10 ਵਜੇ
- ਪਹੁੰਚ ਰਹੇ ਜੱਥੇ : ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ।

ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।

Copyright@Punjab Mail USA

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਵਿਸ਼ਾਲ ਨਗਰ ਕੀਰਤਨ 26 ਮਾਰਚ ਨੂੰ ਹੋਵੇਗਾ। ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਰਹੇ ਹਨ, ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸ਼ਰ ਅਤੇ ਹੋਰ ਸਿੱਖ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

| Lakhvir Singh Aujla | Gurinderpal Singh Gill | Randhir Singh Nijjar |
|---|---|---|
| 916-826-9800 | 916-717-2277 | 916-416-9527 |

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ

# ਗੁਰਦੁਆਰਾ ਸਾਹਿਬ, ਰੀਨੋ



# ਗੁਰਦੁਆਰਾ ਸਾਹਿਬ ਰੀਨੋ ਵਿਖੇ ਭਾਰਤ 'ਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੇ ਹੱਕ 'ਚ ਆਵਾਜ਼ ਬੁਲੰਦ

ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਜਨਰਲ ਡਾ. ਨਗੇਂਦਰ ਪ੍ਰਸਾਦ ਨੇ ਪਿਛਲੇ ਦਿਨੀਂ ਗੁਰਦੁਆਰਾ ਸਾਹਿਬ, ਨਾਰਦਰਨ ਨਵਾਡਾ ਸਿੱਖ ਸੁਸਾਇਟੀ, ਰੀਨੋ ਦੀ ਪ੍ਰਬੰਧਕੀ ਕਮੇਟੀ ਅਤੇ ਹੋਰ ਮੋਹਤਬਰ ਸ਼ਖਸੀਅਤਾਂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਭਾਰਤ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ। ਉਨ੍ਹਾਂ ਵੱਲੋਂ ਡਾ. ਨਗੇਂਦਰ ਪ੍ਰਸਾਦ ਨੂੰ ਇਹ ਬੇਨਤੀ ਕੀਤੀ ਗਈ ਕਿ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਸਮੇਤ ਸਾਰੇ ਕੈਦੀਆਂ ਦੀ ਬਿਨਾਂ ਸ਼ਰਤ ਤੁਰੰਤ ਰਿਹਾਈ ਕਰਵਾਈ ਜਾਵੇ। ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਬੰਦੀ ਸਿੰਘਾਂ ਦੀ ਰਿਹਾਈ ਮੰਗਣਾ ਕੋਈ ਗੁਨਾਹ ਨਹੀਂ ਹੈ। ਇਹ ਪੂਰੀ ਸਿੱਖ ਕੌਮ ਦੀ ਮੰਗ ਹੈ। ਸਿੱਖਾਂ ਅੰਦਰ ਇਸ ਪ੍ਰਤੀ ਭਾਰੀ ਰੋਸ ਹੈ, ਕਿਉਂਕਿ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਇਹ ਕੈਦੀ ਤਿੰਨ-ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਇਹ ਕੈਦੀ ਆਪਣੀ ਮਿੱਥੀ ਸਜ਼ਾ ਭੁਗਤ ਚੁੱਕੇ ਹਨ। ਇਸ ਲਈ ਸਮੇਂ ਤੋਂ ਵੱਧ ਕਿਸੇ ਨੂੰ ਵੀ ਕੈਦ ਵਿਚ ਰੱਖਣਾ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਨੂੰ ਸ਼ੋਭਾ ਨਹੀਂ ਦਿੰਦਾ। ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡਾ. ਨਗੇਂਦਰ ਪ੍ਰਸਾਦ ਨੂੰ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਨੂੰ ਆਉਂਦੀਆਂ ਹੋਰ ਵੀ ਮੁਸ਼ਕਿਲਾਂ ਬਾਰੇ ਦੱਸਿਆ, ਜਿਸ ਨੂੰ ਉਨ੍ਹਾਂ ਨੇ ਬੜੇ ਹੀ ਧਿਆਨ ਨਾਲ ਸੁਣਿਆ।

ਰੀਨੋ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਦੇਸ਼ਾਂ 'ਚ ਹੋਰਨਾਂ ਗੁਰਦੁਆਰਾ ਕਮੇਟੀਆਂ ਨੂੰ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਆਪਣੀ ਆਵਾਜ਼ ਬੁਲੰਦ ਕਰਨ ਦੀ ਬੇਨਤੀ ਕੀਤੀ ਹੈ।

Designed By Punjab Mail USA



ਮਨਜੀਤ ਸਿੰਘ ਸਾਹੀ
ਪ੍ਰਧਾਨ




ਜਸਵਿੰਦਰ ਸਿੰਘ ਭਾਟੀਆ
ਮੀਤ ਪ੍ਰਧਾਨ



ਕੁਲਦੀਪ ਸਿੰਘ ਘੁੰਮਣ
ਸੈਕਟਰੀ



ਚੰਚਲ ਸਿੰਘ ਕੰਗ
ਵਾਈਸ ਸੈਕਟਰੀ



ਨਛੱਤਰ ਸਿੰਘ ਗੋਸਲ
ਕੈਸ਼ੀਅਰ



ਤਰਸੇਮ ਸਿੰਘ ਧੱਜੂ
ਵਾਈਸ ਸੈਕਟਰੀ



ਕੁਲਵੰਤ ਸਿੰਘ ਜੌਹਲ
ਡਾਇਰੈਕਟਰ



ਸਤਨਾਮ ਸਿੰਘ
ਮੈਂਬਰ



ਦਵਿੰਦਰ ਚਾਵਲਾ
ਮੈਂਬਰ



ਦਿਲਬਾਗ ਸਿੰਘ ਬਾਜਵਾ
ਮੈਂਬਰ



ਅਰਜਨ ਸਿੰਘ ਖਹਿਰਾ
ਮੈਂਬਰ

## ਸਮੂਹ ਪ੍ਰਬੰਧਕੀ ਕਮੇਟੀ

## NORTHERN NEVADA SIKH SOCIETY

## ਗੁਰਦੁਆਰਾ ਸਾਹਿਬ, ਰੀਨੋ

1380 SELMI DRIVE, RENO, NV 89512

# ਗਾਖਲ ਪਰਿਵਾਰ ਵੱਲੋਂ ਹੋਲਾ ਮਹੱਲਾ 2023 ਦੇ ਪਵਿੱਤਰ ਦਿਹਾੜੇ ਲਈ ਭੇਜੀ ਗਈ ਨਕਦ ਸੇਵਾ

ਹੋਲਾ ਮਹੱਲਾ 2023 ਦੇ ਪਵਿੱਤਰ ਦਿਹਾੜੇ 'ਤੇ ਹਜ਼ੂਰ ਸਾਹਿਬ ਵਿਖੇ ਸੰਗਤਾਂ ਲਈ ਲਗਾਏ ਜਾਣ ਵਾਲੇ ਲੰਗਰ ਲਈ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਦੇ ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਹਰਭਜਨ ਸਿੰਘ ਗਾਖਲ ਅਤੇ ਸਹੋਤਾ ਭਰਾਵਾਂ ਨਰਿੰਦਰ ਸਿੰਘ ਸਹੋਤਾ ਅਤੇ ਜੁਗਰਾਜ ਸਿੰਘ ਸਹੋਤਾ ਅਤੇ ਬਿੰਦਰ ਸਿੰਘ ਵਲੋਂ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਦੇ ਹੱਥ ਨਕਦ ਸੇਵਾ ਭੇਜੀ ਗਈ, ਜੋ ਲੰਗਰ ਲਈ ਖੁਦ ਰਸਦ ਲੈ ਕੇ ਭੇਂਟ ਕਰਨਗੇ।

ਇਸ ਮੌਕੇ ਭਾਈ ਇੰਦਰਜੀਤ ਸਿੰਘ ਨੇ ਕਿਹਾ ਕਿ ਸਮੁੱਚੀ ਦੁਨੀਆਂ 'ਚ ਵਸਦੇ ਸਿੱਖਾਂ ਨੂੰ ਬੇਨਤੀ ਹੈ ਕਿ ਹੋਲਾ ਮਹੱਲਾ ਦਾ ਪਵਿੱਤਰ ਦਿਹਾੜਾ ਆਪੋ ਆਪਣੇ ਪਿੰਡਾਂ, ਸ਼ਹਿਰਾਂ ਦੇ ਗੁਰੂਘਰਾਂ ਵਿਚ ਹੁੰਮਹੁਮਾ ਕੇ ਮਨਾਉਣਾ ਚਾਹੀਦਾ ਹੈ, ਜੋ ਕਿ ਖਾਲਸਾ ਪੰਥ ਦੀ ਏਕਤਾ, ਸਮਾਜਿਕ ਬਰਾਬਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।










A&I Watsonville, CA

GAKHAL GROUP

GB Entertainment







Copyright @ Punjab Mail USA

**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ**

**Amolak Singh Gakhal, Iqbal Singh Gakhal, Palwinder Singh Gakhal**

**123, E LEE ROAD WATSONVILLE, CA 95076**


# ਰੇਲ ਹਾਦਸੇ ਬਾਰੇ ਪ੍ਰੈੱਸ ਕਾਨਫਰੰਸ ਦੀ ਸਿੱਧੀ ਰਿਪੋਰਟਿੰਗ ਕਰਨ 'ਤੇ ਨਿਊਜ਼ ਨੇਸ਼ਨ ਦਾ ਪੱਤਰਕਾਰ ਗ੍ਰਿਫਤਾਰ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਕੁਝ ਦਿਨ ਪਹਿਲਾਂ ਪੂਰਬੀ ਪੇਲਸਟਾਈਨ, ਓਹਾਇਓ ਵਿਚ ਹੋਏ ਰੇਲ ਹਾਦਸੇ ਬਾਰੇ ਓਹਾਇਓ ਦੇ ਅਧਿਕਾਰੀਆਂ ਦੀ ਪ੍ਰੈੱਸ ਕਾਨਫਰੰਸ ਦੀ ਸਿੱਧੀ ਰਿਪੋਰਟਿੰਗ ਕਰ ਰਹੇ ਨਿਊਜ਼ ਨੇਸ਼ਨ ਦੇ ਪੱਤਰਕਾਰ ਈਵਾਨ ਲੈਮਬਰਟ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਿਉਂ ਹੀ ਉਸ ਨੇ ਸਿੱਧਾ ਪ੍ਰਸਾਰਣ ਸ਼ੁਰੂ ਕੀਤਾ, ਤਾਂ ਸਟੇਟ ਹਾਈਵੇਅ ਦੇ ਦੋ ਜਵਾਨਾਂ ਤੇ ਓਹਾਇਓ ਨੈਸ਼ਨਲ ਗਾਰਡ ਦੇ ਸਹਾਇਕ ਮੇਜਰ ਜਨਰਲ ਜੌਹਨ ਹੈਰਿਸ ਨੇ ਉਸ ਨੂੰ ਸਿੱਧੀ ਰਿਪੋਰਟਿੰਗ ਬੰਦ ਕਰਨ ਲਈ ਕਿਹਾ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹ ਬਹੁਤ ਉੱਚੀ ਬੋਲ ਰਿਹਾ ਹੈ, ਜਿਸ ਕਾਰਨ ਵਿਘਨ ਪੈ ਰਿਹਾ ਹੈ। ਪੁਲਿਸ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਲੈਮਬਰਟ ਤੇ ਹੈਰਿਸ ਵਿਚਾਲੇ ਤਕਰਾਰ ਵੀ ਹੋਇਆ, ਜਿਸ 'ਤੇ ਪੱਤਰਕਾਰ ਨੂੰ ਪਰ੍ਹੇ ਧੱਕ ਦਿੱਤਾ ਗਿਆ, ਜੋ ਹਮਲਾਵਰ ਅੰਦਾਜ਼ ਵਿਚ ਹੈਰਿਸ ਵੱਲ ਵਧ ਰਿਹਾ ਸੀ। ਲੈਮਬਰਟ ਨੂੰ ਉਥੋਂ ਚਲੇ ਜਾਣ ਲਈ ਕਿਹਾ ਗਿਆ ਪਰੰਤੂ ਉਹ ਨਾ ਮੰਨਿਆ, ਜਿਸ 'ਤੇ ਪੁਲਿਸ ਉਸ ਨੂੰ ਗ੍ਰਿਫਤਾਰ ਕਰਕੇ ਬਾਹਰ ਲੈ ਗਈ। ਪੁਲਿਸ ਅਨੁਸਾਰ ਲੈਮਬਰਟ ਨੂੰ ਮੁੱਢਲੇ ਤੌਰ 'ਤੇ ਅਪਰਾਧਿਕ ਦਖਲਅੰਦਾਜ਼ੀ ਕਰਨ 'ਤੇ ਗ੍ਰਿਫਤਾਰੀ ਦਾ ਵਿਰੋਧ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।



ਪੁਲਿਸ ਨਿਊਜ਼ ਨੇਸ਼ਨ ਦੇ ਪੱਤਰਕਾਰ ਨੂੰ ਗ੍ਰਿਫਤਾਰ ਕਰਦੀ ਹੋਈ।

# ਭਾਰਤੀ ਮੂਲ ਦੇ ਸਾਂਸਦ ਐਮੀ ਬੇਰਾ ਦੀ ਵਿਦੇਸ਼ੀ ਮਾਮਲਿਆਂ ਬਾਰੇ ਸਬ ਕਮੇਟੀ ਲਈ ਚੋਣ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਭਾਰਤੀ** ਮੂਲ ਦੇ ਸਾਂਸਦ ਐਮੀ ਬੇਰਾ ਦੀ ਇੰਡੋ-ਪੈਸਿਕ ਬਾਰੇ ਸਦਨ ਦੀ ਵਿਦੇਸ਼ ਮਾਮਲਿਆਂ ਬਾਰੇ ਸਬ ਕਮੇਟੀ ਲਈ ਚੋਣ ਕੀਤੀ ਗਈ ਹੈ। ਉਹ ਇਸ ਕਮੇਟੀ ਵਿਚ 2013 ਤੋਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਉਨਾਂ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਵਿਦੇਸ਼ ਮਾਮਲਿਆਂ ਬਾਰੇ ਸਬ ਕਮੇਟੀ ਵਿਚ ਸੇਵਾਵਾਂ ਨੂੰ ਜਾਰੀ ਰੱਖਣ ਲਈ ਕਿਹਾ ਗਿਆ ਹੈ, ਜੋ ਮੇਰੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਉਹ ਇੰਡੋ ਪੈਸੀਫਿਕ ਖੇਤਰ ਨੂੰ ਵਧੇਰੇ ਮੁਕਤ ਤੇ ਖੁਸ਼ਹਾਲ ਬਣਾਉਣ ਲਈ ਆਪਣੀ ਭੂਮਿਕਾ ਨਿਭਾਉਂਦੇ ਰਹਿਣਗੇ। ਇਸ ਤੋਂ ਪਹਿਲਾਂ ਇਸੇ ਮਹੀਨੇ ਦੇ ਸ਼ੁਰੂ ਵਿਚ ਉਨ੍ਹਾਂ ਦੀ ਇੰਟੈਲੀਜੈਂਸ ਬਾਰੇ ਸਥਾਈ ਵਿਸ਼ੇਸ਼ ਕਮੇਟੀ 'ਚ ਨਿਯੁਕਤੀ ਹੋਈ ਸੀ।

# ਅਮਰੀਕਾ 'ਚ ਭਾਰਤੀ ਮੂਲ ਦੇ ਮਾਲਕ ਨੂੰ ਆਪਣੇ ਮੁਲਾਜ਼ਮਾਂ ਨੂੰ 69000 ਡਾਲਰ ਓਵਰ ਟਾਈਮ ਦੇਣ ਦੇ ਆਦੇਸ਼

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਤਿੰਨ ਨਰਸਿੰਗ ਹੋਮਜ਼ ਦੇ ਮਾਲਕ ਤੇ ਸੰਚਾਲਕ ਭਾਰਤੀ ਮੂਲ ਦੇ ਇਕ ਵਿਅਕਤੀ ਵਲੋਂ ਕਿਰਤ ਨਿਯਮਾਂ ਦੀ ਉਲੰਘਣਾ ਕਰਕੇ ਆਪਣੇ ਮੁਲਾਜ਼ਮਾਂ ਨੂੰ ਓਵਰ ਟਾਈਮ ਨਾ ਦੇਣਾ ਦਾ ਮਾਮਲਾ ਸਾਹਮਣੇ ਆਇਆ ਹੈ। ਸੰਘੀ ਜਾਂਚ ਤੋਂ ਬਾਅਦ ਐਮੀ ਪਟੇਲ ਨਾਮੀ ਭਾਰਤੀ ਨੂੰ ਆਪਣੇ ਮੁਲਾਜ਼ਮਾਂ ਨੂੰ 69000 ਡਾਲਰ ਓਵਰ ਟਾਈਮ ਦੇ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਐਮੀ ਪਟੇਲ ਚੈਸਨਿੰਗ ਨਰਸਿੰਗ ਸੈਂਟਰ, ਬੀਕੋਨਸ਼ਾਇਰ ਨਰਸਿੰਗ ਸੈਂਟਰ ਤੇ ਵੈਸਟ ਵੁੱਡ ਨਰਸਿੰਗ ਸੈਂਟਰ, ਡੈਟਰੋਇਟ ਦਾ ਮਾਲਕ ਤੇ ਸੰਚਾਲਕ ਹੈ। ਇਨ੍ਹਾਂ ਤਿੰਨ ਨਰਸਿੰਗ ਸੈਂਟਰਾਂ 'ਚ 45 ਮੁਲਾਜ਼ਮ ਮੈਨੇਜਰ ਵਜੋਂ ਕੰਮ ਕਰਦੇ ਹਨ। ਕਿਰਤ ਵਿਭਾਗ ਦੀ ਵੇਜ਼ ਐਂਡ ਆਵਰਜ਼ ਡਵੀਜ਼ਨ ਨੇ ਜਾਂਚ ਵਿਚ ਪਾਇਆ ਕਿ ਪਟੇਲ ਨੇ ਇਕ ਹਫਤੇ 'ਚ 40 ਘੰਟੇ ਤੋਂ ਘੱਟ ਕੰਮ ਕਰਨ 'ਤੇ ਆਪਣੇ ਮੈਨੇਜਰਾਂ ਨੂੰ ਪ੍ਰਤੀ ਘੰਟਾ ਮਜ਼ਦੂਰੀ ਦੇ ਹਿਸਾਬ ਨਾਲ ਅਦਾਇਗੀ ਕੀਤੀ ਤੇ 40 ਘੰਟੇ ਤੋਂ ਵਧ ਕੰਮ ਕਰਨ 'ਤੇ ਤਨਖਾਹ ਦੇ ਆਧਾਰ 'ਤੇ ਅਦਾਇਗੀ ਕੀਤੀ। ਟਿਮੋਲਿਨ ਮਿਸ਼ੈਲ, ਡਿਸਟ੍ਰਿਕਟ ਡਾਇਰੈਕਟਰ ਆਫ ਵੇਜ਼ ਐਂਡ ਆਵਰਜ਼ ਡਵੀਜਨ ਡੈਟਰੋਇਟ ਨੇ ਕਿਹਾ ਹੈ ਕਿ ਮਾਲਕ ਮੰਨਮਾਨੇ ਢੰਗ ਨਾਲ ਆਪਣੇ ਮੁਲਾਜ਼ਮਾਂ ਨੂੰ ਕੁਝ ਹਫਤਿਆਂ ਦੀ ਅਦਾਇਗੀ ਪ੍ਰਤੀ ਘੰਟੇ ਦੇ ਹਿਸਾਬ ਨਾਲ ਤੇ ਕੁਝ ਹੋਰ ਹਫਤਿਆਂ ਦੀ ਅਦਾਇਗੀ ਤਨਖਾਹ ਦੇ ਆਧਾਰ 'ਤੇ ਕਰਨ ਦਾ ਨਿਰਣਾ ਨਹੀਂ ਲੈ ਸਕਦਾ। ਅਜਿਹਾ ਕਰਕੇ ਪਟੇਲ ਨੇ ਸਪੱਸ਼ਟ ਤੌਰ 'ਤੇ ਸੰਘੀ ਨਿਯਮਾਂ ਦੀ ਉਲੰਘਣਾ ਕੀਤੀ ਹੈ।

# ਕੈਨੇਡਾ ਸਰਕਾਰ ਵੱਲੋਂ ਦਿਲ ਖੋਲ੍ਹ ਕੇ ਵਿਜ਼ਟਰ ਵੀਜ਼ੇ ਜਾਰੀ ਕਰਨ ਦਾ ਫੈਸਲਾ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਸਰਕਾਰ ਨੇ ਦਿਲ ਖੋਲ੍ਹ ਕੇ ਵਿਜ਼ਟਰ ਵੀਜ਼ੇ ਜਾਰੀ ਕਰਨ ਦਾ ਫੈਸਲਾ ਕਰ ਲਿਆ ਹੈ ਅਤੇ ਨੈਨੀ ਵੀਜ਼ੇ ਲਈ ਤਜਰਬੇ ਦੀ ਸ਼ਰਤ 24 ਮਹੀਨੇ ਤੋਂ ਘਟਾ ਕੇ 12 ਮਹੀਨੇ ਕਰ ਦਿੱਤੀ ਹੈ। ਸਿਰਫ਼ ਐਨਾ ਹੀ ਨਹੀਂ, ਐਕਸਪ੍ਰੈਸ ਐਂਟਰੀ ਅਧੀਨ ਚਾਰ ਸ਼੍ਰੇਣੀਆਂ 'ਚ ਐਪਲੀਕੇਸ਼ਨ ਟ੍ਰੈਕਿੰਗ ਸੇਵਾ ਸ਼ੁਰੂ ਕੀਤੀ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੰਮੀਗ੍ਰੇਸ਼ਨ ਵਿਭਾਗ ਨੂੰ ਇਸ਼ਾਰਾ ਕੀਤਾ ਹੈ ਕਿ ਵਿਜ਼ਟਰ ਵੀਜ਼ਾ ਵਾਲੀਆਂ ਅਰਜ਼ੀਆਂ 'ਤੇ ਨਰਮਦਿਲੀ ਨਾਲ ਵਿਚਾਰ ਕੀਤਾ ਜਾਵੇ ਅਤੇ ਵਿਜ਼ਟਰ ਵੀਜ਼ਾ 'ਤੇ ਆਉਣ ਵਾਲਿਆਂ ਦੇ ਵਾਪਸ ਨਾ ਜਾਣ ਦੇ ਖਤਰਿਆਂ ਵੱਲ ਧਿਆਨ ਘਟਾਇਆ ਜਾਵੇ।

# ਟੈਕਸਾਸ 'ਚ ਵਾਲਮਾਰਟ ਸਟੋਰ 'ਚ ਕਤਲੇਆਮ ਦੇ ਦੋਸ਼ੀ ਪੈਟਰਿਕ ਨੇ ਗੁਨਾਹ ਕਬੂਲਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਐਲ ਪਾਸੋ, ਟੈਕਸਾਸ ਵਿਚ ਇਕ ਵਾਲਮਾਰਟ ਸਟੋਰ ਵਿਚ ਅੰਧਾਧੁੰਦ ਗੋਲੀਆਂ ਚਲਾ ਕੇ 23 ਲੋਕਾਂ ਦੀਆਂ ਹੱਤਿਆਵਾਂ ਕਰਨ ਵਾਲੇ ਸ਼ੱਕੀ ਦੋਸ਼ੀ 24 ਸਾਲਾ ਪੈਟਰਿਕ ਕਰੂਸੀਅਸ ਨੇ ਅਦਾਲਤ 'ਚ ਆਪਣਾ ਗੁਨਾਹ ਕਬੂਲ ਲਿਆ ਹੈ। ਅਗਸਤ 2019 'ਚ ਹੋਏ ਇਸ ਕਤਲੇਆਮ ਲਈ ਕਰੂਸੀਅਸ ਵਿਰੁੱਧ ਨਸਲੀ ਅਪਰਾਧ ਸਮੇਤ 90 ਦੋਸ਼ ਆਇਦ ਕੀਤੇ ਗਏ ਸਨ। ਜਦੋਂ ਜੱਜ ਨੇ 90 ਦੋਸ਼ ਪੜ੍ਹੇ ਤਾਂ ਕਰੂਸੀਅਸ ਚੁੱਪਚਾਪ ਸਿਰ ਹੇਠਾਂ ਕਰਕੇ ਖੜ੍ਹਾ ਰਿਹਾ ਤੇ ਆਪਣੇ ਸਾਹਮਣੇ ਪਏ ਮੇਜ਼ ਵੱਲ ਵੇਖਦਾ ਰਿਹਾ। ਇਨ੍ਹਾਂ ਦੋਸ਼ਾਂ ਵਿਚ ਮਾਰੇ ਗਏ ਤੇ ਬਚ ਗਏ ਜ਼ਖਮੀਆਂ ਦੇ ਨਾਂ ਵੀ ਸ਼ਾਮਲ ਸਨ। ਆਪਣੇ ਅਟਾਰਨੀ ਦੇ ਨਾਲ ਬੈਠੇ ਕਰੂਸੀਅਸ ਨੂੰ ਖੜ੍ਹੇ ਹੋ ਕੇ ਆਪਣਾ ਗੁਨਾਹ ਕਬੂਲਣ ਲਈ ਕਿਹਾ ਗਿਆ। ਜਿਸ ਉਪਰੰਤ ਉਸ ਨੇ ਅਜਿਹਾ ਹੀ ਕੀਤਾ। ਇਸ ਮਾਮਲੇ ਵਿਚ ਕੋਈ ਗਵਾਹ ਨਹੀਂ ਸੀ। ਪਿਛਲੇ ਮਹੀਨੇ ਸੰਘੀ ਵਕੀਲਾਂ ਨੇ ਕਿਹਾ ਸੀ ਕਿ ਉਹ ਇਸ ਮਾਮਲੇ 'ਚ ਮੌਤ ਦੀ ਸਜ਼ਾ ਦੀ ਮੰਗ ਨਹੀਂ ਕਰਨਗੇ। ਇਸ ਉਪਰੰਤ ਮਾਮਲੇ ਵਿਚ ਮੋੜ ਆਇਆ। ਜੱਜ ਨੇ ਕਿਹਾ ਕਿ ਸੰਘੀ ਮੁਕੱਦਮਾ ਜਨਵਰੀ 2024 'ਚ ਸ਼ੁਰੂ ਹੋਣਾ ਸੀ ਪਰੰਤੂ ਹੁਣ ਕਰੂਸੀਅਸ ਨੇ ਆਪਣਾ ਗੁਨਾਹ ਕਬੂਲ ਲਿਆ ਹੈ। ਇਸ ਲਈ ਜੂਨ ਵਿਚ ਸਜ਼ਾ ਦੀ ਸੁਣਵਾਈ ਸ਼ੁਰੂ ਹੋਣ ਦੀ ਸੰਭਾਵਨਾ ਹੈ।


ਪੈਟਰਿਕ ਕਰੂਸੀਅਸ।

■ 2019 'ਚ ਹੋਈਆਂ ਸਨ 23 ਹੱਤਿਆਵਾਂ

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸੈਨਹੋਜ਼ੇ ਸ਼ਹਿਰ ਵਲੋਂ ਵੀ 4 ਫਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ



**ਸੈਨਹੌਜੇ, (ਪੰਜਾਬ ਮੇਲ)**- 4 ਫਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦੇਣ ਲਈ ਸੈਨਹੋਜ਼ੇ ਸ਼ਹਿਰ ਦੇਸ਼ ਭਰ ਦੇ ਸ਼ਹਿਰਾਂ ਦੀ ਵਧਦੀ ਗਿਣਤੀ ਵਿਚ ਸ਼ਾਮਲ ਹੋ ਗਿਆ ਹੈ। ਇਹ ਤੀਜੀ ਵਾਰ ਹੈ, ਜਦੋਂ ਸੈਨਹੋਜ਼ੇ ਸ਼ਹਿਰ ਨੇ ਸਾਕਾ ਨਕੋਦਰ ਦਿਵਸ ਦੀ ਘੋਸ਼ਣਾ ਕੀਤੀ ਹੈ, ਜੋ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਤੋਂ ਇਨਕਾਰ ਕਰਨ ਬਾਰੇ ਵੱਧ ਰਹੀ ਜਾਗਰੂਕਤਾ ਅਤੇ ਚਿੰਤਾ ਨੂੰ ਦਰਸਾਉਂਦਾ ਹੈ।

ਇਹ ਅਹਿਮ ਕਦਮ ਪੀੜਤ ਪਰਿਵਾਰਾਂ ਵੱਲੋਂ ਸ਼ੁਰੂ ਕੀਤੀ ਗਲੋਬਲ ਜਾਗਰੂਕਤਾ ਮੁਹਿੰਮ ਦਾ ਹਿੱਸਾ ਹੈ, ਜੋ ਕਿ 1986 ਤੋਂ ਇਨਸਾਫ਼ ਲਈ ਲੜ ਰਹੇ ਹਨ। ਪਿਛਲੇ ਸਾਲ 4 ਫਰਵਰੀ ਨੂੰ ਅਮਰੀਕੀ ਕਾਂਗਰਸ ਵੂਮੈਨ ਜ਼ੋ ਲੋਫਗ੍ਰੇਨ ਨੇ ਸਾਕਾ ਨਕੋਦਰ ਨੂੰ ਮਾਨਤਾ ਦਿੰਦੇ ਹੋਏ ਅਮਰੀਕੀ ਕਾਂਗਰਸ ਵਿਚ ਹਾਊਸ ਰੈਜ਼ੋਲਿਊਸ਼ਨ 908 ਪੇਸ਼ ਕੀਤਾ ਸੀ। ਉਸ ਦਿਨ ਇਸ ਮਤੇ ਨੂੰ ਕਾਂਗਰਸ ਦੇ ਨੁਮਾਇੰਦਿਆਂ ਐਨਾ ਈਸ਼ੂ, ਜੌਹਨ ਰੇਮੰਡ ਗੈਰਾਮੇਂਡੀ ਅਤੇ ਡੇਵਿਡ ਜੀ ਵਾਲਾਡਾਓ ਦੁਆਰਾ ਸਹਿਯੋਗੀ ਕੀਤਾ ਗਿਆ ਸੀ। ਇਸ ਤੋਂ ਬਾਅਦ ਇਹ ਮਾਨਤਾ ਹੋਰ ਅਧਿਕਾਰੀਆਂ ਅਤੇ ਸੰਸਥਾਵਾਂ ਦੁਆਰਾ ਵਧਾਈ ਗਈ ਹੈ, ਜਿਸ ਵਿਚ ਯੂ.ਐੱਸ. ਕਾਂਗਰਸਮੈਨ ਰੋ ਖੰਨਾ, ਕੈਲੀਫੋਰਨੀਆ ਦੇ ਅਸੈਂਬਲੀ ਮੈਂਬਰ ਐਸ਼ ਕਾਲਰਾ, ਐਲੇਕਸ ਲੀ ਅਤੇ ਕਾਰਲੋਸ ਵਿਲਾਪੁਡੁਆ, ਕੈਲੀਫੋਰਨੀਆ ਰਾਜ ਦੇ ਸੈਨੇਟਰ ਡੇਵ ਕੋਰਟੇਸ ਅਤੇ ਸਿਟੀ ਐਂਡ ਕੌਂਸਲ ਆਫ਼ ਐਲਕ ਗਰੋਵ, ਲਿਵਿੰਗਸਟਨ, ਸੈਂਟਾ ਕਲਾਰਾ, ਮਨਟੀਕਾ, ਸਟਾਕਟਨ, ਮਿਲਪੀਟਸ, ਲੈਥਰੋਪ, ਕਰਮਨ, ਹੋਲੀਓਕ ਅਤੇ ਨੌਰਵਿਚ ਸ਼ਾਮਲ ਹਨ।

ਇਹ ਘੋਸ਼ਣਾ ਪੀੜਤਾਂ ਵਿਚੋਂ ਇੱਕ ਰਵਿੰਦਰ ਸਿੰਘ ਦੇ ਛੋਟੇ ਭਰਾ ਡਾ. ਹਰਿੰਦਰ ਸਿੰਘ ਨੇ ਪ੍ਰਾਪਤ ਕੀਤੀ। ਉਨ੍ਹਾਂ ਦੇ ਪਿਤਾ, ਬਾਪੂ ਬਲਦੇਵ ਸਿੰਘ ਦੀ ਤਰਫੋਂ ਪੜ੍ਹੇ ਗਏ ਇੱਕ ਬਿਆਨ ਵਿਚ, ਪਰਿਵਾਰਾਂ ਨੇ ਉਨ੍ਹਾਂ ਦੇ ਦਰਦ ਅਤੇ ਸਦਮੇ ਨੂੰ ਸਾਂਝਾ ਕੀਤਾ ਅਤੇ ਨਿਆਂ ਲਈ ਲੜਾਈ ਜਾਰੀ ਰੱਖਣ ਦੇ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਨੂੰ ਸਾਂਝਾ ਕੀਤਾ। ਪੀੜਤ ਪਰਿਵਾਰਾਂ ਨੂੰ ਉਮੀਦ ਹੈ ਕਿ ਇਹ ਮਾਨਤਾ ਉਨ੍ਹਾਂ ਨੂੰ ਨਿਆਂ ਪ੍ਰਾਪਤੀ ਅਤੇ ਆਪਣੇ ਅਜ਼ੀਜ਼ਾਂ ਦੇ ਨੁਕਸਾਨ ਲਈ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਲੜਾਈ ਵਿਚ ਮਦਦ ਕਰੇਗੀ।

## ਸੜਕ ਹਾਦਸੇ 'ਚ ਜ਼ਖਮੀ ਹੋਈ ਭਾਰਤੀ ਵਿਦਿਆਰਥਣ ਦੀ ਹਾਲਤ ਗੰਭੀਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਬੈਨਟੋਨਵਿਲੇ, ਅਰਕੰਸਾਸ ਨੇੜੇ ਇਕ ਰਾਸ਼ਟਰੀ ਮਾਰਗ ਉਪਰ ਪਿਛਲੇ ਮਹੀਨੇ ਕਾਰ ਨੂੰ ਪੇਸ਼ ਆਏ ਹਾਦਸੇ ਵਿਚ ਗੰਭੀਰ ਰੂਪ ਵਿਚ ਜ਼ਖਮੀ ਹੋਈ ਭਾਰਤੀ ਵਿਦਿਆਰਥਣ ਸ਼੍ਰੀ ਲੀਕਿਤਾ ਪਿਨਾਮ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਹ ਵਿਚੀਤਾ ਸਟੇਟ ਯੂਨੀਵਰਸਿਟੀ ਕਨਸਾਸ ਵਿਚ ਕੰਪਿਊਟਰ ਸਾਇੰਸ ਦੀ ਵਿਦਿਆਰਥਣ ਹੈ। ਕਾਰ ਵਿਚ ਉਸ ਦੀ ਇਕ ਸਹੇਲੀ ਵੀ ਸੀ, ਜਦਕਿ ਪਿਨਾਮ ਖੁਦ ਕਾਰ ਚਲਾ ਰਹੀ ਸੀ ਕਿ ਅਚਾਨਕ ਕਾਰ ਨਿਯੰਤਰਣ ਤੋਂ ਬਾਹਰ ਹੋ ਕੇ ਉਲਟ ਗਈ। ਪਿਨਾਮ ਦੇ ਸਿਰ 'ਚ ਗੰਭੀਰ ਸੱਟਾਂ ਲੱਗੀਆਂ ਤੇ ਉਹ ਬੇਹੋਸ਼ ਹੋ ਗਈ। ਉਹ ਉਤਰ ਪੱਛਮੀ ਅਰਕਨਸਾਸ ਦੇ ਮਰਸੀ ਹਸਪਤਾਲ ਵਿਚ ਦਾਖਲ ਹੈ।

# ਚੀਨ ਦੇ ਜਾਸੂਸੀ ਗੁਬਾਰਿਆਂ ਨੂੰ ਲੈ ਕੇ ਅਮਰੀਕਾ ਵੱਲੋਂ ਵੱਡਾ ਖੁਲਾਸਾ

■ ਡੇਗੇ ਗਏ 'ਜਾਸੂਸੀ ਗੁਬਾਰੇ' ਦੇ ਮਲਬੇ 'ਚ ਜਾਸੂਸੀ ਲਈ ਵਰਤੇ ਜਾਣ ਵਾਲੇ ਇਲੈਕਟ੍ਰਾਨਿਕ ਸੈਂਸਰ

**ਵਾਸ਼ਿੰਗਟਨ, (ਪੰਜਾਬ ਮੇਲ)**- ਚੀਨ ਦੇ ਜਾਸੂਸੀ ਗੁਬਾਰਿਆਂ ਨੂੰ ਲੈ ਕੇ ਅਮਰੀਕਾ ਨੇ ਵੱਡਾ ਖੁਲਾਸਾ ਕੀਤਾ ਹੈ। ਅਮਰੀਕਾ ਦਾ ਕਹਿਣਾ ਹੈ ਕਿ ਹਾਲ ਹੀ 'ਚ ਡੇਗੇ ਗਏ ਚੀਨ ਦੇ ਪਹਿਲੇ ਸ਼ੱਕੀ ਜਾਸੂਸੀ ਗੁਬਾਰੇ ਦਾ ਮਲਬਾ ਅਟਲਾਂਟਿਕ ਮਹਾਸਾਗਰ ਤੋਂ ਬਰਾਮਦ ਹੋਇਆ ਹੈ। ਜਾਸੂਸੀ ਵਿਚ ਵਰਤੇ ਜਾਣ ਵਾਲੇ ਇਲੈਕਟ੍ਰਾਨਿਕ ਸੈਂਸਰ ਇਸ ਮਲਬੇ ਵਿਚ ਸ਼ਾਮਲ ਹਨ। ਅਮਰੀਕੀ ਫੌਜ ਦੀ ਉੱਤਰੀ ਕਮਾਂਡ ਨੇ ਕਿਹਾ ਕਿ ਖੋਜੀ ਟੀਮ ਨੂੰ ਮੌਕੇ ਤੋਂ ਗੁਬਾਰੇ ਦਾ ਮਹੱਤਵਪੂਰਨ ਮਲਬਾ ਪ੍ਰਾਪਤ ਹੋਇਆ ਹੈ, ਜਿਸ ਵਿਚ ਸੈਂਸਰ ਅਤੇ ਇਲੈਕਟ੍ਰਾਨਿਕਸ ਟੁਕੜੇ ਸ਼ਾਮਲ ਹਨ।

ਬੀ.ਬੀ.ਸੀ. ਦੀ ਅਮਰੀਕੀ ਸਹਿਯੋਗੀ ਸੀ.ਬੀ.ਐੱਸ. ਨੇ ਕਿਹਾ ਕਿ ਮਲਬੇ ਤੋਂ ਪ੍ਰਾਪਤ ਵਸਤੂਆਂ ਵਿਚ ਲਗਭਗ 30-40 ਫੁੱਟ ਦਾ ਐਂਟੀਨਾ ਵੀ ਸ਼ਾਮਲ ਹੈ। ਸੰਘੀ ਜਾਂਚ ਬਿਊਰੋ ਉਨ੍ਹਾਂ ਵਸਤੂਆਂ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਬਾਰੇ ਅਮਰੀਕਾ ਨੇ ਕਿਹਾ ਸੀ ਕਿ ਇਨ੍ਹਾਂ ਦੀ ਵਰਤੋਂ ਸੰਵੇਦਨਸ਼ੀਲ ਫੌਜੀ ਸਥਾਨਾਂ ਦੀ ਜਾਸੂਸੀ ਕਰਨ ਲਈ ਕੀਤੀ ਗਈ ਸੀ। ਅਮਰੀਕਾ ਨੇ 4 ਫਰਵਰੀ ਨੂੰ ਪਹਿਲਾ ਗੁਬਾਰਾ ਡੇਗਿਆ, ਜਿਸ ਤੋਂ ਬਾਅਦ ਹੁਣ ਤੱਕ ਤਿੰਨ ਹੋਰ ਵਸਤੂਆਂ ਨੂੰ ਡੇਗਿਆ ਜਾ ਚੁੱਕਾ ਹੈ। ਚੀਨ ਨੇ ਪਿਛਲੇ ਦਿਨੀਂ ਇਸ ਵਿਸ਼ਾਲ ਗੁਬਾਰੇ ਨੂੰ ਡੇਗ ਦਿੱਤਾ ਸੀ ਤੇ ਦਾਅਵਾ ਕੀਤਾ ਸੀ ਕਿ ਇਸ ਗੁਬਾਰੇ ਦੀ ਵਰਤੋਂ ਮੌਸਮ ਨਾਲ ਜੁੜੀ ਜਾਣਕਾਰੀ ਇਕੱਠੀ ਕਰਨ ਲਈ ਕੀਤੀ ਜਾਂਦੀ ਸੀ। ਅਮਰੀਕਾ ਲਗਾਤਾਰ ਇਹ ਦਾਅਵਾ ਕਰਦਾ ਆ ਰਿਹਾ ਹੈ ਕਿ ਚੀਨ ਜਾਸੂਸੀ ਗੁਬਾਰਿਆਂ ਦੀ ਮਦਦ ਨਾਲ ਕਈ ਦੇਸ਼ਾਂ ਦੀ ਜਾਸੂਸੀ ਕਰ ਰਿਹਾ ਹੈ। ਐੱਫ.ਬੀ.ਆਈ. ਗੁਬਾਰੇ ਦੇ ਮਲਬੇ ਦੀ ਜਾਂਚ ਕਰ ਰਹੀ ਹੈ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਕੀ ਕਰਨ ਦੇ ਯੋਗ ਸੀ।

## ਪੁਲਿਸ ਨੇ ਕਾਲੇ ਵਿਅਕਤੀ ਦੀ ਬਿਮਾਰੀ ਦੀ ਪ੍ਰਵਾਹ ਕੀਤੇ ਬਗੈਰ ਤਾਕਤ ਦੀ ਵਰਤੋਂ ਕੀਤੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਪਿਛਲੇ ਮਹੀਨੇ ਉੱਤਰੀ ਕੈਰੋਲੀਨਾ 'ਚ ਪੁਲਿਸ ਵੱਲੋਂ ਗ੍ਰਿਫਤਾਰੀ ਵੇਲੇ 32 ਸਾਲਾ ਕਾਲੇ ਵਿਅਕਤੀ ਡੈਰੀਅਲ ਟਾਇਰ ਵਿਲੀਅਮਜ ਦੀ ਹੋਈ ਮੌਤ ਸਬੰਧੀ ਜਾਰੀ ਵੀਡੀਓ 'ਚ ਪੁਲਿਸ ਉਸ ਨਾਲ ਕਥਿਤ ਧੱਕੇਸ਼ਾਹੀ ਕਰਦੀ ਹੋਈ ਨਜ਼ਰ ਆ ਰਹੀ ਹੈ। ਵਿਲੀਅਮਜ਼ ਪੁਲਿਸ ਅਫਸਰਾਂ ਨੂੰ ਆਪਣੀ ਦਿਲ ਦੀ ਬਿਮਾਰੀ ਬਾਰੇ ਦੱਸਦਾ ਹੈ ਪਰੰਤੂ ਪੁਲਿਸ ਉਸ ਦੀ ਗੱਲ ਨਹੀਂ ਸੁਣਦੀ। ਵਿਲੀਅਮਜ਼ ਤੇ ਪੁਲਿਸ ਅਫਸਰਾਂ ਵਿਚਾਲੇ ਤਕਰਾਰ ਹੁੰਦੀ ਹੈ। ਬਾਅਦ ਵਿਚ ਪੁਲਿਸ ਜ਼ਮੀਨ ਉਪਰ ਡਿੱਗੇ ਹੋਏ ਵਿਲੀਅਮਜ਼ ਉਪਰ ਸਟਨ ਗੰਨ ਦੀ ਵਰਤੋਂ ਕਰਦੀ ਹੈ। ਇਸ ਦੇ ਇਕ ਘੰਟੇ ਬਾਅਦ ਹੀ ਹਸਪਤਾਲ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਦੀ ਇਕ ਰਿਪੋਰਟ ਅਨੁਸਾਰ ਖੜ੍ਹੀ ਕਾਰ ਵਿਚ ਵਿਲੀਅਮਜ਼ ਡਰਾਈਵਰ ਵਾਲੀ ਸੀਟ ਉਪਰ ਬੈਠਾ ਸੀ, ਜਦੋਂ ਪੁਲਿਸ ਅਫਸਰਾਂ ਨੇ ਉਸ ਦੀ ਕਾਰ ਵਿਚ ਸ਼ਰਾਬ ਦਾ ਖੁੱਲ੍ਹਾ ਹੋਇਆ ਕੰਟੇਨਰ ਤੇ ਭੰਗ ਵੇਖੀ। ਗ੍ਰਿਫਤਾਰੀ ਵੇਲੇ ਸਟਨ ਗੰਨ ਨਾਲ ਤਿੰਨ ਝਟਕੇ ਦੇਣ ਉਪਰੰਤ ਉਸ ਨੂੰ ਹੱਥਕੜੀ ਲਾਈ ਗਈ। ਇਸ ਮਾਮਲੇ ਦੀ ਰਲੀਘ ਪੁਲਿਸ ਵਿਭਾਗ ਜਾਂਚ ਕਰ ਰਿਹਾ ਹੈ, ਜਦਕਿ 6 ਪੁਲਿਸ ਅਫਸਰਾਂ ਨੂੰ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਵੀ ਮਾਮਲੇ ਦੀ ਜਾਂਚ ਕਰ ਰਿਹਾ ਹੈ।

## ਕੈਨੇਡਾ ਦੇ ਬਰੈਂਪਟਨ ਤੇ ਮਿਸੀਸਾਗਾ 'ਚ ਪਟਾਕਿਆਂ ਦੀ ਵਿਕਰੀ 'ਤੇ ਪਾਬੰਦੀ!

**ਬਰੈਂਪਟਨ, (ਪੰਜਾਬ ਮੇਲ)**- ਕੈਨੇਡਾ ਦੇ 2 ਵੱਡੇ ਸ਼ਹਿਰਾਂ 'ਚ ਪਟਾਕਿਆਂ ਦੀ ਵਿਕਰੀ 'ਤੇ ਪਾਬੰਦੀ ਨੂੰ ਲੈ ਕੇ ਭਾਰਤੀਆਂ ਨੇ ਨਾਰਾਜ਼ਗੀ ਜਤਾਈ ਹੈ। ਕੈਨੇਡਾ 'ਚ ਬਰੈਂਪਟਨ ਤੋਂ ਬਾਅਦ ਹਿੰਦੂ ਬਹੁਗਿਣਤੀ ਵਾਲੇ ਸ਼ਹਿਰ ਮਿਸੀਸਾਗਾ 'ਚ ਪਟਾਕਿਆਂ ਦੀ ਵਿਕਰੀ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਦੋਵੇਂ ਗ੍ਰੇਟਰ ਟੋਰਾਂਟੋ ਖੇਤਰ ਦੇ 10 ਸਭ ਤੋਂ ਵੱਡੇ ਸ਼ਹਿਰਾਂ ਵਿਚ ਹਨ। ਇੱਥੋਂ ਦੇ ਕਈ ਹੋਰ ਸ਼ਹਿਰ ਵੀ ਇਸੇ ਤਰ੍ਹਾਂ ਦੇ ਨਿਯਮ ਬਣਾਉਣ ਦੀ ਤਿਆਰੀ ਕਰ ਰਹੇ ਹਨ। ਓਨਟਾਰੀਓ ਸੂਬੇ ਦਾ ਮਿਸੀਸਾਗਾ ਸ਼ਹਿਰ, ਕੈਨੇਡਾ ਦਾ 7ਵਾਂ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ। ਇਸ ਦੀ 7 ਲੱਖ ਦੀ ਆਬਾਦੀ ਵਿਚ 70 ਹਜ਼ਾਰ ਭਾਰਤੀ ਹਨ। ਮਿਸੀਸਾਗਾ ਸਿਟੀ ਕੌਂਸਲ ਨੇ ਅਧਿਕਾਰੀਆਂ ਨੂੰ ਪਟਾਕਿਆਂ ਦੀ ਵਿਕਰੀ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਉਣ ਲਈ ਕਿਹਾ ਹੈ। ਇਸ ਦਾ ਕਾਰਨ ਮਿਸੀਸਾਗਾ 'ਚ ਪਿਛਲੇ ਸਾਲ ਦੀਵਾਲੀ 'ਤੇ ਪਟਾਕੇ ਚਲਾਉਣ ਨੂੰ ਲੈ ਕੇ ਹੋਇਆ ਵਿਵਾਦ ਸੀ।

## ਕੈਨੇਡਾ ਤੋਂ ਅਮਰੀਕਾ ਦਾਖਲ ਹੋ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ 'ਚ 700 ਫੀਸਦੀ ਦਾ ਵਾਧਾ

**ਵਰਮੌਂਟ, (ਪੰਜਾਬ ਮੇਲ)**- ਕੈਨੇਡਾ ਦੇ ਰਸਤੇ ਅਮਰੀਕਾ ਦਾਖ਼ਲ ਹੋ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿਚ 2022 ਦੌਰਾਨ 700 ਫ਼ੀ ਸਦੀ ਵਾਧਾ ਹੋਇਆ ਹੈ। ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ 42 ਹਜ਼ਾਰ ਤੋਂ ਵੱਧ ਪ੍ਰਵਾਸੀ ਅਮਰੀਕਾ ਦੇ ਉਤਰੀ ਬਾਰਡਰ ਤੋਂ ਨਾਜਾਇਜ਼ ਤਰੀਕੇ ਨਾਲ ਦਾਖ਼ਲ ਹੋਏ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿਚ ਇਕ ਭਾਰਤੀ ਪਰਿਵਾਰ ਵੀ ਸ਼ਾਮਲ ਸੀ, ਜੋ ਅੱਠ ਮਹੀਨੇ ਅਤੇ 2 ਸਾਲ ਦੇ ਬੱਚਿਆਂ ਦੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਮਾਈਨਸ 10 ਡਿਗਰੀ ਤਾਪਮਾਨ ਵਿਚ ਕੈਨੇਡਾ ਤੋਂ ਅਮਰੀਕਾ ਪੁੱਜਾ।




# ਅਮਰੀਕਾ 'ਚ 20 ਕਾਂਗਰਸਮੈਨਾਂ ਵੱਲੋਂ ਡੈਡਜ਼ ਕਾਕਸ ਦਾ ਗਠਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਡੈਮੋਕ੍ਰੇਟਿਕ ਸੰਸਦ ਮੈਂਬਰ ਜਿੰਮੀ ਗੋਮੇਜ਼ ਦੀ ਤਸਵੀਰ ਸੋਸ਼ਲ ਮੀਡੀਆ ਅਤੇ ਦੁਨੀਆ ਭਰ ਦੀਆਂ ਅਖ਼ਬਾਰਾਂ 'ਚ ਚਰਚਾ 'ਚ ਬਣੀ ਹੋਈ ਹੈ। ਦਰਅਸਲ ਉਹ ਆਪਣੇ 4 ਮਹੀਨੇ ਦੇ ਬੇਟੇ ਹਾਜ ਨਾਲ ਯੂ.ਐੱਸ. ਕੈਪੀਟਲ ਪਹੁੰਚਿਆ ਸੀ। ਜਿੰਮੀ ਗੋਮੇਜ਼ ਨੇ ਆਪਣੇ 19 ਕਾਂਗਰਸਮੈਨਾਂ ਨਾਲ ਮਿਲ ਕੇ ਕਾਂਗਰਸ ਦੇ ਡੈਡਜ਼ ਕਾਕਸ ਦਾ ਗਠਨ ਕੀਤਾ ਹੈ ਅਤੇ ਉਹ ਇਸ ਡੈਡਜ਼ ਕਾਕਸ ਦੀ ਅਗਵਾਈ ਕਰ ਰਹੇ ਹਨ।



ਰਿਪੋਰਟ ਮੁਤਾਬਕ ਕਾਂਗਰਸ ਦੇ ਡੈਡਜ਼ ਕਾਕਸ 'ਚ ਸ਼ਾਮਲ ਸਾਰੇ ਮੈਂਬਰ ਸਾਂਸਦ ਹੋਣ ਦੇ ਨਾਲ-ਨਾਲ ਬੱਚਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਸੰਭਾਲ ਰਹੇ ਹਨ। ਇਹ ਇੱਕ ਗੈਰ ਰਸਮੀ ਸਮੂਹ ਹੈ, ਜਿਸਦਾ ਉਦੇਸ਼ ਅਜਿਹੀਆਂ ਪਾਲਿਸੀਆਂ ਨੂੰ ਉਤਸ਼ਾਹਿਤ ਕਰਨਾ ਹੈ, ਜਿਵੇਂ ਕਿ ਸਾਰਿਆਂ ਲਈ ਅਦਾਇਗੀ ਛੁੱਟੀ, ਚਾਈਲਡ ਟੈਕਸ ਕ੍ਰੈਡਿਟ, ਪੈਟਰਨਿਟੀ ਲੀਵ, ਚਾਈਲਡ ਕੇਅਰ, ਮੈਡੀਕਲ ਲੀਵ ਅਤੇ ਪੇਡ ਫੈਮਲੀ ਲੀਵ ਸ਼ਾਮਲ ਹੈ। ਸਪੈਕਟ੍ਰਮ ਨਿਊਜ਼ ਨਾਲ ਇੱਕ ਇੰਟਰਵਿਊ ਵਿਚ ਗੋਮੇਜ਼ ਨੇ ਕਿਹਾ ਕਿ ਇੱਕ ਬੱਚਾ ਹੋਣ ਤੋਂ ਬਾਅਦ, ਬਹੁਤ ਸਾਰੇ ਮਾਪੇ ਬੱਚੇ ਦੀ ਦੇਖਭਾਲ ਕਰਨ ਵਿਚ ਅਸਮਰੱਥ ਹੁੰਦੇ ਹਨ, ਜਦੋਂ ਉਹ ਕੰਮ ਤੋਂ ਘਰ ਵਾਪਸ ਆਉਂਦੇ ਹਨ ਜਾਂ ਉਨ੍ਹਾਂ ਕੋਲ ਆਪਣੇ ਨਵਜੰਮੇ ਬੱਚੇ ਨਾਲ ਬਿਤਾਉਣ ਲਈ ਕਾਫ਼ੀ ਸਮਾਂ ਨਹੀਂ ਹੁੰਦਾ ਹੈ। ਗੋਮੇਜ਼ ਨੇ ਕਿਹਾ ਕਿ ਲੋਕ ਮੇਰੀ ਤਾਰੀਫ ਕਿਉਂ ਕਰ ਰਹੇ ਹਨ, ਜਦੋਂਕਿ ਔਰਤਾਂ ਕੁਦਰਤੀ ਤੌਰ 'ਤੇ ਅਜਿਹਾ ਹੀ ਕਰਦੀਆਂ ਹਨ।

ਕਾਂਗਰੇਸ਼ਨਲ ਡੈਡਜ਼ ਕਾਕਸ ਦਾ ਕਹਿਣਾ ਹੈ ਕਿ ਕੰਮ ਕਰਨ ਵਾਲੇ ਪਰਿਵਾਰਾਂ ਲਈ ਅਜਿਹੀਆਂ ਨੀਤੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਪਿਤਾਵਾਂ ਨੂੰ ਘਰ ਵਿਚ ਅਤੇ ਸਦਨ ਦੇ ਹਾਲ ਵਿਚ ਆਪਣਾ ਹਿੱਸਾ ਪਾਉਣ ਦੀ ਜ਼ਰੂਰਤ ਹੁੰਦੀ ਹੈ। ਸਾਰੇ ਪਿਤਾਵਾਂ ਨੂੰ ਸਾਡੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੀ ਲੋੜ ਹੈ। ਇਸ ਨਾਲ ਦੇਸ਼ ਦੇ ਮਜ਼ਦੂਰ ਪਰਿਵਾਰਾਂ ਦੀ ਜ਼ਿੰਦਗੀ 'ਚ ਬਦਲਾਅ ਆਵੇਗਾ। ਕਾਕਸ ਵਿਚ ਇਕਲੌਤੀ ਔਰਤ ਰਸ਼ੀਦਾ ਤਲੈਬ ਦਾ ਕਹਿਣਾ ਹੈ ਕਿ ਮੈਂ ਇਸ ਕਾਕਸ ਨੂੰ ਬਣਾਉਣ ਅਤੇ ਅਗਵਾਈ ਕਰਨ ਲਈ ਕਾਂਗਰਸਮੈਨ ਜਿੰਮੀ ਗੋਮੇਜ਼ ਦਾ ਧੰਨਵਾਦ ਕਰਦੀ ਹਾਂ। ਪਿਓ ਸਾਡੇ ਅਤੇ ਦੇਸ਼ ਭਰ ਦੇ ਪਰਿਵਾਰਾਂ ਦੇ ਜੀਵਨ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।


# ਬਰੈਂਪਟਨ 'ਚ ਪੰਜਾਬੀ ਨੌਜਵਾਨ ਕੁੜੀ ਵੱਲੋਂ ਖੁਦਕੁਸ਼ੀ

**ਬਰੈਂਪਟਨ, (ਪੰਜਾਬ ਮੇਲ)-** ਚੰਗੇ ਭਵਿੱਖ ਲਈ ਇਕ ਮਹੀਨਾ ਪਹਿਲਾਂ ਹੀ ਭਾਰਤ ਤੋਂ ਕੈਨੇਡਾ ਆਈ ਇਕ ਨੌਜਵਾਨ ਕੁੜੀ ਵੱਲੋਂ ਖ਼ੁਦਕੁਸ਼ੀ ਕਰਨ ਦੀ ਬਹੁਤ ਹੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਗੋ-ਫੰਡ ਮੀ ਪੇਜ਼ ਮੁਤਾਬਕ ਖੁਸ਼ਨੀਤ ਕੌਰ (20) ਇਕ ਮਹੀਨਾ ਪਹਿਲਾਂ ਹੀ ਕੈਨੇਡਾ ਆਈ ਸੀ ਪਰ ਕੈਨੇਡਾ ਆ ਕੇ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਗਈ। ਹਾਲਾਤ ਨਾਲ ਲੜਨ ਜਾਂ ਕਿਸੇ ਨਾਲ ਗੱਲ ਕਰਨ ਦੀ ਬਜਾਏ ਖੁਸ਼ਨੀਤ ਨੇ ਮੌਤ ਨੂੰ ਗਲੇ ਲਗਾ ਲਿਆ। ਉਥੇ ਹੀ, ਖੁਸ਼ਨੀਤ ਦੀ ਲਾਸ਼ ਨੂੰ ਉਸ ਦੇ ਘਰ ਭੇਜਣ ਲਈ ਗੋ-ਫੰਡ ਮੀ ਪੇਜ਼ 'ਤੇ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਇਥੇ ਦੱਸ ਦੇਈਏ ਕਿ ਖੁਸ਼ਨੀਤ ਕੌਰ ਭਾਰਤ ਦੇ ਉੱਤਰ ਪ੍ਰਦੇਸ਼ ਨਾਲ ਸਬੰਧਤ ਸੀ ਅਤੇ ਕੈਨੇਡਾ ਵਿਚ ਪੰਜਾਬੀਆਂ ਦੇ ਗੜ੍ਹ ਬਰੈਂਪਟਨ ਵਿਚ ਰਹਿ ਰਹੀ ਸੀ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਹਰ ਹਫ਼ਤੇ ਵੱਡੀ ਗਿਣਤੀ ਵਿਚ ਨੌਜਵਾਨ ਵੱਖ-ਵੱਖ ਕਾਰਨਾਂ ਕਰਕੇ ਮੌਤ ਦੇ ਮੂੰਹ ਵਿਚ ਜਾ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।



## ਅਮਰੀਕਾ 'ਚ ਦੋ ਵਿਦਿਆਰਥਣਾਂ ਵੱਲੋਂ ਕਾਲੀ ਵਿਦਿਆਰਥਣ 'ਤੇ ਕਾਲਾ ਪੇਂਟ ਮਲਣ ਤੇ ਨਸਲੀ ਟਿੱਪਣੀਆਂ ਕਰਨ ਦੀ ਵੀਡੀਓ ਵਾਇਰਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ 'ਚ ਫਿਲਾਡੈਲਫੀਆ ਦੇ ਇਕ ਹਾਈ ਸਕੂਲ ਦੀਆਂ ਦੋ ਵਿਦਿਆਰਥਣਾਂ ਵੱਲੋਂ ਇਕ ਕਾਲੀ ਵਿਦਿਆਰਥਣ ਦੇ ਚੇਹਰੇ ਉਪਰ ਕਾਲੇ ਰੰਗ ਦੀ ਸਪਰੇਅ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵਾਇਰਲ ਹੋਣ ਤੋਂ ਬਾਅਦ ਅਧਿਕਾਰੀਆਂ ਨੇ ਕਿਹਾ ਹੈ ਕਿ ਦੋਸ਼ੀ ਵਿਦਿਆਰਥੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਵੇਗੀ। ਇਹ ਵੀਡੀਓ ਸਕੂਲ ਤੋਂ ਬਾਹਰ ਬਣਾਈ ਗਈ ਹੈ। ਚੀਫ ਕਮਿਊਨੀਕੇਸ਼ਨ ਅਫਸਰ ਫਿਲਾਡੈਲਫੀਆ ਕੈਨਥ ਏ ਗਾਵਿਨ ਅਨੁਸਾਰ ਵੀਡੀਓ ਵਿਚਲੀਆਂ ਦੋ ਲੜਕੀਆਂ ਸੇਂਟ ਹੁਬਰਟ ਕੈਥੋਲਿਕ ਹਾਈ ਸਕੂਲ ਫਾਰ ਗਰਲਜ਼ ਦੀਆਂ ਹਨ, ਜਦਕਿ ਤੀਸਰੀ ਲੜਕੀ



**ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ।**

ਸਕੂਲ ਦੀ ਵਿਦਿਆਰਥਣ ਨਹੀਂ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਦੇ ਵਿਵਹਾਰ ਨੂੰ ਵੇਖਦਿਆਂ ਅਨੁਸ਼ਾਸਨੀ ਕਾਰਵਾਈ ਤਹਿਤ ਉਨ੍ਹਾਂ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਤੇ ਕੌਂਸਲਿੰਗ ਲਈ ਭੇਜਿਆ ਜਾ ਸਕਦਾ ਜਾਂ ਫਿਰ ਸਕੂਲ ਵਿਚੋਂ ਕੱਢਿਆ ਵੀ ਜਾ ਸਕਦਾ ਹੈ। ਇਕ ਵੱਖਰੇ ਬਿਆਨ ਵਿਚ ਫਰੈਂਕਲਿਨ ਟਾਊਨ ਚਾਰਟਰ ਹਾਈ ਸਕੂਲ ਨੇ ਕਿਹਾ ਹੈ ਕਿ ਵੀਡੀਓ ਵਿਚ ਨਜ਼ਰ ਆ ਰਹੀ ਸਕੂਲ ਦੀ ਸਾਬਕਾ ਵਿਦਿਆਰਥਣ ਜਾਂ ਹੋਰ ਕਿਸੇ ਵੀ ਵਿਦਿਆਰਥੀ ਜਿਸ ਨੇ ਅਜਿਹਾ ਭੱਦਾ ਵਿਵਿਹਾਰ ਕੀਤਾ ਹੈ, ਲਈ ਸਾਡੇ ਸਕੂਲ ਵਿਚ ਕੋਈ ਥਾਂ ਨਹੀਂ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿਚ ਇਕ ਲੜਕੀ ਇਕ ਹੋਰ ਲੜਕੀ ਦੇ ਚੇਹਰੇ 'ਤੇ ਕਾਲੇ ਰੰਗ ਦੀ ਸਪਰੇਅ ਕਰਦੀ ਹੋਈ ਨਜ਼ਰ ਆ ਰਹੀ ਹੈ ਤੇ ਨਾਲ ਹੀ ਕਹਿੰਦੀ ਹੈ ਕਿ ਤੂੰ ਕਾਲੀ ਹੈ, ਤੂੰ ਆਪਣੀਆਂ ਜੜ੍ਹਾਂ ਬਾਰੇ ਜਾਣਦੀ ਹੈ, ਤੂੰ ਗੁਲਾਮ ਤੋਂ ਵਧ ਕੁਝ ਨਹੀਂ ਹੈ। ਵੀਡੀਓ ਵਿਚ ਹੋਰ ਲੋਕ ਇਸ ਮੌਕੇ ਹੱਸਦੇ ਹੋਏ ਸੁਣਾਈ ਦਿੰਦੇ ਹਨ। ਲੜਕੀ ਜਿਸ ਦੇ ਕਾਲਖ ਮਲੀ ਗਈ, ਉਹ ਇਸ ਦੇ ਜਵਾਬ ਵਿਚ ਕਹਿੰਦੀ ਹੈ ਕਿ ਹਾਂ ਮੈ ਕਾਲੀ ਹਾਂ, ਮੈਨੂੰ ਇਸ ਉਪਰ ਮਾਣ ਹੈ।

# ਬ੍ਰਿਟੇਨ ਦੀਆਂ ਅਦਾਲਤਾਂ 'ਚ ਸਿੱਖਾਂ 'ਤੇ ਕਿਰਪਾਨ ਨੂੰ ਲੈ ਕੇ 'ਗੈਰ-ਕਾਨੂੰਨੀ' ਪਾਬੰਦੀ ਲੱਗਣ ਦਾ ਖਤਰਾ

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਵਿਚ ਪ੍ਰੈਕਟਿਸ ਕਰਨ ਵਾਲੇ ਸਿੱਖਾਂ 'ਤੇ ਕਿਰਪਾਨ ਨੂੰ ਲੈ ਕੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਇੰਗਲੈਂਡ ਅਤੇ ਵੇਲਸ ਵਿਚ ਅਦਾਲਤਾਂ ਅਤੇ ਟ੍ਰਿਬਿਊਨਲਸ ਵਿਚ ਐਂਟਰੀ ਕਰਨ 'ਤੇ ਗੈਰ-ਕਾਨੂੰਨੀ ਤੌਰ 'ਤੇ ਪਾਬੰਦੀ ਲਗਾਏ ਜਾਣ ਦਾ ਖ਼ਤਰਾ ਹੈ। ਦਿ ਗਾਰਜੀਅਨ ਨੇ ਦੱਸਿਆ ਕਿ ਸਿੱਖ ਵਕੀਲ ਜਸਕੀਰਤ ਸਿੰਘ ਗੁਲਸ਼ਨ ਨੇ ਕਿਰਪਾਨ ਨਾਲ ਸਬੰਧਤ ਅਦਾਲਤਾਂ ਅਤੇ ਟ੍ਰਿਬਿਊਨਲਸ ਦੀ ਸੁਰੱਖਿਆ ਨੀਤੀ ਨੂੰ ਇਕ ਮਾਮਲੇ ਵਿਚ ਚੁਣੌਤੀ ਦਿੱਤੀ, ਜਿਸਦੀ ਸੁਣਵਾਈ ਇਸ ਹਫ਼ਤੇ ਲਾਰਡ ਚੀਫ ਜਸਟਿਸ ਅਤੇ ਕੋਰਟ ਆਫ ਅਪੀਲ ਦੇ ਉਪ ਪ੍ਰਧਾਨ ਨੇ ਕੀਤੀ।

ਪ੍ਰੈਕਟਿਸ ਕਰਨ ਵਾਲੇ ਜਾਂ ਅੰਮ੍ਰਿਤਧਾਰੀ ਸਿੱਖਾਂ ਨੂੰ ਭਰੋਸੇ ਦੇ ਹੋਰ ਲੇਖਾਂ ਨਾਲ ਹਰ ਸਮੇਂ ਕਿਰਪਾਨ ਲਿਜਾਣ ਦੀ ਲੋੜ ਹੁੰਦੀ ਹੈ। ਈਲਿੰਗ ਮੈਜਿਸਟ੍ਰੇਟ ਕੋਰਟ ਨੇ ਅਪਮਾਨਿਤ ਮਹਿਸੂਸ ਕਰਨ ਤੋਂ ਬਾਅਦ ਗੁਲਸ਼ਨ ਨੇ ਕਾਨੂੰਨੀ ਲੜਾਈ ਸ਼ੁਰੂ ਕੀਤੀ, ਜਿਥੇ ਉਨ੍ਹਾਂ ਨੂੰ 2021 ਵਿਚ ਕਿਰਪਾਨ ਹਟਾਉਣ ਤੱਕ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਉਨ੍ਹਾਂ ਕੋਲ 8 ਇੰਚ ਦੀ ਲੰਬਾਈ ਵਾਲੀ ਕਿਰਪਾਨ ਸੀ ਅਤੇ ਬਲੇਡ ਦੀ ਲੰਬਾਈ 4 ਇੰਚ ਸੀ, ਜੋ ਉਨ੍ਹਾਂ ਦੇ ਮੁਤਾਬਕ ਇਜਾਜ਼ਤ ਸੀਮਾ ਦੇ ਅੰਦਰ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਿੱਖਾਂ ਨੂੰ ਅਦਾਲਤ ਜਾਂ ਟ੍ਰਿਬਿਊਨਲ ਦੀ ਇਮਾਰਤ ਵਿਚ ਕਿਰਪਾਨ ਲਿਆਉਣ ਦੀ ਇਜਾਜ਼ਤ ਹੈ, ਜੇਕਰ ਕੁੱਲ ਲੰਬਾਈ 6 ਇੰਚ ਤੋਂ ਵੱਧ ਨਾ ਹੋਵੇ ਅਤੇ ਬਲੇਡ ਦੀ ਲੰਬਾਈ 5 ਇੰਚ ਤੋਂ ਵੱਧ ਨਾ ਹੋਵੇ। ਪਰ ਗੁਲਸ਼ਨ ਦੇ ਅਨੁਸਾਰ, ਇਹ ਮਾਪ ਸਰੀਰਕ ਤੌਰ 'ਤੇ ਅਸੰਭਵ ਹਨ, ਕਿਉਂਕਿ 4 ਇੰਚ ਬਲੇਡ ਵਾਲੀ ਕਿਰਪਾਨ ਵਿਚ ਹੈਂਡਲ ਅਤੇ ਮਿਆਨ ਲਈ 2 ਇੰਚ ਨਹੀਂ ਹੋ ਸਕਦੇ।






With Deep Sorrow We Inform the
Sad Demise of our Beloved Mother
LATE MRS. JAGAN DEVI
Prayer Meeting for the departed Soul
FUNERAL SERVICE
Wednesday, 15th February 2023
at 11:00 am
Sacramento Memorial Home
6100 Stockton Blvd
Sacramento, CA
The Funeral Service will be immediately followed by
Path, Bhog and Langar Sewa
Gurudwara Dashmesh Darbar Sahib Sacramento
7733 ELK Grove Florin Rd, Sacramento,
CA 95829

For Enquiries Please Contact
Surinder Kumar Bagga 916 678 9312
Kamal Bagga 916 896 4134
Sandeep Jony Bagga 916 912 8842
Rohit Bagga 916 678 9312

## ਸ਼ੋਕ ਸਮਾਚਾਰ

# ਬੱਗਾ ਫੈਮਿਲੀ ਨੂੰ ਸਦਮਾ : ਮਾਤਾ ਜਗਨ ਦੇਵੀ ਸਵਰਗਵਾਸ



ਮਾਤਾ ਜਗਨ ਦੇਵੀ

**ਸੈਕਰਾਮੈਂਟੋ, (ਪੰਜਾਬ ਮੇਲ)-** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮਾਤਾ ਜਗਨ ਦੇਵੀ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਕੇ ਪਰਲੋਕ ਸਿਧਾਰ ਗਏ ਹਨ। ਉਹ ਪਿਛਲੇ ਕਾਫੀ ਸਮੇਂ ਤੋਂ ਅਮਰੀਕਾ ਰਹਿ ਰਹੇ ਸਨ।


ਉਹ ਆਪਣੇ ਪਿੱਛੇ ਭਰੇ-ਪੂਰੇ ਪਰਿਵਾਰ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ। ਮਾਤਾ ਜਗਨ ਦੇਵ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 15 ਫਰਵਰੀ, ਦਿਨ ਬੁੱਧਵਾਰ, ਸਵੇਰੇ 11 ਵਜੇ Sacramento Memorial Home, 6100, Stocton Blvd. Sacramento, CA ਵਿਖੇ ਹੋਵੇਗਾ। ਉਪਰੰਤ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਦਸ਼ਮੇਸ਼ ਦਰਬਾਰ ਸਾਹਿਬ, ਸੈਕਰਾਮੈਂਟੋ 7733 Elk Grove Florin Rd. Sacramento, CA 95829 ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੁਰਿੰਦਰ ਕੁਮਾਰ ਬੱਗਾ : 916-678-9312, ਕਮਲ ਬੱਗਾ : 916-896-4134 ਜਾਂ ਸੰਦੀਪ ਜੌਨੀ ਬੱਗਾ : 916-912-8842 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇਮਰਾਨ ਵੱਲੋਂ ਅਮਰੀਕਾ ਨੂੰ 'ਕਲੀਨ ਚਿੱਟ' : ਅਹੁਦੇ ਤੋਂ ਲਾਂਭੇ ਕਰਨ ਦੀ ਸਾਜ਼ਿਸ਼ ਲਈ ਸਾਬਕਾ ਫੌਜ ਮੁਖੀ ਬਾਜਵਾ ਨੂੰ ਠਹਿਰਾਇਆ ਜ਼ਿੰਮੇਵਾਰ



**ਲਾਹੌਰ, (ਪੰਜਾਬ ਮੇਲ)-** ਕਈ ਮਹੀਨੇ ਦੇ ਦੋਸ਼ਾਂ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਮਰੀਕਾ ਨੂੰ ਹੁਣ 'ਕਲੀਨ ਚਿੱਟ' ਦੇ ਦਿੱਤੀ ਹੈ, ਤੇ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਸਾਜ਼ਿਸ਼ ਲਈ ਸਾਬਕਾ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਪਰੈਲ ਵਿਚ ਇਮਰਾਨ ਨੂੰ ਬੇਭਰੋਸਗੀ ਮਤੇ ਰਾਹੀਂ ਸੱਤਾ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਪੀ.ਟੀ.ਆਈ. ਚੇਅਰਮੈਨ ਨੇ ਇਹ ਟਿੱਪਣੀਆਂ ਇਕ ਇੰਟਰਵਿਊ ਤੇ ਕਈ ਟੀ.ਵੀ. ਭਾਸ਼ਣਾਂ ਵਿਚ ਕੀਤੀਆਂ ਹਨ। ਇਮਰਾਨ ਨੇ ਕਿਹਾ ਹੈ ਕਿ ਪਾਕਿਸਤਾਨ ਦੀਆਂ ਸਾਰੀਆਂ ਵਰਤਮਾਨ ਮੁਸ਼ਕਲਾਂ ਲਈ ਬਾਜਵਾ ਜ਼ਿੰਮੇਵਾਰ ਹਨ। ਇਮਰਾਨ ਨੇ ਕਿਹਾ, 'ਜੋ ਸਬੂਤ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਕ ਜਨਰਲ ਬਾਜਵਾ ਨੇ ਅਮਰੀਕੀਆਂ ਨੂੰ ਇਹ ਦੱਸਿਆ ਕਿ ਮੈਂ ਅਮਰੀਕਾ-ਵਿਰੋਧੀ ਹਾਂ। ਮੈਨੂੰ ਅਹੁਦੇ ਤੋਂ ਲਾਹੁਣ ਦੀ ਸਾਜ਼ਿਸ਼ ਇੱਥੋਂ ਬਣਾ ਕੇ ਉੱਥੇ ਭੇਜੀ ਗਈ।'

## ਪਾਕਿਸਤਾਨ 'ਚ ਪਹਿਲੀ ਹਿੰਦੂ ਲੜਕੀ ਸਹਾਇਕ ਕਮਿਸ਼ਨਰ ਤੇ ਪ੍ਰਸ਼ਾਸਕ ਨਿਯੁਕਤ



**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਦੀ ਪਹਿਲੀ ਹਿੰਦੂ ਮਹਿਲਾ ਲੋਕਸੇਵਕ ਕਹੀ ਜਾਣ ਵਾਲੀ ਇਕ ਡਾਕਟਰ ਨੂੰ ਪੰਜਾਬ ਸੂਬੇ ਦੇ ਹਸਨਅਬਦਾਲ ਸ਼ਹਿਰ ਵਿਚ ਸਹਾਇਕ ਕਮਿਸ਼ਨਰ ਤੇ ਪ੍ਰਸ਼ਾਸਕ ਵਜੋਂ ਨਿਯੁਕਤ ਕੀਤਾ ਗਿਆ ਹੈ। ਇਹ ਸ਼ਹਿਰ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਮੀਡੀਆ 'ਚ ਸੋਮਵਾਰ ਨੂੰ ਆਈਆਂ ਖ਼ਬਰਾਂ ਤੋਂ ਇਹ ਜਾਣਕਾਰੀ ਮਿਲੀ। ਡਾਕਟਰ ਸਨਾ ਰਾਮਚੰਦ ਗੁਲਵਾਨੀ (27) ਸੈਂਟਰਲ ਸਪੀਰੀਅਰ ਸਰਵਿਸਿਜ਼ (ਸੀ.ਐੱਸ.ਐੱਸ.) ਪ੍ਰੀਖਿਆ 2020 ਪਾਸ ਕਰਨ ਤੋਂ ਬਾਅਦ ਪਾਕਿਸਤਾਨ ਪ੍ਰਸ਼ਾਸਨਿਕ ਸੇਵਾ (ਪੀ.ਏ.ਐੱਸ) 'ਚ ਸ਼ਾਮਲ ਹੋਈਆਂ।




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਕੈਨੇਡਾ ਦੇ ਵੀਜ਼ਾ ਤੋਂ ਇਨਕਾਰ ਹੋਣ ਦੀ ਸੰਭਾਵਨਾ ਘਟੀ

**■ 'ਓਵਰ ਸਟੇਅ' ਦੇ ਸ਼ੱਕ ਨੂੰ ਵੱਡਾ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ : ਟਰੂਡੋ**

ਟੋਰਾਂਟੋ, (ਪੰਜਾਬ ਮੇਲ)-ਕੈਨੇਡਾ ਦਾ ਵੀਜ਼ਾ ਅਪਲਾਈ ਕਰਨ ਵਾਲੇ ਬਹੁਤ ਸਾਰੇ ਅਰਜ਼ੀਕਰਤਾਵਾਂ ਨੂੰ ਹਰੇਕ ਸਾਲ ਇਸ ਕਰਕੇ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ ਕਿਉਂਕਿ ਵੀਜ਼ਾ ਅਫ਼ਸਰਾਂ ਵਲੋਂ ਅਕਸਰ ਘੜਿਆ-ਘੜਾਇਆ ਜਵਾਬ ਦੇ ਦਿੱਤਾ ਜਾਂਦਾ ਹੈ ਕਿ ਜੇਕਰ ਵੀਜ਼ਾ ਦੇ ਦਿੱਤਾ ਤਾਂ ਉਹ ਵਾਪਸ ਨਹੀਂ ਪਰਤਣਗੇ ਜਾਂ ਲੰਬਾ ਸਮਾਂ ਉਥੇ ਰੁਕੇ ਰਹਿਣਗੇ। ਅਫ਼ਸਰਾਂ ਦੇ ਇਸ ਵਤੀਰੇ ਵਿਚ ਤਬਦੀਲੀ ਆਉਣ ਦੀ ਸੰਭਾਵਨਾ ਬਣੀ ਹੈ ਕਿਉਂਕਿ ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖ ਦਿੱਤਾ ਹੈ



ਕਿ 'ਓਵਰ ਸਟੇਅ' ਦੇ ਸ਼ੱਕ ਨੂੰ ਵੱਡਾ ਮੁੱਦਾ ਨਹੀਂ ਬਣਾਇਆ ਜਾਣਾ ਚਾਹੀਦਾ। ਰਾਜਧਾਨੀ ਓਟਵਾ 'ਚ ਦੋ ਕੁ ਦਰਜਨ ਨਰਸਿੰਗ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਿਦਆਂ ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ ਸਿਸਟਮ ਵਿਚ ਵੀਜ਼ਾ ਅਰਜ਼ੀ ਦਾ ਨਿਰੀਖਣ ਕਰਦੇ ਸਮੇਂ ਨਰਮ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ।

ਟਰੂਡੋ ਨੇ ਕਿਹਾ ਕਿ ਅਰਜ਼ੀਕਰਤਾ ਕੋਲ਼ ਆਪਣੇ ਦੇਸ਼ 'ਚ ਘਰ, ਚੰਗੀ ਨੌਕਰੀ ਅਤੇ ਸਥਾਪਤੀ ਹੋਵੇ ਤਾਂ ਵੀਜ਼ਾ ਅਫ਼ਸਰਾਂ ਦੀ ਤਸੱਲੀ ਹੋ ਜਾਂਦੀ ਹੈ ਪਰ ਪਰਿਵਾਰਕ ਤੌਰ 'ਤੇ ਕੈਨੇਡਾ ਵਿਚ ਆਉਣ ਦੇ ਚਾਹਵਾਨ ਲੋਕਾਂ ਦੀਆਂ ਅਰਜ਼ੀਆਂ ਨੂੰ ਆਮ ਤੌਰ 'ਤੇ ਪਰਖ ਦੀਆਂ ਘੜੀਆਂ 'ਚੋਂ ਲੰਘਾਇਆ ਜਾਂਦਾ ਹੈ, ਜਦਕਿ ਵਿਦੇਸ਼ 'ਚ ਰਹਿੰਦੇ ਮਾਤਾ ਅਤੇ ਪਿਤਾ ਨੂੰ ਕੈਨੇਡਾ ਵਿਚ ਆਪਣੀ ਔਲਾਦ ਕੋਲ ਜਾਣ ਲਈ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਨਾ ਉਚਿਤ ਨਹੀਂ ਹੈ ਕਿਉਂਕਿ ਪਰਿਵਾਰਕ ਸਨੇਹ ਦੀ ਕੋਈ ਸੀਮਾ ਨਹੀਂ ਹੁੰਦੀ। ਇਸ ਮੌਕੇ ਕੁਝ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਟਰੂਡੋ ਨੂੰ ਵੀਜ਼ਾ ਬਾਰੇ ਆਪਣੀਆਂ ਦਿੱਕਤਾਂ ਤੋਂ ਜਾਣੂੰ ਵੀ ਕਰਵਾਇਆ।

ਟਰੂਡੋ ਨੇ ਆਖਿਆ ਕਿ ਇਮੀਗ੍ਰੇਸ਼ਨ ਵਿਭਾਗ ਨੂੰ ਵੀਜ਼ਾ ਅਰਜ਼ੀਆਂ ਉਪਰ ਵਿਚਾਰ ਕਰਦੇ ਸਮੇਂ ਹਮਦਰਦੀ ਵਾਲੀ ਪਹੁੰਚ ਅਪਨਾਉਣ ਬਾਰੇ ਕਿਹਾ ਜਾ ਚੁੱਕਾ ਹੈ ਅਤੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਵਧੀਆ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਕੈਨੇਡਾ ਨੂੰ ਇਮੀਗ੍ਰੇਸ਼ਨ ਪ੍ਰਤੀ ਹਾਂਪੱਖੀ ਰਵੱਈਆ ਧਾਰਨ ਕਰਨਾ ਪਵੇਗਾ ਕਿਉਂਕਿ ਦੇਸ਼ ਵਿਚ ਸਿੱਖਿਅਤ ਅਤੇ ਕਿਰਤੀ ਕਾਮਿਆਂ ਦੀ ਘਾਟ ਹੈ ਅਤੇ ਕੈਨੇਡਾ ਵਾਸੀ ਭਲੀਭਾਂਤ ਸਮਝਦੇ ਹਨ ਕਿ ਦੇਸ਼ ਦੀ ਆਰਥਿਕਤਾ ਨੂੰ ਚੱਲਦਾ ਰੱਖਣ ਲਈ ਇਮੀਗ੍ਰੇਸ਼ਨ ਸਾਡੀ ਜ਼ਰੂਰਤ ਹੈ। ਮੰਤਰੀ ਫਰੇਜ਼ਰ ਨੇ ਆਖਿਆ ਹੈ ਕਿ ਕੈਨੇਡਾ ਰਹਿ ਰਹੇ ਲੋਕਾਂ ਦੇ ਵਿਦੇਸ਼ਾਂ ਤੋਂ ਪਰਿਵਾਰਕ ਜੀਆਂ ਅਤੇ ਰਿਸ਼ਤੇਦਾਰਾਂ ਨੂੰ ਵੀਜ਼ਾ ਜਾਰੀ ਕਰਨ ਸਮੇਂ ਨਰਮ ਪਹੁੰਚ ਅਪਣਾਏ ਜਾਣ ਬਾਰੇ ਮੰਤਰਾਲੇ ਵਲੋਂ ਕੰਮ ਚੱਲ ਰਿਹਾ ਹੈ।

# ਲਖੀਮਪੁਰ ਖੀਰੀ ਮਾਮਲਾ: ਅਦਾਲਤ 'ਚ ਮੌਜੂਦ ਰਹਿਣਗੇ ਮੁਲਜ਼ਮ, ਪੀੜਤਾਂ ਦੇ ਨੁਮਾਇੰਦੇ ਤੇ ਵਕੀਲ

**■ ਸੁਪਰੀਮ ਕੋਰਟ ਵੱਲੋਂ ਪੀੜਤਾਂ ਦੇ ਵਕੀਲ ਦੀ ਅਪੀਲ 'ਤੇ ਹੁਕਮ ਜਾਰੀ**

ਨਵੀਂ ਦਿੱਲੀ, (ਪੰਜਾਬ ਮੇਲ)-ਸੁਪਰੀਮ ਕੋਰਟ ਨੇ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਕੇਸਾਂ ਦੇ ਟਰਾਇਲ ਦੌਰਾਨ ਮੁਲਜ਼ਮਾਂ, ਪੀੜਤਾਂ ਦੇ ਨੁਮਾਇੰਦਿਆਂ ਤੇ ਉਨ੍ਹਾਂ ਦੇ ਵਕੀਲਾਂ ਤੋਂ ਛੁੱਟ ਕੋਰਟ ਵਿਚ ਹੋਰ ਕੋਈ ਵੀ ਮੌਜੂਦ ਨਹੀਂ ਰਹੇਗਾ। ਇਨ੍ਹਾਂ ਵਿਚੋਂ ਇਕ ਕੇਸ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਮੁਲਜ਼ਮ ਹੈ, ਜੋ ਹਾਲ ਦੀ ਘੜੀ ਜ਼ਮਾਨਤ 'ਤੇ ਜੇਲ੍ਹ 'ਚੋਂ ਬਾਹਰ ਹੈ। ਸੁਪਰੀਮ ਕੋਰਟ ਨੇ ਉਪਰੋਕਤ ਹੁਕਮ ਪੀੜਤਾਂ (ਕਿਸਾਨਾਂ) ਦੇ ਵਕੀਲ ਦੇ ਉਸ ਦਾਅਵੇ ਮਗਰੋਂ ਕੀਤੇ ਹਨ, ਜਿਸ ਵਿਚ ਕਿਹਾ ਗਿਆ ਸੀ ਕਿ ਟਰਾਇਲ ਕੋਰਟ ਦੀ ਕਾਰਵਾਈ ਦੌਰਾਨ ਆਸ਼ੀਸ਼ ਮਿਸ਼ਰਾ ਦੇ ਵੱਡੀ ਗਿਣਤੀ ਹਮਾਇਤੀ ਮੌਜੂਦ ਰਹਿੰਦੇ ਹਨ, ਜਿਸ ਕਰਕੇ 'ਡਰਾਉਣ ਧਮਕਾਉਣ' ਵਾਲਾ ਮਾਹੌਲ ਬਣਿਆ ਰਹਿੰਦਾ ਹੈ। ਹਾਲਾਂਕਿ ਬਚਾਅ ਧਿਰ ਦੇ ਵਕੀਲ ਨੇ ਇਸ ਦਾਅਵੇ ਨੂੰ ਇਹ ਕਹਿ ਕੇ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਕਿ ਸੁਣਵਾਈ ਦੌਰਾਨ ਪੀੜਤ ਧਿਰ ਵੱਲੋਂ ਵਧੇਰੇ ਲੋਕ ਆਉਂਦੇ ਹਨ। ਵਕੀਲ ਨੇ ਕੋਰਟ ਦੀ ਕਾਰਵਾਈ ਕੈਮਰੇ ਦੀ ਨਿਗਰਾਨੀ ਹੇਠ ਚਲਾਉਣ ਦਾ ਵੀ ਸੁਝਾਅ ਦਿੱਤਾ। ਬੈਂਚ ਵਿਚ ਸ਼ਾਮਲ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਜੇ.ਕੇ. ਮਹੇਸ਼ਵਰੀ ਨੇ ਕਿਹਾ, "ਟਰਾਇਲ ਦੀ ਕਾਰਵਾਈ ਨੂੰ ਸੁਖਾਲੇ ਢੰਗ ਅਤੇ ਬਿਨਾਂ ਕਿਸੇ ਅੜਿੱਕੇ ਦੇ ਚਲਾਉਣ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਦੋਵਾਂ ਐੱਫ.ਆਈ.ਆਰ. ਦੇ ਮੁਲਜ਼ਮ ਵਿਅਕਤੀ, ਪੀੜਤਾਂ ਜਾਂ ਸ਼ਿਕਾਇਤਕਰਤਾ ਦਾ ਇਕ ਨੁਮਾਇੰਦਾ ਹੀ ਕੋਰਟ ਦੀ ਕਾਰਵਾਈ ਦੌਰਾਨ ਆਪਣੇ ਵਕੀਲ ਨਾਲ ਹਾਜ਼ਰ ਰਹੇਗਾ।" ਉਧਰ ਪੀੜਤ ਪਰਿਵਾਰਾਂ ਵੱਲੋਂ ਪੇਸ਼ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਗਵਾਹਾਂ ਨੂੰ ਸੰਮਨਾਂ ਦੀ ਤਾਮੀਲ ਕੋਰਟ ਵਿਚ ਕੇਸ ਦੀ ਸੁਣਵਾਈ ਵਾਲੇ ਦਿਨ ਤੋਂ ਬਾਅਦ ਕੀਤੀ ਜਾ ਰਹੀ ਹੈ। ਭੂਸ਼ਣ ਨੇ ਕਿਹਾ ਕਿ ਸਿਖਰਲੀ ਕੋਰਟ ਨੇ ਆਪਣੇ ਪਿਛਲੇ ਹੁਕਮਾਂ ਵਿਚ ਕਿਹਾ ਸੀ ਕਿ ਮੁਲਜ਼ਮ ਸਿੱਧੇ ਜਾਂ ਅਸਿੱਧੇ ਰੂਪ ਵਿਚ ਗਵਾਹਾਂ ਨੂੰ ਅਸਰਅੰਦਾਜ਼ ਨਾ ਕਰਨ।

# ਡੇਰਾ ਸਿਰਸਾ ਮੁਖੀ ਦੀ ਪੈਰੋਲ ਵਿਰੁੱਧ ਐੱਸ.ਜੀ.ਪੀ.ਸੀ. ਦੀ ਪਟੀਸ਼ਨ 'ਤੇ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਡੇਰਾ ਮੁਖੀ ਨੂੰ ਦਿੱਤੀ ਪੈਰੋਲ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਹਾਈ ਕੋਰਟ ਨੇ ਡੇਰਾ ਮੁਖੀ, ਹਰਿਆਣਾ ਸਰਕਾਰ ਅਤੇ ਹੋਰ ਬਚਾਅ ਪੱਖ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਡੇਰਾ ਮੁਖੀ ਨੂੰ ਦਸਤੀ ਨੋਟਿਸ ਭੇਜਿਆ ਹੈ। ਹਾਈ ਕੋਰਟ ਦੇ ਜਸਟਿਸ ਏ.ਜੀ. ਮਸੀਹ ਅਤੇ ਜਸਟਿਸ ਵਿਕਰਮ ਅਗਰਵਾਲ ਨੇ ਸਾਰੇ ਬਚਾਅ ਪੱਖ ਨੂੰ 17 ਫਰਵਰੀ ਨੂੰ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਪਟੀਸ਼ਨ 'ਚ ਹਰਿਆਣਾ ਦੇ ਮੁੱਖ ਸਕੱਤਰ, ਗ੍ਰਹਿ ਸਕੱਤਰ, ਕਮਿਸ਼ਨਰ ਰੋਹਤਕ, ਪੁਲਿਸ ਡਾਇਰੈਕਟਰ ਜਨਰਲ, ਪੰਜਾਬ ਦੇ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ, ਕੇਂਦਰੀ ਗ੍ਰਹਿ ਸਕੱਤਰ, ਜੇਲ੍ਹ ਸੁਪਰਡੈਂਟ ਸੁਨਾਰੀਆ, ਡੀ.ਸੀ. ਰੋਹਤਕ ਅਤੇ ਡੇਰਾ ਮੁਖੀ ਗੁਰਮੀਤ ਸਿੰਘ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ। ਐੱਸ.ਜੀ.ਪੀ.ਸੀ. ਵੱਲੋਂ ਦਾਇਰ ਪਟੀਸ਼ਨ ਵਿਚ ਡਵੀਜ਼ਨਲ ਕਮਿਸ਼ਨਰ ਰੋਹਤਕ ਵੱਲੋਂ ਪੈਰੋਲ ਦੇਣ ਵਿਚ ਵਿਧਾਨਿਕ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਹੈ।

ਸ਼੍ਰੋਮਣੀ ਕਮੇਟੀ ਨੇ 20 ਜਨਵਰੀ ਨੂੰ ਗੁਰਮੀਤ ਸਿੰਘ ਨੂੰ 40 ਦਿਨਾਂ ਦੀ ਪੈਰੋਲ ਦੇਣ ਵਾਲੇ ਕਮਿਸ਼ਨਰ ਰੋਹਤਕ ਦੇ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਹੈ ਕਿ ਇਹ ਹਰਿਆਣਾ ਵਰਚੂਅਸ ਪ੍ਰਿਜ਼ਨਰਜ਼ (ਆਰਜ਼ੀ ਰਿਹਾਈ) ਐਕਟ 2022 ਦੀ ਧਾਰਾ 11 ਦੇ ਉਪਬੰਧਾਂ ਦੇ ਵਿਰੁੱਧ ਹੈ।

ਪੈਰੋਲ ਦੀ ਮਿਆਦ ਦੌਰਾਨ ਗੁਰਮੀਤ ਸਿੰਘ ਦੇ ਗੈਰ-ਕਾਨੂੰਨੀ ਬਿਆਨਾਂ ਅਤੇ ਗਤੀਵਿਧੀਆਂ ਤੋਂ ਨਿਕਲਣ ਵਾਲੇ ਖ਼ਤਰਨਾਕ ਨਤੀਜਿਆਂ ਬਾਰੇ ਪਟੀਸ਼ਨ ਰਾਹੀਂ ਅਦਾਲਤ ਨੂੰ ਜਾਣੂ ਕਰਵਾਇਆ ਗਿਆ ਹੈ। ਐੱਸ.ਜੀ.ਪੀ.ਸੀ. ਨੇ ਪਟੀਸ਼ਨ ਵਿਚ ਕਿਹਾ ਹੈ ਕਿ ਇਹ ਪੈਰੋਲ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਖ਼ਤਰਾ ਹੈ ਅਤੇ ਦੇਸ਼ ਵਿਚ ਜਨਤਕ ਸਦਭਾਵਨਾ, ਸ਼ਾਂਤੀ ਅਤੇ ਸਮਾਜਿਕ ਤਾਣੇ-ਬਾਣੇ ਨੂੰ ਕਾਇਮ ਰੱਖਣ ਲਈ ਖ਼ਤਰਾ ਹੈ।

ਪਟੀਸ਼ਨ ਮੁਤਾਬਕ ਕਤਲ ਅਤੇ ਜਬਰ-ਜ਼ਨਾਹ ਵਰਗੇ ਮਾਮਲਿਆਂ 'ਚ ਸਜ਼ਾ ਕੱਟ ਰਹੇ ਗੁਰਮੀਤ ਸਿੰਘ ਨੂੰ ਪੈਰੋਲ ਦੇਣਾ ਹਰਿਆਣਾ ਸਰਕਾਰ ਦੀ ਆਪਣੀ ਨੀਤੀ ਦੇ ਖ਼ਿਲਾਫ਼ ਹੈ। ਪਟੀਸ਼ਨ ਮੁਤਾਬਕ ਗੁਰਮੀਤ ਅਦਾਲਤਾਂ ਦੇ ਤਿੰਨ ਹੁਕਮਾਂ ਤਹਿਤ ਸਜ਼ਾ ਕੱਟ ਰਿਹਾ ਹੈ ਪਰ ਪੈਰੋਲ 'ਤੇ ਰਿਹਾਈ ਦੇ ਹੁਕਮ ਸਿਰਫ਼ ਇਕ ਕੇਸ ਵਿਚ ਜਾਰੀ ਕੀਤੇ ਗਏ ਹਨ। ਹਰਿਆਣਾ ਚੰਗੇ ਆਚਰਣ ਕੈਦੀ (ਅਸਥਾਈ ਰਿਹਾਈ) ਐਕਟ 2022 ਦੀ ਧਾਰਾ 11 ਦੇ ਸਪੱਸ਼ਟ ਉਪਬੰਧਾਂ ਦੇ ਮੱਦੇਨਜ਼ਰ ਉਸ ਨੂੰ ਜੇਲ੍ਹ ਤੋਂ ਰਿਹਾਅ ਨਹੀਂ ਕੀਤਾ ਜਾ ਸਕਿਆ।

ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਡੇਰਾ ਮੁਖੀ ਨੇ ਸਿੱਖ ਭਾਈਚਾਰੇ ਨੂੰ ਅਸਥਿਰ ਕਰਨ ਲਈ ਆਪਣੇ ਉਪਦੇਸ਼ ਦੇਣੇ ਸ਼ੁਰੂ ਕਰ ਦਿੱਤੇ ਹਨ, ਜਿਸ ਨਾਲ ਪੰਜਾਬ ਅਤੇ ਭਾਰਤ ਦੇ ਹੋਰ ਰਾਜਾਂ ਵਿਚ ਹਿੰਸਾ ਭੜਕ ਸਕਦੀ ਹੈ, ਖਾਸ ਕਰਕੇ ਪੰਜਾਬ ਰਾਜ ਵਿਚ ਅਮਨ-ਸ਼ਾਂਤੀ ਅਤੇ ਜਨਤਕ ਵਿਵਸਥਾ ਨੂੰ ਖ਼ਤਰਾ ਹੋ ਸਕਦਾ ਹੈ।




# ਅੰਮ੍ਰਿਤਸਰ ਹਵਾਈ ਅੱਡੇ 'ਤੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ 'ਚ 111 ਫ਼ੀਸਦੀ ਦਾ ਵਾਧਾ



**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਮਹਾਮਾਰੀ ਤੋਂ ਬਾਅਦ ਸਾਲ 2022 ਵਿਚ ਆਪਣੇ ਅੰਤਰਰਾਸ਼ਟਰੀ ਅਤੇ ਘਰੇਲੂ ਉਡਾਣਾਂ ਦਾ ਵਿਸਥਾਰ ਕਰਨ ਵਿਚ ਕਾਮਯਾਬ ਰਿਹਾ ਹੈ ਅਤੇ ਇੱਥੋਂ ਯਾਤਰੀਆਂ ਦੀ ਆਵਾਜਾਈ ਵਿਚ ਲਗਾਤਾਰ ਵਾਧਾ ਹੋਇਆ ਹੈ। ਇਸ ਸੰਬੰਧੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਇਕ ਪ੍ਰੈੱਸ ਬਿਆਨ ਵਿਚ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਲ 2022 ਦੌਰਾਨ ਯਾਤਰੀਆਂ ਦੀ ਕੁੱਲ ਗਿਣਤੀ ਕੋਵਿਡ ਮਹਾਮਾਰੀ ਤੋਂ ਪਹਿਲਾਂ ਵਾਲੇ ਸਾਲ 2019 ਦੀ 95 ਫ਼ੀਸਦੀ ਗਿਣਤੀ ਤੱਕ ਪਹੁੰਚ ਗਈ ਹੈ।

ਉਨ੍ਹਾਂ ਅਨੁਸਾਰ ਹਵਾਈ ਅੱਡੇ ਅਥਾਰਟੀ ਆਫ ਇੰਡੀਆ ਤੋਂ ਉਪਲਬਧ ਅੰਕੜਿਆਂ ਦੇ ਵਿਸ਼ਲੇਸ਼ਣ ਦੱਸਦੇ ਹਨ ਕਿ ਹਵਾਈ ਅੱਡੇ ਨੇ ਸਾਲ 2022 ਵਿਚ ਕੁੱਲ 22.4 ਲੱਖ ਯਾਤਰੀਆਂ ਦਾ ਸੁਆਗਤ ਕੀਤਾ, ਜਦੋਂਕਿ 2019 ਵਿਚ ਸਭ ਤੋਂ ਵੱਧ 25.63 ਲੱਖ ਯਾਤਰੀਆਂ ਦੀ ਗਿਣਤੀ ਦਰਜ ਕੀਤੀ ਗਈ ਸੀ। ਸਾਲ 2022 ਦੀ ਗਿਣਤੀ ਸਾਲ 2021 ਦੀ 13.2 ਲੱਖ ਦੇ ਮੁਕਾਬਲੇ 69.39 ਫੀਸਦੀ ਵੱਧ ਹੈ। ਗੁਮਟਾਲਾ ਨੇ ਕਿਹਾ ਕਿ ਅੰਕੜਿਆਂ ਅਨੁਸਾਰ ਹਵਾਈ ਅੱਡੇ ਤੋਂ ਸਾਲ 2022 ਵਿਚ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਤਕਰੀਬਨ 6.5 ਲੱਖ ਦਰਜ ਕੀਤੀ ਗਈ, ਜੋ ਕਿ ਸਾਲ 2021 ਦੀ 3 ਲੱਖ 7 ਹਜ਼ਾਰ ਦੀ ਗਿਣਤੀ ਤੋਂ ਦੁੱਗਣੀ ਨਾਲੋਂ ਵੀ ਵੱਧ ਹੈ। ਇਸ ਨਾਲ ਇੱਥੋਂ 111.4 ਫ਼ੀਸਦੀ ਦਾ ਵਾਧਾ ਹੋਇਆ ਹੈ। ਇਹੀ ਨਹੀਂ ਅੰਤਰਰਾਸ਼ਟਰੀ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਵੀ 68.5 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ।

ਸਾਲ 2022 ਵਿਚ ਘਰੇਲੂ ਯਾਤਰੀਆਂ ਦੀ ਗਿਣਤੀ ਵੀ 56.2 ਫ਼ੀਸਦੀ ਵਧ ਕੇ 15.8 ਲੱਖ ਹੋ ਗਈ ਹੈ ਅਤੇ ਘਰੇਲੂ ਉਡਾਣਾਂ ਦੇ ਜਹਾਜ਼ਾਂ ਦੀ ਆਵਾਜਾਈ ਵਿਚ ਵੀ 37.1 ਫ਼ੀਸਦੀ ਵਾਧਾ ਹੋਇਆ ਹੈ। ਦਸੰਬਰ 2022 ਦੇ ਮਹੀਨੇ ਲਈ ਜਾਰੀ ਕੀਤੇ ਗਏ ਅੰਕੜਿਆਂ ਵਿਚ ਕੁੱਲ 2,40,200 ਯਾਤਰੀਆਂ ਦੀ ਗਿਣਤੀ ਦਰਜ ਕੀਤੀ ਗਈ, ਜੋ ਕਿ ਮਾਰਚ 2020 ਵਿਚ ਮੁਕੰਮਲ ਤਾਲਾਬੰਦੀ ਕਾਰਨ ਪੂਰੇ ਭਾਰਤ 'ਚ ਉਡਾਣਾਂ ਨੂੰ ਮੁਅੱਤਲ ਕਰਨ ਤੋਂ ਬਾਅਦ ਸਭ ਤੋਂ ਵੱਧ ਹੈ। ਤਾਲਾਬੰਦੀ ਤੋਂ ਪਹਿਲਾਂ, ਦਸੰਬਰ 2019 ਮਹੀਨੇ ਵਿਚ ਸਭ ਤੋਂ ਵੱਧ ਸੰਖਿਆ 2,55,364 ਦਰਜ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਹਵਾਈ ਅੱਡੇ ਵਿਖੇ ਕੈਟ-3ਬੀ ਇੰਸਟਰੂਮੈਂਟ ਲੈਂਡਿੰਗ ਸਿਸਟਮ ਦੇ ਹੋਣ ਨਾਲ ਦਸੰਬਰ ਦੇ ਮਹੀਨੇ ਸੰਘਣੀ ਧੁੰਦ ਦੇ ਬਾਵਜੂਦ ਬਹੁਤ ਹੀ ਘੱਟ ਉਡਾਣਾ ਰੱਦ ਜਾਂ ਕਿਸੇ ਹੋਰ ਲਾਗਲੇ ਏਅਰਪੋਰਟ ਵੱਲ ਨੂੰ ਮੋੜੀਆਂ ਗਈਆਂ।

ਇਹ ਸਿਸਟਮ ਸੰਘਣੀ ਧੁੰਦ ਵਿਚ ਸਿਰਫ਼ 50 ਮੀਟਰ ਦੀ ਦਿੱਖ ਰਹਿ ਜਾਣ ਤੇ ਵੀ ਜਹਾਜ਼ ਨੂੰ ਉਤਰਨ ਵਿਚ ਸਹਾਈ ਹੁੰਦਾ ਹੈ। ਅੰਮ੍ਰਿਤਸਰ ਤੋਂ ਇਸ ਸਮੇਂ 10 ਤੋਂ ਵੱਧ ਭਾਰਤੀ ਅਤੇ ਵਿਦੇਸ਼ੀ ਏਅਰਲਾਈਨਾਂ ਦੁਆਰਾ 11 ਘਰੇਲੂ ਅਤੇ 10 ਅੰਤਰਰਾਸ਼ਟਰੀ ਮੰਜ਼ਿਲਾਂ ਲਈ ਹਫ਼ਤੇ ਵਿਚ ਤਕਰੀਬਨ 420 ਉਡਾਣਾਂ ਦੀ ਰਵਾਨਗੀ ਅਤੇ ਆਗਮਨ ਦਾ ਸੰਚਾਲਨ ਕੀਤਾ ਜਾ ਰਿਹਾ ਹੈ। ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਹਵਾਈ ਅੱਡਾ ਹੁਣ 2020 ਵਿਚ ਮਹਾਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਅੰਤਰਰਾਸ਼ਟਰੀ ਹਵਾਈ ਅੱਡਿਆਂ ਨਾਲ ਜੁੜ ਗਿਆ ਹੈ, ਜਿਸ ਵਿਚ ਇਟਲੀ ਦੇ ਮਿਲਾਨ ਮਾਲਪੇਨਸਾ, ਮਿਲਾਨ ਬਰਗਾਮੋ ਅਤੇ ਰੋਮ ਦੇ ਹਵਾਈ ਅੱਡੇ ਸ਼ਾਮਲ ਹਨ। ਇਸ ਦੇ ਨਾਲ ਨਾਲ ਇੱਥੋਂ ਦੁਬਈ, ਸ਼ਾਰਜਾਹ, ਦੋਹਾ, ਸਿੰਗਾਪੁਰ, ਕੁਆਲਾਲੰਪੁਰ, ਲੰਡਨ ਹੀਥਰੋ ਅਤੇ ਬਰਮਿੰਘਮ ਲਈ ਸਿੱਧੀਆਂ ਉਡਾਣਾਂ ਹਨ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਹਵਾਈ ਅੱਡੇ ਦੀ ਅੰਤਰਰਾਸ਼ਟਰੀ ਕਨੈਕਟੀਵਿਟੀ ਨੂੰ ਹੋਰ ਵਧਾਉਣ ਲਈ ਵੱਖ-ਵੱਖ ਏਅਰਲਾਈਨਾਂ ਦੇ ਨੁਮਾਇੰਦਿਆਂ ਦੇ ਨਾਲ ਸੰਪਰਕ ਵਿਚ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਆਉਣ ਵਾਲੇ ਮਹੀਨਿਆਂ ਵਿਚ ਹੋਰ ਅੰਤਰਰਾਸ਼ਟਰੀ ਜਾਂ ਭਾਰਤੀ ਏਅਰਲਾਈਨਾਂ ਵਲੋਂ ਇੱਥੋਂ ਉਡਾਣਾਂ ਸ਼ੁਰੂ ਕਰਨ ਜਾਂ ਚੱਲ ਰਹੀਆਂ ਉਡਾਣਾਂ ਦੀ ਗਿਣਤੀ ਨੂੰ ਵਧਾਉਣ ਨਾਲ ਯਾਤਰੀਆਂ ਦੀ ਗਿਣਤੀ ਵਿਚ ਹੋਰ ਵਾਧਾ ਹੋਵੇਗਾ ਅਤੇ ਸਾਲ 2023 ਵਿਚ ਇੱਥੋਂ ਯਾਤਰੀਆਂ ਦੀ ਕੁੱਲ ਗਿਣਤੀ 30 ਲੱਖ ਤੱਕ ਪਹੁੰਚ ਸਕਦੀ ਹੈ। ਸੂਬਾ ਸਰਕਾਰ ਦੇ ਪ੍ਰਤੀ ਨਮੋਸ਼ੀ ਜ਼ਾਹਰ ਕਰਦਿਆਂ ਗੁਮਟਾਲਾ ਨੇ ਕਿਹਾ ਕਿ ਜੇਕਰ ਰਾਜ ਸਰਕਾਰ ਸਾਲ 2022 'ਚ ਪੰਜਾਬ ਦੇ ਹੋਰ ਸ਼ਹਿਰਾਂ ਤੋਂ ਅੰਮ੍ਰਿਤਸਰ ਹਵਾਈ ਅੱਡੇ ਤੱਕ ਬੱਸ ਸੇਵਾ ਸ਼ੁਰੂ ਕਰ ਦਿੰਦੀ, ਤਾਂ ਯਾਤਰੀਆਂ ਦੀ ਗਿਣਤੀ ਹੋਰ ਵੀ ਵੱਧ ਹੋ ਸਕਦੀ ਸੀ। ਪੰਜਾਬ ਦੇ ਕਈ ਸ਼ਹਿਰਾਂ ਤੋਂ ਦਿੱਲੀ ਏਅਰਪੋਰਟ ਲਈ ਸਰਕਾਰੀ ਬੱਸ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ। ਪਿਛਲੀ ਸਰਕਾਰ ਵਾਂਗ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਅੰਮ੍ਰਿਤਸਰ ਹਵਾਈ ਅੱਡੇ ਨਾਲ ਵਿਤਕਰਾ ਕਰਦੇ ਹੋਏ, ਇੱਥੋਂ ਬੱਸ ਸੇਵਾ ਦੀ ਇਸ ਮੰਗ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜਿਸ ਨਾਲ ਯਾਤਰੀਆਂ ਨੂੰ ਹਵਾਈ ਅੱਡੇ ਤੱਕ ਪਹੁੰਚਣ ਲਈ ਸਸਤਾ ਆਵਾਜਾਈ ਦਾ ਸਾਧਨ ਮਿਲੇਗਾ।

# ਭਾਜਪਾ ਵੱਲੋਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੇ ਐਲਾਨ ਤੋਂ ਪਹਿਲਾਂ ਇੰਚਾਰਜ ਨਿਯੁਕਤ



**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)-** ਜਲੰਧਰ ਵਿਚ ਹੋਣ ਵਾਲੀ ਲੋਕ ਸਭਾ ਜ਼ਿਮਨੀ ਚੋਣ ਦੇ ਐਲਾਨ ਤੋਂ ਪਹਿਲਾਂ ਭਾਜਪਾ ਨੇ ਮੋਰਚਾ ਸੰਭਾਲ ਲਿਆ ਹੈ। ਭਾਵੇਂ ਅਜੇ ਤੱਕ ਚੋਣ ਕਮਿਸ਼ਨ ਵਲੋਂ ਜਲੰਧਰ ਲੋਕ ਸਭਾ ਹਲਕੇ 'ਚ ਹੋਣ ਵਾਲੀ ਜ਼ਿਮਨੀ ਚੋਣ ਦੀ ਤਾਰੀਖ਼ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਭਾਜਪਾ ਨੇ ਚੋਣ ਕਮਿਸ਼ਨ ਦੇ ਐਲਾਨ ਤੋਂ ਪਹਿਲਾਂ ਚੋਣ ਅਖਾੜਾ ਭਖਾਉਂਦੇ ਹੋਏ ਜਲੰਧਰ ਹਲਕੇ ਦਾ ਇੰਚਾਰਜ ਨਿਯੁਕਤ ਕਰ ਦਿੱਤਾ ਹੈ। ਭਾਜਪਾ ਵਲੋਂ ਚੋਟੀ ਦੇ ਆਗੂ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੂੰ ਜਲੰਧਰ ਜ਼ਿਮਨੀ ਚੋਣਾਂ ਲਈ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੀਨੀਅਰ ਆਗੂ ਕੇਵਲ ਸਿੰਘ ਢਿੱਲੋਂ ਅਤੇ ਜੰਗੀ ਲਾਲ ਮਹਾਜਨ ਨੂੰ ਸਹਿ ਇੰਚਾਰਜ ਨਿਯੁਕਤ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸੀ ਆਗੂ ਸੰਤੋਖ ਸਿੰਘ ਚੌਧਰੀ ਦਾ ਬੀਤੀ 14 ਜਨਵਰੀ ਨੂੰ ਉਸ ਸਮੇਂ ਦੇਹਾਂਤ ਹੋ ਗਿਆ ਸੀ, ਜਦੋਂ ਉਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਿਰਕਤ ਕਰਨ ਪਹੁੰਚੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਸੰਤੋਖ ਸਿੰਘ ਚੌਧਰੀ ਦੇ ਦੇਹਾਂਤ ਤੋਂ ਬਾਅਦ ਖਾਲ੍ਹੀ ਹੋਈ ਜਲੰਧਰ ਲੋਕ ਸਭਾ ਸੀਟ 'ਤੇ ਭਾਵੇਂ ਅਜੇ ਤੱਕ ਚੋਣ ਕਮਿਸ਼ਨ ਵਲੋਂ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਸਿਆਸੀ ਪਾਰਟੀਆਂ ਵਲੋਂ ਆਪੋ-ਆਪਣੇ ਪੱਧਰ 'ਤੇ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ।

# ਸੁਪਰੀਮ ਕੋਰਟ ਵੱਲੋਂ ਭਾਰਤ 'ਚ ਬੀ.ਬੀ.ਸੀ. 'ਤੇ ਪੂਰਨ ਪਾਬੰਦੀ ਲਾਉਣ ਦੀ ਮੰਗ ਵਾਲੀ ਪਟੀਸ਼ਨ ਖਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਭਾਰਤ ਵਿਚ ਬ੍ਰਿਟਿਸ਼ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਬੀ.ਬੀ.ਸੀ. ) 'ਤੇ ਪੂਰਨ ਪਾਬੰਦੀ ਲਗਾਉਣ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਜਸਟਿਸ ਸੰਜੀਵ ਖੰਨਾ ਅਤੇ ਐੱਮ.ਐੱਮ. ਸੁੰਦਰੇਸ਼ 'ਤੇ ਆਧਾਰਿਤ ਬੈਂਚ ਨੇ ਹਿੰਦੂ ਸੈਨਾ ਦੇ ਪ੍ਰਧਾਨ ਵਿਸ਼ਨੂੰ ਗੁਪਤਾ ਅਤੇ ਕਿਸਾਨ ਬੀਰੇਂਦਰ ਕੁਮਾਰ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਦਿੱਤਾ। ਬੈਂਚ ਨੇ ਕਿਹਾ, 'ਪਟੀਸ਼ਨ ਪੂਰੀ ਤਰ੍ਹਾਂ ਗਲਤ ਧਾਰਨਾ ਆਧਾਰਿਤ ਹੈ। ਇਸ ਅਨੁਸਾਰ ਖਾਰਜ ਕਰ ਦਿੱਤਾ ਗਿਆ ਹੈ।' ਪਟੀਸ਼ਨ 'ਚ ਬੀ.ਬੀ.ਸੀ. 'ਤੇ ਭਾਰਤ ਅਤੇ ਭਾਰਤ ਸਰਕਾਰ ਵਿਰੁੱਧ ਪੱਖਪਾਤ ਕਰਨ ਦਾ ਦੋਸ਼ ਲਗਾਉਂਦੇ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬੀ.ਬੀ.ਸੀ. ਦੀ ਦਸਤਾਵੇਜ਼ੀ ਫਿਲਮ ਭਾਰਤ ਅਤੇ ਇਸਦੇ ਪ੍ਰਧਾਨ ਮੰਤਰੀ ਦੇ ਵਿਸ਼ਵਵਿਆਪੀ ਉਭਾਰ ਵਿਰੁੱਧ ਡੂੰਘੀ ਸਾਜ਼ਿਸ਼ ਦਾ ਨਤੀਜਾ ਹੈ।







# 2011 ਤੋਂ ਬਾਅਦ 16 ਲੱਖ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ

■ **2,25,620 ਨਾਗਰਿਕ ਨੇ ਬੀਤੇ ਵਰ੍ਹੇ ਹੀ ਛੱਡੀ ਭਾਰਤੀ ਨਾਗਰਿਕਤਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਸਰਕਾਰ ਵੱਲੋਂ ਰਾਜ ਸਭਾ ਵਿਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਦੇਸ਼ ਵਿਚ ਸਾਲ 2011 ਤੋਂ 2022 ਤੱਕ 16 ਲੱਖ ਤੋਂ ਵਧ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ ਹੈ। ਇਨ੍ਹਾਂ ਵਿਚੋਂ 2,25,620 ਅਜਿਹੇ ਨਾਗਰਿਕ ਜਿਨ੍ਹਾਂ ਨੇ ਬੀਤੇ ਵਰ੍ਹੇ ਹੀ ਭਾਰਤੀ ਨਾਗਰਿਕਤਾ ਛੱਡੀ ਹੈ।

ਕੇਂਦਰੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਦੱਸਿਆ ਕਿ ਸਾਲ 2011 ਵਿਚ ਭਾਰਤੀ ਨਾਗਰਿਕਤਾ ਛੱਡਣ ਵਾਲਿਆਂ ਦਾ ਅੰਕੜਾ 1,22,819 ਸੀ, ਜਦੋਂਕਿ ਸਾਲ 2012 ਵਿਚ 1,20,923, ਸਾਲ 2013 ਵਿਚ 1,31,405 ਤੇ ਸਾਲ 2014 ਵਿਚ 1,29,328 ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ। ਇਸੇ ਤਰ੍ਹਾਂ ਸਾਲ 2015 ਵਿਚ ਭਾਰਤੀ ਨਾਗਰਿਕਤਾ ਛੱਡਣ ਵਾਲੇ ਵਿਅਕਤੀਆਂ ਦੀ ਗਿਣਤੀ 1,31,489 ਸੀ, ਜਦੋਂਕਿ 2016 ਵਿਚ 1,41,603 ਲੋਕਾਂ ਨੇ ਤੇ ਸਾਲ 2017 ਵਿਚ 1,33,049 ਵਿਅਕਤੀਆਂ ਨੇ ਭਾਰਤ ਦੀ ਨਾਗਰਿਕਤਾ ਛੱਡੀ। ਸ਼੍ਰੀ ਜੈਸ਼ੰਕਰ ਅਨੁਸਾਰ 2018 ਵਿਚ ਭਾਰਤੀ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ 1,34,561 ਸੀ, ਜਦੋਂਕਿ 2019 ਵਿਚ 1,44,017, 2020 ਵਿਚ 82,256 ਤੇ ਸਾਲ 2021 ਵਿਚ 1,63,370 ਤੇ 2022 ਵਿਚ 2,25,620 ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ।

# ਬਹਿਬਲ ਕਲਾਂ ਗੋਲ਼ੀਕਾਂਡ ਦੇ ਅਹਿਮ ਗਵਾਹ ਹਾਕਮ ਸਿੰਘ ਫ਼ੌਜੀ ਦਾ ਦਿਹਾਂਤ



**ਫਰੀਦਕੋਟ, (ਪੰਜਾਬ ਮੇਲ)-** ਬਹਿਬਲ ਕਲਾਂ ਗੋਲ਼ੀਕਾਂਡ ਦੇ ਅਹਿਮ ਗਵਾਹ ਹਾਕਮ ਸਿੰਘ ਫ਼ੌਜੀ (80) ਦਾ ਬੀਤੇ ਦਿਨੀਂ ਦਿਹਾਂਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੱਸ ਦੇਈਏ ਕਿ ਹਾਕਮ ਸਿੰਘ ਜਿੱਥੇ ਬਹਿਬਲ ਕਲਾਂ ਗੋਲ਼ੀਕਾਂਡ ਦੇ ਅਹਿਮ ਗਵਾਹ ਸਨ, ਉੱਥੇ ਹੀ ਇਨਸਾਫ਼ ਮੋਰਚੇ ਦਾ ਵੀ ਪੂਰਾ ਸਹਿਯੋਗ ਕਰ ਰਹੇ ਸਨ ਪਰ ਬੀਤੇ ਦਿਨੀਂ ਅਚਾਨਕ ਉਨ੍ਹਾਂ ਦਾ ਦਿਹਾਂਤ ਹੋ ਗਿਆ।

# ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ’ਚ ਬਸਪਾ ਉਤਾਰੇਗੀ ਉਮੀਦਵਾਰ

■ **ਅਕਾਲੀ-ਬਸਪਾ ਗੱਠਜੋੜ ਵੱਲੋਂ ਰਣਨੀਤੀ ਤਿਆਰ**

■ **ਮਾਇਆਵਤੀ ਕਰੇਗੀ ਚੋਣ ਪ੍ਰਚਾਰ**

**ਜਲੰਧਰ, (ਪੰਜਾਬ ਮੇਲ)-** ਕਾਂਗਰਸ ਦੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਮੌਤ ਤੋਂ ਬਾਅਦ ਜਲੰਧਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ-ਬਸਪਾ (ਬਹੁਜਨ ਸਮਾਜ ਪਾਰਟੀ) ਗੱਠਜੋੜ ਵੱਲੋਂ ਪੁਰਾਣੇ ਟਕਸਾਲੀ ਬਸਪਾਈ ਨੂੰ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਜਾਵੇਗਾ। ਬਸਪਾ ਸੁਪਰੀਮੋ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਵੀ ਉਪ ਚੋਣ ਦਾ ਐਲਾਨ ਹੋਣ ਤੋਂ ਬਾਅਦ ਜਲੰਧਰ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰੇਗੀ। ਅਕਾਲੀ-ਬਸਪਾ ਗੱਠਜੋੜ ਵੱਲੋਂ ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਮੁਹਿੰਮ ਲਈ ਵੀ ਸਾਂਝੀ ਰਣਨੀਤੀ ਤਿਆਰ ਕਰ ਲਈ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਜਲੰਧਰ ਦੌਰੇ ਤੋਂ ਬਾਅਦ ਹੁਣ ਬਸਪਾ ਜਲੰਧਰ ਲੋਕ ਸਭਾ ਹਲਕੇ ਵਿਚ ਚੋਣ ਪ੍ਰਚਾਰ ਸ਼ੁਰੂ ਕਰਨ ਜਾ ਰਹੀ ਹੈ।

ਬਸਪਾ ਦੇ ਕੇਂਦਰੀ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਟਕਸਾਲੀ ਬਸਪਾ ਵੱਲੋਂ ਉਮੀਦਵਾਰ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਸਿਹਤ ਖਰਾਬ ਹੋਣ ਕਾਰਨ ਚੋਣ ਪ੍ਰਚਾਰ ਪ੍ਰੋਗਰਾਮ ਕੁਝ ਸਮੇਂ ਲਈ ਰੁੱਕ ਗਿਆ ਹੈ ਪਰ ਇਸਨੂੰ ਜਲਦੀ ਹੀ ਦੁਬਾਰਾ ਸ਼ੁਰੂ ਕੀਤਾ ਜਾਵੇਗਾ। ਰਣਧੀਰ ਸਿੰਘ ਬੈਨੀਵਾਲ ਨੇ ਦੱਸਿਆ ਕਿ ਉਪ ਚੋਣਾਂ ਦੇ ਐਲਾਨ ਤੋਂ ਬਾਅਦ ਕੁਮਾਰੀ ਮਾਇਆਵਤੀ ਦੀ ਜਲੰਧਰ ਚੋਣ ਪ੍ਰਚਾਰ ਰੈਲੀਆਂ ਸਬੰਧੀ ਪ੍ਰੋਗਰਾਮ ਵੀ ਐਲਾਨਿਆ ਜਾਵੇਗਾ।

ਲੋਕ ਸਭਾ ਜ਼ਿਮਨੀ ਚੋਣ ਲਈ ਬਸਪਾ ਦੇ ਸੰਭਾਵੀ ਉਮੀਦਵਾਰ ਰਣਧੀਰ ਸਿੰਘ ਬੈਨੀਵਾਲ ਨੇ ਕਿਹਾ ਕਿ ਚੋਣ ਲੜਨ ਲਈ ਸਿਰਫ਼ ਪੁਰਾਣੇ ਬਸਪਾਈ ਨੂੰ ਹੀ ਉਮੀਦਵਾਰ ਵਜੋਂ ਉਤਾਰਿਆ ਜਾ ਸਕਦਾ ਹੈ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਕਿ ਐਡਵੋਕੇਟ ਬਲਵਿੰਦਰ ਕੁਮਾਰ, ਜੋ ਪਹਿਲਾਂ ਜਲੰਧਰ ਤੋਂ ਲੋਕ ਸਭਾ ਅਤੇ ਕਰਤਾਰਪੁਰ ਤੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਹਨ, ਨੂੰ ਵੀ ਉਮੀਦਵਾਰ ਬਣਾਇਆ ਜਾ ਸਕਦਾ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਐਡਵੋਕੇਟ ਬਲਵਿੰਦਰ ਕੁਮਾਰ ਨੇ ਦੋ ਲੱਖ ਤੋਂ ਵੱਧ ਵੋਟਾਂ ਹਾਸਲ ਕਰਕੇ ਜਲੰਧਰ ਦੇ ਸਿਆਸੀ ਇਤਿਹਾਸ ਵਿਚ ਨਵਾਂ ਇਤਿਹਾਸ ਰਚਿਆ ਹੈ।

# ਏਅਰ ਇੰਡੀਆ ’ਚ ਪਾਇਲਟਾਂ ਦੀ ਕਮੀ ਕਾਰਨ ਅਮਰੀਕਾ ਤੇ ਕੈਨੇਡਾ ਦੀਆਂ ਉਡਾਣਾਂ ਰੱਦ




**ਮੁੰਬਈ, (ਪੰਜਾਬ ਮੇਲ)-** ਏਅਰ ਇੰਡੀਆ ਦਾ ਸੰਚਾਲਨ ਚਾਲਕ ਦਲ ਦੇ ਮੈਂਬਰਾਂ ਦੀ ਕਮੀ ਕਾਰਨ ਪ੍ਰਭਾਵਿਤ ਹੋ ਰਿਹਾ ਹੈ। ਸੂਤਰ ਨੇ ਦੱਸਿਆ ਕਿ ਇਸ ਕਾਰਨ ਅਮਰੀਕਾ ਅਤੇ ਕੈਨੇਡਾ ਦੀਆਂ ਕੁਝ ਉਡਾਣਾਂ ਜਾਂ ਤਾਂ ਰੱਦ ਹੋ ਰਹੀਆਂ ਹਨ ਜਾਂ ਉਨ੍ਹਾਂ ਦੀ ਰਵਾਨਗੀ ਵਿਚ ਦੇਰੀ ਹੋ ਰਹੀ ਹੈ। ਟਾਟਾ ਸਮੂਹ ਦੀ ਕੰਪਨੀ ਏਅਰ ਇੰਡੀਆ ਨੂੰ ਵੀ ਚਾਲਕ ਦਲ ਦੀ ਕਮੀ ਕਾਰਨ ਪਿਛਲੇ ਸਾਲ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਏਅਰ ਇੰਡੀਆ ਦੇਸ਼ ਦੀ ਇਕਲੌਤੀ ਏਅਰਲਾਈਨ ਹੈ, ਜੋ ‘ਲੰਬੀ ਦੂਰੀ ਦੀਆਂ ਉਡਾਣਾਂ’ ਚਲਾਉਂਦੀ ਹੈ। 16 ਘੰਟਿਆਂ ਤੋਂ ਵੱਧ ਸਮੇਂ ਦੀਆਂ ਉਡਾਣਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ।

# ਬਰਤਾਨਵੀ ਮੁਸਲਮਾਨਾਂ ਦੇ ਕੱਟੜਪੰਥੀ ਹੋਣ ਤੇ ਖ਼ਤਰਨਾਕ ਹੋ ਰਹੇ ਖਾਲਿਸਤਾਨ ਪੱਖੀ ਅੱਤਵਾਦ ’ਤੇ ਚਿੰਤਾ ਜ਼ਾਹਿਰ

**ਲੰਡਨ, (ਪੰਜਾਬ ਮੇਲ)-** ਬਰਤਾਨੀਆ ਸਰਕਾਰ ਦੀ ਅੱਤਵਾਦ ਵਿਰੋਧੀ ਯੋਜਨਾ ਦੀ ਸਮੀਖਿਆ ਵਿਚ ਕਸ਼ਮੀਰ ਬਾਰੇ ਬਰਤਾਨਵੀ ਮੁਸਲਮਾਨਾਂ ਦੇ ਕੱਟੜਪੰਥੀ ਹੋਣ ਅਤੇ ਖ਼ਤਰਨਾਕ ਹੋ ਰਹੇ ਖਾਲਿਸਤਾਨ ਪੱਖੀ ਅੱਤਵਾਦ ਨੂੰ ਵਧਦੀ ਚਿੰਤਾ ਕਰਾਰ ਦਿੱਤਾ ਗਿਆ ਹੈ। ਇਸ ਵਿਚ ਦੇਸ਼ ਲਈ ਖ਼ਤਰੇ ਵਜੋਂ ਇਸਲਾਮੀ ਕੱਟੜਵਾਦ ਨਜਿੱਠਣ ਲਈ ਨੀਤੀਆਂ ’ਚ ਸੁਧਾਰ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ ਹੈ। ਸਰਕਾਰ ਦੀ ਅੱਤਵਾਦ ਵਿਰੋਧੀ ਰਣਨੀਤੀ ਦੀ ਇਸ ਹਫਤੇ ਪ੍ਰਕਾਸ਼ਿਤ ਸਮੀਖਿਆ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਕਸ਼ਮੀਰ ਬਾਰੇ ਪਾਕਿਸਤਾਨ ਦੀ ਬਿਆਨਬਾਜ਼ੀ ਬਰਤਾਨਵੀ ਮੁਸਲਿਮ ਭਾਈਚਾਰੇ ’ਚ ਭਾਰਤ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ’ਚ ਘੀ ਦਾ ਕੰਮ ਕਰ ਰਹੀ ਹੈ। ਸਮੀਖਿਆ ਵਿਚ ਬਰਤਾਨੀਆਂ ਅੰਦਰ ਸਰਗਰਮ ਖਾਲਿਸਤਾਨ ਪੱਖੀ ਸਮੂਹਾਂ ਦੀ ਥੋੜ੍ਹੀ ਜਿਹੀ ਗਿਣਤੀ ਵੱਲੋਂ ਫੈਲਾਏ ਜਾ ਰਹੇ ਕੂੜ ਪ੍ਰਚਾਰ ਵਿਰੁੱਧ ਵੀ ਚਿਤਾਵਨੀ ਦਿੱਤੀ ਗਈ ਹੈ। ਖਾਲਿਸਤਾਨ ਪੱਖੀ ਕੱਟੜਵਾਦ ਦੇ ਮੁੱਦੇ ’ਤੇ ਰਿਪੋਰਟ ਵਿਚ ਕਿਹਾ ਗਿਆ ਹੈ, ‘ਬਰਤਾਨੀਆ ਦੇ ਸਿੱਖ ਭਾਈਚਾਰੇ ਵਿਚ ਉੱਭਰ ਰਹੇ ਖਾਲਿਸਤਾਨ ਪੱਖੀ ਕੱਟੜਵਾਦ ਤੋਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ। ਯੂ.ਕੇ. ਵਿਚ ਸਰਗਰਮ ਖਾਲਿਸਤਾਨ ਪੱਖੀ ਸਮੂਹਾਂ ਦੀ ਛੋਟੀ ਜਿਹੀ ਗਿਣਤੀ ਵੱਲੋਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਰਕਾਰ ਸਿੱਖਾਂ ਨੂੰ ਤੰਗ ਕਰਨ ਲਈ ਭਾਰਤ ਵਿਚ ਆਪਣੇ ਹਮਰੁਤਬਾ ਨਾਲ ਮਿਲੀਭੁਗਤ ਕਰ ਰਹੀ ਹੈ। ਅਜਿਹੇ ਸਮੂਹਾਂ ਦੇ ਪ੍ਰਚਾਰ ’ਚ ਭਾਰਤ ਵਿਚ ਖਾਲਿਸਤਾਨ ਪੱਖੀ ਅੰਦੋਲਨ ਦੌਰਾਨ ਹੋਈ ਹਿੰਸਾ ਦੀ ਵਡਿਆਈ ਕੀਤੀ ਜਾਂਦੀ ਹੈ।’







# ਸਟੱਡੀ ਵੀਜ਼ੇ ਨੇ ਪੰਜਾਬ ਦੇ ਕਲੱਬਾਂ ਤੋਂ ਖੋਹੀ ਜਵਾਨੀ

- ਨੌਂ ਹਜ਼ਾਰ ਪੇਂਡੂ ਕਲੱਬ ਹੋਏ ਠੱਪ
- ਸਿਆਸਤ ਨੇ ਵੀ ਕਲੱਬਾਂ ਨੂੰ ਖੂੰਜੇ ਲਾਇਆ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਭਰ 'ਚ ਕਰੀਬ ਨੌਂ ਹਜ਼ਾਰ ਪੇਂਡੂ ਕਲੱਬ ਠੱਪ ਹੋ ਗਏ ਹਨ। ਸਿਰਫ਼ ਪੰਜ ਹਜ਼ਾਰ ਹੀ ਅਜਿਹੇ ਪੇਂਡੂ ਕਲੱਬ ਬਚੇ ਹਨ ਜਿਹੜੇ ਸਰਗਰਮ ਭੂਮਿਕਾ ਵਿੱਚ ਹਨ। ਕੋਈ ਸਮਾਂ ਸੀ ਜਦੋਂ ਪੰਜਾਬ ਦੇ ਪਿੰਡਾਂ ਦੇ ਯੁਵਕ ਸੇਵਾਵਾਂ ਕਲੱਬਾਂ ਦੀ ਤੂਤੀ ਬੋਲਦੀ ਸੀ ਪ੍ਰੰਤੂ ਜਦੋਂ ਤੋਂ ਸਿਆਸਤ ਭਾਰੂ ਹੋਈ ਹੈ, ਉਦੋਂ ਤੋਂ ਇਨ੍ਹਾਂ ਪੇਂਡੂ ਕਲੱਬਾਂ ਦੇ ਸਾਹ ਸੂਤੇ ਗਏ ਹਨ। ਯੁਵਕ ਸੇਵਾਵਾਂ ਵਿਭਾਗ ਨਾਲ ਕਰੀਬ 14 ਹਜ਼ਾਰ ਕਲੱਬ ਜੁੜੇ ਹੋਏ ਹਨ ਜਿਨ੍ਹਾਂ ਵਿਚੋਂ ਸਿਰਫ਼ 35 ਫ਼ੀਸਦੀ ਕਲੱਬ ਹੀ ਸਰਗਰਮੀ ਦਿਖਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਹੁਣ ਇਨ੍ਹਾਂ ਯੁਵਕ ਸੇਵਾਵਾਂ ਕਲੱਬਾਂ ਦੀ ਸ਼ਾਨ ਬਹਾਲੀ ਲਈ ਵਿਉਂਤਬੰਦੀ ਕੀਤੀ ਜਾਣ ਲੱਗੀ ਹੈ। ਵੇਰਵਿਆਂ ਅਨੁਸਾਰ ਪੰਜਾਬ ਦਾ ਮਾਲਵਾ ਖ਼ਿੱਤਾ ਪੇਂਡੂ ਕਲੱਬਾਂ ਦੀ ਸਰਗਰਮੀ ਦਾ ਗੜ੍ਹ ਰਿਹਾ ਹੈ। ਦੁਆਬੇ ਦੇ ਬਹੁਤੇ ਪਿੰਡਾਂ ਵਿਚ ਤਾਂ ਪਹਿਲਾਂ ਹੀ ਇਨ੍ਹਾਂ ਕਲੱਬਾਂ ਵਾਸਤੇ ਨੌਜਵਾਨ ਨਹੀਂ ਲੱਭਦੇ ਸਨ ਕਿਉਂਕਿ ਪਰਵਾਸ ਨੇ ਪਿੰਡਾਂ ਵਿਚੋਂ ਜਵਾਨੀ ਨੂੰ ਖੰਭ ਲਾ ਦਿੱਤੇ ਸਨ। ਲੰਘੇ ਵੀਹ ਵਰ੍ਹਿਆਂ ਦਾ ਵਕਫ਼ਾ ਯੁਵਕ ਸੇਵਾਵਾਂ ਕਲੱਬਾਂ ਲਈ ਬੇਹੱਦ ਮਾੜਾ ਰਿਹਾ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਦੂਸਰੀ ਪਾਰੀ ਦੇ ਆਖ਼ਰੀ ਵਰ੍ਹਿਆਂ ਵਿਚ ਨਵੀਂ ਪਾਲਿਸੀ ਉਲੀਕ ਦਿੱਤੀ ਸੀ, ਜਿਸ ਤਹਿਤ ਹਰ ਪਿੰਡਾਂ ਵਿਚ ਤਿੰਨ ਤਰ੍ਹਾਂ ਦੇ ਕਲੱਬ ਬਣਾਏ ਜਾਣ ਦਾ ਫ਼ੈਸਲਾ ਕੀਤਾ ਸੀ। ਇੱਕ ਦਸਮੇਸ਼ ਕਲੱਬ, ਦੂਸਰਾ ਮਾਈ ਭਾਗੋ ਕਲੱਬ ਅਤੇ ਤੀਜਾ ਅੰਬੇਦਕਰ ਕਲੱਬ। ਹਜ਼ਾਰਾਂ ਯੁਵਕ ਸੇਵਾਵਾਂ ਕਲੱਬਾਂ ਨੂੰ ਇਨ੍ਹਾਂ ਕਲੱਬਾਂ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਉਸ ਵੇਲੇ ਸਿਆਸਤ ਦਾ ਇੰਨਾ ਦਖਲ ਵਧ ਗਿਆ ਸੀ ਕਿ ਅਸਲ ਕਲੱਬਾਂ ਦੇ ਵਾਲੰਟੀਅਰਾਂ ਨੂੰ ਖੂੰਜੇ ਲਗਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀ ਥਾਂ ਪਾਰਟੀ ਵਰਕਰਾਂ ਨੇ ਲੈ ਲਈ ਸੀ। ਅਸਲ ਕਲੱਬਾਂ ਦੀ ਥਾਂ ਸਿਆਸੀ ਪੁੱਠ ਵਾਲੇ ਕਲੱਬਾਂ ਲਈ ਖ਼ਜ਼ਾਨਾ ਦਾ ਮੂੰਹ ਖੋਲ੍ਹ ਦਿੱਤਾ ਗਿਆ ਸੀ। ਪੇਂਡੂ ਕਲੱਬਾਂ ਵਿਚ ਸਰਗਰਮ ਰਹੇ ਭੁਪਿੰਦਰ ਸਿੰਘ ਮੌੜ ਦਾ ਕਹਿਣਾ ਸੀ ਕਿ ਪਿਛਲੇ ਵਰ੍ਹਿਆਂ ਵਿਚ ਪੇਂਡੂ ਕਲੱਬਾਂ ਨੂੰ ਸਿਰਫ਼ ਚੋਣਾਂ ਤੋਂ ਪਹਿਲਾਂ ਖੇਡ ਕਿੱਟਾਂ ਦਾ ਚੋਗਾ ਪਾ ਦਿੱਤਾ ਜਾਂਦਾ ਸੀ ਅਤੇ ਮਗਰੋਂ ਸਰਕਾਰ ਵੱਲੋਂ ਕਦੇ ਕਲੱਬਾਂ ਦੀ ਸਾਰ ਨਹੀਂ ਲਈ ਜਾਂਦੀ ਸੀ ਜਿਸ ਕਰਕੇ ਨੌਜਵਾਨ ਨਿਰਾਸ਼ ਹੋ ਗਏ। ਜਾਣਕਾਰੀ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਵੀ ਕਰੀਬ ਅੱਠ ਸੌ ਪੇਂਡੂ ਕਲੱਬ ਬਣੇ ਸਨ। ਯੁਵਕ ਸੇਵਾਵਾਂ ਵਿਭਾਗ ਦੀਆਂ ਜੋ ਸਾਲਾਨਾ ਗਤੀਵਿਧੀਆਂ ਸਨ, ਉਹ ਵੀ ਪਿਛਲੇ ਅਰਸੇ ਦੌਰਾਨ ਫ਼ੰਡਾਂ ਦੀ ਕਮੀ ਕਰਕੇ ਠੱਪ ਰਹੀਆਂ ਹਨ। ਪਿਛਲੇ ਦੋ ਵਰ੍ਹਿਆਂ ਦੌਰਾਨ ਇਨ੍ਹਾਂ ਕਲੱਬਾਂ ਨੂੰ ਖੇਡ ਕਿੱਟਾਂ ਵੀ ਨਹੀਂ ਮਿਲੀਆਂ ਹਨ। ਸ਼ਹੀਦੇ ਆਜ਼ਮ ਭਗਤ ਸਿੰਘ ਪੁਰਸਕਾਰ ਕਦੇ ਵੀ ਸਰਕਾਰਾਂ ਨੇ ਸਮੇਂ ਸਿਰ ਨਹੀਂ ਦਿੱਤਾ ਸੀ। ਨੈਸ਼ਨਲ ਐਵਾਰਡੀ ਸਰਬਜੀਤ ਸਿੰਘ ਜੇਠੂਕੇ ਆਖਦੇ ਹਨ ਕਿ ਪਿੰਡਾਂ ਦੀ ਸਿਆਸਤ ਨੇ ਨੌਜਵਾਨ ਕਲੱਬਾਂ ਨੂੰ ਵੱਡੀ ਢਾਹ ਲਾਈ ਹੈ। ਮੋਹਰੀ ਭੂਮਿਕਾ ਨਿਭਾਉਣ ਵਾਲੇ ਪੇਂਡੂ ਨੌਜਵਾਨਾਂ ਨੂੰ ਸਮੇਂ ਦੀਆਂ ਹਕੂਮਤਾਂ ਨੇ ਪਿਛਾਂਹ ਧੱਕਿਆ ਅਤੇ ਹਲਕਾ ਇੰਚਾਰਜਾਂ ਤੇ ਵਿਧਾਇਕਾਂ ਨੇ ਸਿਆਸੀ ਕਲੱਬ ਖੜ੍ਹੇ ਕੀਤੇ। ਪਹਿਲਾਂ ਯੁਵਕ ਸੇਵਾਵਾਂ ਕਲੱਬਾਂ ਦੀ ਚੋਣ ਤਿੰਨ ਵਰ੍ਹਿਆਂ ਲਈ ਰੈਗੂਲਰ ਹੁੰਦੀ ਸੀ ਅਤੇ ਹੁਣ ਬਹੁਤੇ ਕਲੱਬਾਂ ਦੀ ਕਦੇ ਕੋਈ ਚੋਣ ਹੀ ਨਹੀਂ ਹੋਈ ਹੈ। ਕੌਮੀ ਸੇਵਾ ਯੋਜਨਾ 'ਚ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਜੇਤੂ ਪ੍ਰੋ. ਮੁਖਤਿਆਰ ਸਿੰਘ ਬਰਾੜ (ਰਾਮਪੁਰਾ ਫੂਲ) ਦਾ ਪ੍ਰਤੀਕਰਮ ਸੀ ਕਿ ਅਸਲ ਵਿਚ ਪਿੰਡਾਂ ਵਿਚ ਹੁਣ ਲੀਡਰਸ਼ਿਪ ਦਾ ਬੋਲਬਾਲਾ ਹੈ ਅਤੇ ਕੰਮ ਕਰਨ ਵਾਲੇ ਵਾਲੰਟੀਅਰ ਘੱਟ ਗਏ ਹਨ। ਨੌਜਵਾਨਾਂ 'ਚ ਸਮਾਜ ਸੇਵਾ ਦਾ ਜਜ਼ਬਾ ਵੀ ਨਹੀਂ ਰਿਹਾ ਹੈ ਅਤੇ ਜਵਾਨੀ ਦੀ ਊਰਜਾ ਨੂੰ ਸਿਆਸਤ ਨੇ ਪੁੱਠਾ ਮੋੜਾ ਦਿੱਤਾ ਹੈ, ਜਿਸ ਦੇ ਵਜੋਂ ਨਸ਼ਿਆਂ ਦਾ ਕਹਿਰ ਵਧਿਆ ਹੈ।

ਪੇਂਡੂ ਕਲੱਬਾਂ 'ਚ ਜਾਨ ਪਾਉਣ ਲਈ ਹੁਣ ਪਿੰਡਾਂ ਵਿਚ ਮੁੰਡੇ ਨਹੀਂ ਲੱਭਦੇ ਹਨ ਕਿਉਂਕਿ ਸਟੱਡੀ ਵੀਜ਼ਾ ਕਰਕੇ ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ ਹਨ। ਪਰਵਾਸ ਨੇ ਯੂਥ ਕਲੱਬਾਂ ਨੂੰ ਢਾਹ ਲਾਈ ਹੈ। ਸੋਸ਼ਲ ਮੀਡੀਆ ਦੇ ਵਧ ਰਹੇ ਪ੍ਰਭਾਵ ਨੇ ਵੀ ਨੌਜਵਾਨਾਂ ਦੀ ਸਮਾਜ ਸੇਵਾ 'ਚੋਂ ਰੁਚੀ ਘਟਾ ਦਿੱਤੀ ਹੈ। ਪਿੰਡਾਂ ਦੇ ਖੇਡ ਮੈਦਾਨਾਂ ਵਿਚ ਹੁਣ ਨੌਜਵਾਨ ਖੇਡਦੇ ਨਹੀਂ, ਬਲਕਿ ਮੋਬਾਈਲਾਂ 'ਤੇ ਉਲਝੇ ਨਜ਼ਰ ਆਉਂਦੇ ਹਨ।

## ਪੰਜਾਬ ਸਰਕਾਰ ਵੱਲੋਂ ਜ਼ੀਰਾ ਫੈਕਟਰੀ ਦੀ ਪ੍ਰਵਾਨਗੀ ਰੱਦ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜ਼ੀਰਾ ਸ਼ਰਾਬ ਫੈਕਟਰੀ ਚਲਾਏ ਜਾਣ ਦੀ ਪ੍ਰਵਾਨਗੀ ਰੱਦ ਕਰ ਦਿੱਤੀ ਹੈ, ਜਿਸ ਨਾਲ ਸ਼ਰਾਬ ਫੈਕਟਰੀ ਨੂੰ ਰਸਮੀ ਤੌਰ 'ਤੇ ਬੰਦ ਕੀਤੇ ਜਾਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਜ਼ੀਰਾ ਸ਼ਰਾਬ ਫੈਕਟਰੀ ਦੇ ਪ੍ਰਬੰਧਕਾਂ ਨੇ ਦਸੰਬਰ 2022 ਵਿਚ ਫੈਕਟਰੀ ਚਲਾਉਣ ਵਾਸਤੇ ਪ੍ਰਵਾਨਗੀ ਲਈ ਅਰਜ਼ੀ ਦਾਖਲ ਕੀਤੀ ਸੀ। ਸੂਤਰਾਂ ਅਨੁਸਾਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਦੋ ਦਿਨ ਪਹਿਲਾਂ ਫੈਕਟਰੀ ਪ੍ਰਬੰਧਕਾਂ ਵੱਲੋਂ ਅਪਲਾਈ ਕੀਤਾ ਗਿਆ 'ਕਨਸੈਂਟ ਟੂ ਅਪਰੇਟ' ਰੱਦ ਕਰ ਦਿੱਤਾ ਹੈ, ਜਿਸ ਪਿੱਛੋਂ ਹੁਣ ਕਾਨੂੰਨੀ ਤੌਰ 'ਤੇ ਫੈਕਟਰੀ ਚੱਲ ਨਹੀਂ ਸਕੇਗੀ। ਪਤਾ ਲੱਗਿਆ ਹੈ ਕਿ ਆਬਕਾਰੀ ਮਹਿਕਮੇ ਵੱਲੋਂ ਇਸ ਫੈਕਟਰੀ ਨੂੰ ਦਿੱਤੀ ਪ੍ਰਵਾਨਗੀ ਦੀ ਮਿਆਦ ਵੀ 31 ਮਾਰਚ ਤੱਕ ਦੀ ਹੈ ਅਤੇ ਮੁੜ ਪ੍ਰਵਾਨਗੀ ਦਿੱਤੇ ਜਾਣ ਦੀ ਸੰਭਾਵਨਾ ਵੀ ਲਗਭਗ ਖਤਮ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 17 ਜਨਵਰੀ ਨੂੰ ਟਵੀਟ ਕਰ ਕੇ ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਸੀ ਅਤੇ ਵਾਅਦਾ ਕੀਤਾ ਸੀ ਕਿ ਪੰਜਾਬ ਦੀ ਆਬੋ-ਹਵਾ ਨੂੰ ਖਰਾਬ ਨਹੀਂ ਹੋਣ ਦਿੱਤਾ ਜਾਵੇਗਾ।

## ਅਮਰੀਕਾ 'ਚ ਭਾਰਤੀ ਕੰਪਨੀ ਦੇ ਆਈ ਡ੍ਰਾਪਸ ਕਾਰਨ ਕਈ ਗੰਭੀਰ ਪ੍ਰਭਾਵ ਦੀਆਂ ਘਟਨਾਵਾਂ ਵਾਪਰੀਆਂ

- ਕੰਪਨੀ ਨੇ ਵਾਪਸ ਮੰਗਵਾਈ ਦਵਾਈ

**ਚੇਨਈ, (ਪੰਜਾਬ ਮੇਲ)-** ਚੇਨਈ ਸਥਿਤ ਇਕ ਕੰਪਨੀ ਨੇ ਅਮਰੀਕੀ ਬਾਜ਼ਾਰ ਤੋਂ ਆਪਣੇ ਆਈ ਡ੍ਰਾਪਸ ਨੂੰ ਵਾਪਸ ਮੰਗਵਾ ਲਿਆ ਹੈ ਕਿਉਂਕਿ ਅਮਰੀਕੀ ਸਰਕਾਰੀ ਏਜੰਸੀ ਨੇ ਕੰਪਨੀ ਨੂੰ ਸੂਚਿਤ ਕੀਤਾ ਹੈ ਕਿ ਆਈ ਡ੍ਰਾਪਸ ਦੀ ਵਰਤੋਂ ਕਾਰਨ ਕਈ ਗੰਭੀਰ ਮਾੜੇ ਪ੍ਰਭਾਵ ਦੀਆਂ ਘਟਨਾਵਾਂ ਹੋਈਆਂ ਹਨ। ਅਮਰੀਕੀ ਸਰਕਾਰੀ ਏਜੰਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਨੇ ਕਿਹਾ ਕਿ ਅੱਖਾਂ 'ਚ ਇਨਫੈਕਸ਼ਨ, ਨਜ਼ਰ ਦਾ ਸਥਾਈ ਨੁਕਸਾਨ ਅਤੇ ਖੂਨ ਦੇ ਪ੍ਰਵਾਹ ਇਨਫੈਕਸ਼ਨ ਕਾਰਨ ਇਕ ਮੌਤ ਸਮੇਤ 55 ਗੰਭੀਰ ਮਾਮਲੇ ਸਾਹਮਣੇ ਆਏ ਸਨ।

ਆਈ ਡ੍ਰਾਪਸ ਦੀ ਵਰਤੋਂ ਨਾਲ 5 ਲੋਕ ਪੂਰੀ ਤਰ੍ਹਾਂ ਅੰਨ੍ਹੇ ਵੀ ਹੋ ਗਏ। ਅਮਰੀਕਾ 'ਚ ਐਜਰੀਕੇਅਰ, ਐੱਲ.ਐੱਲ.ਸੀ. ਅਤੇ ਡੈਲਸਮ ਫਾਰਮਾ ਵੱਲੋਂ ਡਿਸਟ੍ਰੀਬਿਊਟ ਗਲੋਬਲ ਹੈਲਥ ਫਾਰਮਾ ਦੇ ਉਤਪਾਦ ਲੁਬਰੀਕੈਂਟ ਆਈ ਡ੍ਰਾਪਸ ਦੀ ਜਾਂਚ ਰੋਗ ਨਿਵਾਰਣ ਅਤੇ ਰੋਕਥਾਮ ਕੇਂਦਰ ਵੱਲੋਂ ਕੀਤੀ ਜਾ ਰਹੀ ਹੈ। ਹਾਲਾਂਕਿ, ਭਾਰਤ 'ਚ ਇਹ ਆਈ ਡ੍ਰਾਪਸ ਨਹੀਂ ਵੇਚੇ ਜਾਂਦੇ। ਯੂ.ਐੱਸ. ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ.ਡੀ.ਏ.) ਨੇ ਡਾਕਟਰਾਂ ਅਤੇ ਖਪਤਕਾਰਾਂ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਬਾਜ਼ਾਰ ਤੋਂ ਉਤਪਾਦ ਨਾ ਖਰੀਦਣ ਅਤੇ ਪਹਿਲਾਂ ਤੋਂ ਖਰੀਦ ਚੁੱਕੇ ਲੋਕਾਂ ਨੂੰ ਇਸ ਦੀ ਵਰਤੋਂ ਨਾ ਕਰਨ ਦੀ ਚਿਤਾਵਨੀ ਦਿੱਤੀ ਗਈ। ਕੰਪਨੀ ਨੂੰ ਹੁਣ ਯੂ.ਐੱਸ.ਐੱਫ.ਡੀ.ਏ. ਦੀ ਦਰਾਮਦ ਚਿਤਾਵਨੀ ਸੂਚੀ 'ਚ ਰੱਖਿਆ ਗਿਆ ਹੈ, ਜਿਸ ਦਾ ਮਕਸਦ ਕੰਪਨੀ ਦੇ ਉਤਪਾਦਾਂ ਨੂੰ ਅਮਰੀਕਾ 'ਚ ਦਾਖਲ ਹੋਣ ਤੋਂ ਰੋਕਣਾ ਹੈ। ਯੂ.ਐੱਸ.ਐੱਫ.ਡੀ.ਏ. ਵੱਲੋਂ ਚਿਤਾਵਨੀ ਜਾਰੀ ਕਰਨ ਤੋਂ ਬਾਅਦ ਕੇਂਦਰ ਅਤੇ ਤਾਮਿਲਨਾਡੂ ਸਰਕਾਰ ਦੇ ਡਰੱਗ ਇੰਸਪੈਕਟਰਾਂ ਦੀ ਇਕ ਟੀਮ ਨੇ ਕੰਪਨੀ ਦੇ ਕੰਪਲੈਕਸ ਦੀ ਜਾਂਚ ਕੀਤੀ।

## ਸਾਊਦੀ ਅਰਬ ਵੱਲੋਂ ਪਹਿਲੀ ਸਾਊਦੀ ਮਹਿਲਾ ਪੁਲਾੜ ਯਾਤਰੀ ਨੂੰ ਪੁਲਾੜ ਭੇਜਣ ਦਾ ਐਲਾਨ

**ਰਿਆਦ, (ਪੰਜਾਬ ਮੇਲ)-** ਸਾਊਦੀ ਅਰਬ ਨੇ ਐਤਵਾਰ ਨੂੰ 2023 ਦੀ ਦੂਜੀ ਤਿਮਾਹੀ 'ਚ ਪਹਿਲੀ ਸਾਊਦੀ ਮਹਿਲਾ ਪੁਲਾੜ ਯਾਤਰੀ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਭੇਜਣ ਦੀ ਯੋਜਨਾ ਦਾ ਐਲਾਨ ਕੀਤਾ। ਸਾਊਦੀ ਪੁਰਸ਼ ਪੁਲਾੜ ਯਾਤਰੀ ਅਲੀ ਅਲ-ਕਰਨੀ ਨਾਲ ਮਹਿਲਾ ਪੁਲਾੜ ਯਾਤਰੀ ਰੇਯਨਾ ਬਰਨਾਵੀ ਨੂੰ ਏ. ਐਕਸ.-2 ਪੁਲਾੜ ਮਿਸ਼ਨ ਦੇ ਚਾਲਕ ਦਲ ਵਿਚਾਲੇ ਪੁਲਾੜ 'ਚ ਭੇਜਿਆ ਜਾਵੇਗਾ। ਉਹ ਪੁਲਾੜ 'ਚ ਜਾਣ ਵਾਲੇ ਪਹਿਲੇ ਸਾਊਦੀ ਪੁਲਾੜ ਯਾਤਰੀ ਹੋਣਗੇ।

ਇਸ ਕਦਮ ਦਾ ਉਦੇਸ਼ ਮਨੁੱਖੀ ਪੁਲਾੜ ਉਡਾਣ 'ਚ ਰਾਸ਼ਟਰੀ ਸਮਰੱਥਾਵਾਂ ਨੂੰ ਹੁਲਾਰਾ ਦੇਣਾ ਤੇ ਸਿਹਤ, ਸਥਿਰਤਾ ਅਤੇ ਪੁਲਾੜ ਟੈਕਨਾਲੋਜੀ ਵਰਗੇ ਖੇਤਰਾਂ 'ਚ ਵਿਗਿਆਨਕ ਖੋਜ 'ਚ ਯੋਗਦਾਨ ਪਾਉਣਾ ਹੈ। ਇਹ ਕਦਮ ਸਾਊਦੀ ਹਿਊਮਨ ਸਪੇਸਫਲਾਈਟ ਪ੍ਰੋਗਰਾਮ ਦੇ ਹਿੱਸੇ ਵਜੋਂ ਹਨ, ਜਿਸ ਿੱਚ ਮਿਸ਼ਨ ਦੀਆਂ ਸਾਰੀਆਂ ਜ਼ਰੂਰਤਾਂ ਲਈ ਦੋਵੇਂ ਪੁਲਾੜ ਯਾਤਰੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ।

Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਭਾਰਤ ਦੇ ਰੂਸ ਨਾਲ ਸਬੰਧਾਂ ਅਤੇ ਜਮਹੂਰੀ ਕਦਰਾਂ ਦੇ ਨਿਘਾਰ 'ਤੇ ਅਮਰੀਕਾ ਦੀ ਤਿੱਖੀ ਨਜ਼ਰ

- ਸੈਨੇਟ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਵੱਲੋਂ ਰਿਪੋਰਟ ਜਾਰੀ
- ਰਿਪੋਰਟ 'ਚ ਬਾਇਡਨ ਸਰਕਾਰ ਨੂੰ ਹਿੰਦ-ਪ੍ਰਸ਼ਾਂਤ ਖ਼ਿੱਤੇ ਵੱਲ ਧਿਆਨ ਦੇਣ ਦੀ ਲੋੜ ਜਤਾਈ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ਦੇ ਰੂਸ ਨਾਲ ਸਬੰਧਾਂ ਅਤੇ ਮੁਲਕ 'ਚ ਜਮਹੂਰੀ ਕਦਰਾਂ-ਕੀਮਤਾਂ ਤੇ ਅਦਾਰਿਆਂ ਦੇ ਨਿਘਾਰ ਵਾਲੇ ਰੁਝਾਨ 'ਤੇ ਅਮਰੀਕਾ ਦੀ ਤਿੱਖੀ ਨਜ਼ਰ ਹੈ। ਸੈਨੇਟ ਦੀ ਵਿਦੇਸ਼ ਮਾਮਲਿਆਂ ਨਾਲ ਸਬੰਧਤ ਕਮੇਟੀ ਨੇ ਇੱਕ ਰਿਪੋਰਟ 'ਚ ਬਾਇਡਨ ਸਰਕਾਰ ਨੂੰ ਇਸ ਪਾਸੇ ਵੱਲ ਧਿਆਨ ਦੇਣ ਲਈ ਕਿਹਾ ਹੈ। ਅਮਰੀਕਾ ਵੱਲੋਂ ਜਦੋਂ ਰਣਨੀਤਕ ਤੌਰ 'ਤੇ ਅਹਿਮ ਹਿੰਦ-ਪ੍ਰਸ਼ਾਂਤ ਖ਼ਿੱਤੇ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ, ਤਾਂ ਭਾਰਤ ਦੇ ਹੋਰ ਮੁਲਕਾਂ ਨਾਲ ਸਬੰਧਾਂ 'ਤੇ ਵੀ ਨਜ਼ਰ ਰੱਖਣ ਦੀ ਲੋੜ ਜਤਾਈ ਗਈ ਹੈ।

ਡੈਮੋਕਰੈਟਿਕ ਪਾਰਟੀ ਵੱਲੋਂ ਜਾਰੀ ਰਿਪੋਰਟ ਵਿਚ ਮਜ਼ਬੂਤ ਅਤੇ ਜਮਹੂਰੀ ਭਾਰਤ ਦਾ ਸਮਰਥਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਚੀਨ ਖ਼ਿੱਤੇ 'ਚ ਆਪਣੀ ਤਾਕਤ ਦਿਖਾ ਰਿਹਾ ਹੈ। ਸੈਨੇਟ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਸੈਨੇਟਰ ਰੌਬਰਟ ਮੈਨੇਂਡੇਜ਼ ਨੇ ਕਿਹਾ ਕਿ ਅਮਰੀਕਾ ਨੂੰ ਆਪਣੇ ਸਾਰੇ ਸਾਧਨਾਂ ਨਾਲ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਪਹੁੰਚ ਬਣਾਉਣ ਦੀ ਲੋੜ ਹੈ। 'ਸਟਰੈਟੇਜਿਕ ਅਲਾਇਨਮੈਂਟ: ਦਿ ਇਮਪੈਰੇਟਿਵ ਆਫ਼ ਰਿਸੋਰਸਿੰਗ ਦਿ ਇੰਡੋ-ਪੈਸੇਫਿਕ ਸਟਰੈਟੇਜੀ' ਨਾਮ ਦੀ ਰਿਪੋਰਟ ਵੀਰਵਾਰ ਨੂੰ ਜਾਰੀ ਕੀਤੀ ਗਈ ਹੈ। ਮੈਨੇਂਡੇਜ਼ ਨੇ ਕਿਹਾ, "ਰਾਸ਼ਟਰਪਤੀ ਬਾਇਡਨ ਦੀ ਇੱਕ ਸਾਲ ਪਹਿਲਾਂ ਜਾਰੀ ਕੀਤੀ ਗਈ ਹਿੰਦ-ਪ੍ਰਸ਼ਾਂਤ ਰਣਨੀਤੀ ਸਰਕਾਰ ਦੇ ਦ੍ਰਿਸ਼ਟੀਕੋਣ 'ਤੇ ਆਧਾਰਿਤ ਹੈ। ਜੇ ਇਹ ਰਣਨੀਤੀ ਸਫ਼ਲ ਹੁੰਦੀ ਹੈ, ਤਾਂ ਇਹ ਸਭ ਤੋਂ ਕਾਰਗਰ ਹੋਵੇਗੀ, ਜਿਸ ਨਾਲ ਅਮਰੀਕਾ ਦਾ ਕੰਟਰੋਲ ਹੋਰ ਮਜ਼ਬੂਤ ਹੋਵੇਗਾ।" ਰਿਪੋਰਟ ਅਨੁਸਾਰ ਬਾਇਡਨ ਸਰਕਾਰ ਆਪਣੀ ਇਸ ਰਣਨੀਤੀ ਨੂੰ ਪੂਰੀ ਤਰ੍ਹਾਂ ਨਾਲ ਚੀਨ ਦੇ ਖ਼ਿਲਾਫ਼ ਨਹੀਂ ਰੱਖ ਰਿਹਾ ਹੈ, ਜੋ ਸਹੀ ਗੱਲ ਹੈ। ਹਾਲਾਂਕਿ ਅਮਰੀਕਾ ਨੂੰ ਇਸ ਰਣਨੀਤੀ ਸਬੰਧੀ ਆਪਣੇ ਸਹਿਯੋਗੀ ਮੁਲਕਾਂ ਦੀਆਂ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

# ਦੁਨੀਆਂ ਭਰ 'ਚ ਇਸ ਸਾਲ 1.10 ਲੱਖ ਲੋਕ ਹੋਏ ਬੇਰੋਜ਼ਗਾਰ




**ਨਵੀਂ ਦਿੱਲੀ, (ਪੰਜਾਬ ਮੇਲ)-** ਟੈੱਕ ਉਦਯੋਗ 'ਚ 17,400 ਤੋਂ ਵਧ ਕਰਮਚਾਰੀਆਂ ਨੇ ਕੌਮਾਂਤਰੀ ਪੱਧਰ 'ਤੇ ਫਰਵਰੀ ਮਹੀਨੇ 'ਚ ਨੌਕਰੀ ਗਵਾ ਦਿੱਤੀ ਹੈ। ਭਾਰਤ 'ਚ ਵੀ ਕਈ ਵਰਕਰਾਂ ਨੂੰ ਨੌਕਰੀ ਤੋਂ ਕੱਢਿਆ ਗਿਆ ਹੈ। 2023 'ਚ ਹੁਣ ਤੱਕ ਦੁਨੀਆਂ ਭਰ 'ਚ ਲਗਭਗ 340 ਕੰਪਨੀਆਂ ਨੇ 1.10 ਲੱਖ ਤੋਂ ਵਧ ਕਰਮਚਾਰੀਆਂ ਦੀ ਛਾਂਟੀ ਕੀਤੀ ਹੈ। ਇਸ ਮਹੀਨੇ ਛਾਂਟੀ ਸ਼ੁਰੂ ਕਰਨ ਵਾਲੀਆਂ ਪ੍ਰਮੁੱਖ ਕੰਪਨੀਆਂ 'ਚ ਯਾਹੂ, ਬਾਇਜੂ, ਗੋ ਡੈਡੀ, ਗਿਟਹਬ, ਈਬੇ, ਆਟੋ ਡੈਸਕ, ਓ.ਐੱਲ.ਐੱਕਸ ਗਰੁੱਪ ਅਤੇ ਹੋਰ ਸ਼ਾਮਲ ਹਨ। ਲੇਆਫ ਡਾਟ ਐੱਫ.ਵਾਈ.ਆਈ. ਦੀ ਵੈੱਬਸਾਈਟ ਅਨੁਸਾਰ ਜਨਵਰੀ 'ਚ 1 ਲੱਖ ਦੇ ਕਰੀਬ ਲੋਕਾਂ ਨੇ ਕੌਮਾਂਤਰੀ ਪੱਧਰ 'ਤੇ ਜਨਵਰੀ ਦੇ ਮਹੀਨੇ 'ਚ ਨੌਕਰੀ ਗਵਾ ਦਿੱਤੀ।

ਇਕੱਲੇ ਜਨਵਰੀ 'ਚ ਦੁਨੀਆਂ ਭਰ 'ਚ 288 ਤੋਂ ਵਧ ਕੰਪਨੀਆਂ ਵੱਲੋਂ ਔਸਤਨ ਰੋਜ਼ਾਨਾ 3,300 ਤੋਂ ਵਧ ਤਕਨੀਕੀ ਕਰਮਚਾਰੀਆਂ ਨੂੰ ਨੌਕਰੀ ਤੋਂ ਹੱਥ ਧੋਣਾ ਪਿਆ। ਮੰਦੀ ਦੇ ਡਰ ਦਰਮਿਆਨ ਆਉਣ ਵਾਲੇ ਦਿਨਾਂ 'ਚ ਨੌਕਰੀਆਂ 'ਚ ਹੋਰ ਕਟੌਤੀ ਦੀਆਂ ਸੰਭਾਵਨਾਵਾਂ ਹਨ। ਪਿਛਲੇ ਸਾਲ ਨਵੰਬਰ 'ਚ 11,000 ਕਰਮਚਾਰੀਆਂ ਨੂੰ ਕੱਢਣ ਤੋਂ ਬਾਅਦ, ਮੇਟਾ (ਪਿਛਲੇ ਸਮੇਂ 'ਚ ਫੇਸਬੁਕ) ਕਥਿਤ ਤੌਰ 'ਤੇ ਆਪਣੇ ਕਰਮਚਾਰੀਆਂ ਦੀ ਗਿਣਤੀ ਨੂੰ ਹੋਰ ਘੱਟ ਕਰਨ ਦੀ ਯੋਜਨਾ ਬਣਾ ਰਹੀ ਹੈ। ਐਵੀਏਸ਼ਨ ਕੰਪਨੀ ਬੋਇੰਗ ਇਸ ਸਾਲ ਫਾਈਨਾਂਸ ਅਤੇ ਐੱਚ.ਆਰ. ਵਰਟੀਕਲ 'ਚ 2000 ਨੌਕਰੀਆਂ ਦੀ ਕਮੀ ਕਰ ਰਹੀ ਹੈ ਅਤੇ ਕੰਪਨੀ ਇਨ੍ਹਾਂ 'ਚੋਂ ਇਕ ਤਿਹਾਈ ਜਾਬ ਟਾਟਾ ਕੰਸਲਟਿੰਗ ਸਰਵਿਸਿਜ਼ (ਟੀ.ਸੀ.ਐੱਸ.) ਨੂੰ ਬੈਂਗਲੂਰੂ 'ਚ ਆਊਟਸੋਰਸ ਕਰਦੀ ਹੈ।

# 'ਕਾਲੇ ਧਨ ਨੂੰ ਸਫੈਦ' ਕਰਨ ਵਾਲੀਆਂ ਕੰਪਨੀਆਂ 'ਤੇ ਵਿਜੀਲੈਂਸ ਦਾ ਸ਼ਿਕੰਜਾ

- ਸਿਆਸਤਦਾਨਾਂ ਤੇ ਅਧਿਕਾਰੀਆਂ ਵੱਲੋਂ ਰੀਅਲ ਅਸਟੇਟ ਕੰਪਨੀਆਂ 'ਚ 'ਗੁਪਤ ਨਿਵੇਸ਼' ਦੇ ਤੱਥ ਆਏ ਸਾਹਮਣੇ
- ਵਿਜੀਲੈਂਸ ਨੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਜਾਂਚ 'ਚ ਕੰਪਨੀਆਂ ਨੂੰ ਵੀ ਆਧਾਰ ਬਣਾਇਆ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਬੇਨਾਮੀ ਜਾਂ ਕਾਨੂੰਨੀ ਵਾਰਿਸਾਂ ਦੇ ਨਾਂ 'ਤੇ ਜਾਇਦਾਦ ਬਣਾਉਣ ਵਾਲੇ ਸਿਆਸਤਦਾਨਾਂ ਅਤੇ ਅਫ਼ਸਰਾਂ ਦੀ ਸ਼ਨਾਖਤ ਦੇ ਨਾਲ-ਨਾਲ ਬਿਲਡਰਾਂ ਤੇ ਰੀਅਲ ਅਸਟੇਟ ਕੰਪਨੀਆਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੰਘੇ ਇਕ ਸਾਲ ਤੋਂ ਸਿਆਸਤਦਾਨਾਂ ਅਤੇ ਅਫ਼ਸਰਾਂ ਖਿਲਾਫ਼ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਤਫ਼ਤੀਸ਼ ਦੌਰਾਨ ਅਫ਼ਸਰਾਂ ਤੇ ਸਿਆਸਤਦਾਨਾਂ ਵੱਲੋਂ ਆਪਣੇ ਧੀਆਂ ਪੁੱਤਾਂ ਤੇ ਜੀਵਨ ਸਾਥੀਆਂ ਦੇ ਨਾਂ 'ਤੇ ਰੀਅਲ ਅਸਟੇਟ ਕੰਪਨੀਆਂ ਵਿਚ ਕਰੋੜਾਂ ਰੁਪਏ ਦਾ ਨਿਵੇਸ਼ ਕਰਨ ਦੇ ਤੱਥ ਸਾਹਮਣੇ ਆਏ ਹਨ। ਵਿਜੀਲੈਂਸ ਦੀ ਤਫ਼ਤੀਸ਼ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਅਫ਼ਸਰਾਂ ਤੇ ਸਿਆਸਤਦਾਨਾਂ ਦੇ ਧੀਆਂ ਪੁੱਤ ਬਾਲਗ ਹੁੰਦਿਆਂ ਹੀ ਸਾਲਾਨਾ ਮੋਟੀ ਕਮਾਈ ਕਰਨ ਲੱਗ ਜਾਂਦੇ ਹਨ ਤੇ ਪਤਨੀਆਂ ਦੇ ਨਾਂ 'ਤੇ ਵੀ ਸਾਲਾਨਾ ਆਮਦਨ ਦਾ ਮੋਟਾ ਗੱਫਾ ਆਉਂਦਾ ਹੈ।

ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਿਰੀਸ਼ ਵਰਮਾ ਦੇ ਇਕ ਸਾਥੀ ਕਾਲੋਨਾਈਜ਼ਰ ਆਸ਼ੂ ਗੋਇਲ ਨੂੰ ਇਸ ਕਰ ਕੇ ਗ੍ਰਿਫਤਾਰ ਕੀਤਾ ਗਿਆ ਹੈ ਕਿਉਂਕ ਇਹ ਵਿਅਕਤੀ ਆਮਦਨ ਦੇ ਜਾਣੂ ਸਰੋਤਾਂ ਨਾਲੋਂ ਵੱਧ ਦੌਲਤ ਬਣਾਉਣ ਵਿਚ ਮਦਦ ਕਰਨ ਤੇ ਨਾਜਾਇਜ਼ ਪੈਸੇ ਨੂੰ ਨਿਵੇਸ਼ ਕਰਵਾਉਣ ਦਾ ਦੋਸ਼ੀ ਹੈ। ਵਿਜੀਲੈਂਸ ਮੁਤਾਬਕ ਆਸ਼ੂ ਗੋਇਲ, ਗੌਰਵ ਗੁਪਤਾ ਅਤੇ ਵਿਕਾਸ ਵਰਮਾ ਨੇ ਦੋ ਫਰਮਾਂ, ਮੈਸਰਜ਼ ਬਾਲਾ ਜੀ ਇਨਫਰਾ ਬਿਲਡਟੈਕ, ਖਰੜ ਅਤੇ ਮੈਸਰਜ਼ ਬਾਲਾ ਜੀ ਡਿਵੈਲਪਰ ਕੁਰਾਲੀ ਦੀ ਸਥਾਪਨਾ ਕੀਤੀ। ਇਨ੍ਹਾਂ ਵਿਅਕਤੀਆਂ ਨੇ ਦੋਵਾਂ ਫਰਮਾਂ ਦੇ ਅਧੀਨ ਕਲੋਨੀਆਂ ਵਿਕਸਿਤ ਕੀਤੀਆਂ ਅਤੇ ਈਓ ਗਿਰੀਸ਼ ਵਰਮਾ ਨੇ ਆਪਣੇ ਪੁੱਤਰ ਰਾਹੀਂ ਇਨ੍ਹਾਂ ਫਰਮਾਂ ਵਿਚ ਗੈਰਕਾਨੂੰਨੀ ਤੌਰ 'ਤੇ ਕਮਾਇਆ ਨਾਜਾਇਜ਼ ਪੈਸਾ ਸਹੀ ਦਰਸਾਉਣ (ਵ੍ਹਾਈਟ ਮਨੀ) ਲਈ ਨਿਵੇਸ਼ ਕੀਤਾ।

ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਹੋਰ ਜਾਂਚ ਚੱਲ ਰਹੀ ਹੈ ਅਤੇ ਇਸ ਮਾਮਲੇ ਵਿਚ ਹੋਰ ਸ਼ੱਕੀ ਵਿਅਕਤੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ। ਵਿਜੀਲੈਂਸ ਵੱਲੋਂ ਗਿਰੀਸ਼ ਵਰਮਾ, ਉਸ ਦੀ ਪਤਨੀ ਸੰਗੀਤਾ ਸ਼ਰਮਾ ਤੇ ਉਸ ਦੇ ਪੁੱਤਰ ਵਿਕਾਸ ਵਰਮਾ ਦੇ ਖਿਲਾਫ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਵਿਜੀਲੈਂਸ ਵੱਲੋਂ ਵਰਮਾ ਦੇ ਪਰਿਵਾਰਕ ਮੈਂਬਰਾਂ ਸਮੇਤ ਦੋਸਤਾਂ ਦੇ ਖਿਲਾਫ਼ ਵੀ ਕਾਰਵਾਈ ਦੀ ਲੰਮੀ ਸੂਚੀ ਤਿਆਰ ਕੀਤੀ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਗਿਰੀਸ਼ ਵਰਮਾ ਵੱਲੋਂ ਆਪਣੀ ਤਾਇਨਾਤੀ ਲਈ ਸਿਆਸਤਦਾਨਾਂ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀਆਂ ਨੂੰ ਮਹੀਨਾਵਾਰ ਪੈਸੇ ਦਿੱਤੇ ਜਾਂਦੇ ਸਨ, ਜਿਸ ਦੀ ਜਾਂਚ ਚੱਲ ਰਹੀ ਹੈ।

ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ ਸੂਬੇ ਦੇ ਇਕ ਸੇਵਾਮੁਕਤ ਅਧਿਕਾਰੀ ਵੱਲੋਂ ਮੋਹਾਲੀ ਦੀ ਇਕ ਵੱਡੀ ਰੀਅਲ ਅਸਟੇਟ ਕੰਪਨੀ ਵਿਚ ਕਰੋੜਾਂ ਰੁਪਏ ਦਾ ਨਿਵੇਸ਼ ਕੀਤਾ ਹੋਇਆ ਹੈ। ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਵਿਜੀਲੈਂਸ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਸ ਅਧਿਕਾਰੀ ਤੋਂ ਸਮੁੱਚੀ ਜਾਣਕਾਰੀ ਦੀ ਮੰਗ ਕੀਤੀ ਜਾ ਰਹੀ ਹੈ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਲੰਘੇ 20 ਕੁ ਸਾਲਾਂ ਦੇ ਵਕਫੇ ਦੌਰਾਨ ਮੋਹਾਲੀ, ਪੰਚਕੂਲਾ, ਨਿਊ ਚੰਡੀਗੜ੍ਹ, ਜ਼ੀਰਕਪੁਰ, ਖਰੜ ਆਦਿ ਖੇਤਰਾਂ ਵਿਚ ਰਾਤੋ-ਰਾਤ ਪੈਦਾ ਹੋਈਆਂ ਕਾਲੋਨੀਆਂ ਵਿਚ ਅਫ਼ਸਰਾਂ ਤੇ ਸਿਆਸਤਦਾਨਾਂ ਵੱਲੋਂ 'ਗੁਪਤ ਨਿਵੇਸ਼' ਕੀਤਾ ਹੋਇਆ ਹੈ। ਤਫ਼ਤੀਸ਼ ਦੌਰਾਨ ਕਈ ਅਫ਼ਸਰ ਧੀਆਂ ਪੁੱਤਾਂ ਦੇ ਨਾਂ 'ਤੇ ਹੋਏ ਨਿਵੇਸ਼ ਨੂੰ ਤਰਕਸੰਗਤ ਨਹੀਂ ਠਹਿਰਾ ਸਕੇ। ਇਸ ਲਈ ਵਿਜੀਲੈਂਸ ਨੇ ਉਨ੍ਹਾਂ ਅਫ਼ਸਰਾਂ ਤੇ ਸਿਆਸਤਦਾਨਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ, ਜਿਨ੍ਹਾਂ ਬਿਲਡਰਾਂ ਜਾਂ ਰੀਅਲ ਅਸਟੇਟ ਕੰਪਨੀਆਂ 'ਚ ਨਿਵੇਸ਼ ਕੀਤਾ ਹੈ। ਇਸ ਮਾਮਲੇ ਵਿਚ ਪਹਿਲੀ ਐੱਫ.ਆਈ.ਆਰ. ਸਥਾਨਕ ਸਰਕਾਰਾਂ ਵਿਭਾਗ ਦੇ ਕਾਰਜਸਧਾਕ ਅਫ਼ਸਰ ਗਿਰੀਸ਼ ਵਰਮਾ ਦੇ 23 ਸਾਲਾ ਪੁੱਤਰ ਦੇ ਨਾਂ 'ਤੇ ਨਿਵੇਸ਼ ਕਰਵਾਉਣ ਵਾਲੇ ਆਸ਼ੂ ਗੋਇਲ ਤੇ ਗੌਰਵ ਗੁਪਤਾ ਖਿਲਾਫ਼ ਦਰਜ ਕੀਤੀ ਗਈ ਹੈ।




# ‘ਰਕੋਸਾ’ ਵੱਲੋਂ ‘ਐਲੁਮਨੀ ਮੀਟ’ ’ਚ ਆਪਣੇ ਪੱਥ-ਪ੍ਰਦਸ਼ਕ ਪ੍ਰੋ. ਰਣਜੀਤ ਸਿੰਘ ਤੇ ਪ੍ਰੋ. ਬਰਿਜ ਮੋਹਨ ਕਪਲਿਸ਼ ਸਨਮਾਨਤ





1. ‘ਰਕੋਸਾ’ ਵਲੋਂ ਰਾਮਗੜ੍ਹੀਆ ਕਾਲਜ ਦੇ ਸਾਬਕਾ ਪ੍ਰਿੰਸੀਪਲ ਅਤੇ ਪ੍ਰੋ. ਰਣਜੀਤ ਸਿੰਘ (ਅੰਗਰੇਜ਼ੀ) ਅਤੇ ਪ੍ਰੋ. ਬਰਿਜ ਮੋਹਨ ਕਪਲਿਸ਼ (ਹਿਸਾਬ) ਨੂੰ ਸਨਮਾਨਤ ਕੀਤੇ ਜਾਣ ਦਾ ਦ੍ਰਿਸ਼। (ਸੱਜੇ) ‘ਰਕੋਸਾ’ ਦੇ ਸੰਵਿਧਾਨ ਨੂੰ ਰਿਲੀਜ਼ ਕੀਤੇ ਜਾਣ ਦੀ ਫੋਟੋ।

ਫਗਵਾੜਾ, (ਪੰਜਾਬ ਮੇਲ)- ਰਾਮਗੜ੍ਹੀਆ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ (ਰਕੋਸਾ) ਫਗਵਾੜਾ ਦੀ ਪਲੇਠੀ ‘ਐਲੁਮਨੀ ਮੀਟ’ ਇਕ ਸਥਾਨਕ ਹੋਟਲ ਵਿਚ ਹੋਈ। ਇਸ ਜਨਰਲ ਬਾਡੀ ਮੀਟਿੰਗ ਦੀ ਪ੍ਰਧਾਨਗੀ ਐੱਸ.ਪੀ. ਸੇਠੀ (ਫਾਈਨ ਸਵਿਚਜ਼) ਨੇ ਕੀਤੀ।

ਇਸ ਦੌਰਾਨ ਇਕ ਪ੍ਰਭਾਵਸ਼ਾਲੀ ਸਮਾਗਮ ’ਚ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਆਪਣੇ ਪੱਥ-ਪ੍ਰਦਸ਼ਕਾਂ 93 ਸਾਲਾ ਸੇਵਾਮੁਕਤ ਅੰਗਰੇਜ਼ੀ ਦੇ ਪ੍ਰੋਫੈਸਰ ਅਤੇ ਕਾਲਜ ਦੇ ਸਾਬਕਾ ਪ੍ਰਿੰਸੀਪਲ ਸ. ਰਣਜੀਤ ਸਿੰਘ ਅਤੇ 84 ਸਾਲਾ ਸੇਵਾਮੁਕਤ ਗਣਿਤ ਦੇ ਪ੍ਰੋਫੈਸਰ ਸ਼੍ਰੀ ਬਰਿਜ ਮੋਹਨ ਕਪਲਿਸ਼ ਦਾ ਸ਼ੁਕਰੀਆ ਅਦਾ ਕਰਨ ਹਿਤ ਉਨ੍ਹਾਂ ਨੂੰ ਸਨਮਾਨਤ ਕੀਤਾ।

ਇਹ ਜਾਣਕਾਰੀ ਦਿੰਦਿਆਂ ‘ਰਕੋਸਾ’ ਦੇ ਜਨਰਲ ਸਕਤਰ ਸ. ਸਰਬਜੀਤ ਸਿੰਘ ਭੱਟੀ, ਸੇਵਾ ਮੁਕਤ, ਐੱਸ.ਐੱਸ.ਪੀ. (ਆਈ.ਬੀ.) ਨੇ ਦੱਸਿਆ ਕਿ ਸਨਮਾਨ ਵਜੋਂ ਦੋਨਾਂ ਵਿਦਿਅਕ ਹਸਤੀਆਂ ਨੂੰ ਮਮੈਂਟੋ, ਸ਼ਾਲ ਅਤੇ ਫੁਲਾਂ ਦੇ ਗੁਲਦਸਤੇ ਭੇਟ ਕੀਤੇ ਗਏ।

ਇਸ ਮੌਕੇ ਪ੍ਰੋ. ਰਣਜੀਤ ਸਿੰਘ ਬਾਰੇ ਜਾਣਕਾਰੀ ਪ੍ਰੋ. ਜਸਵੰਤ ਸਿੰਘ ਗੰਡਮ ਅਤੇ ਪ੍ਰੋ. ਬਰਿਜ ਮੋਹਨ ਕਪਲਿਸ਼ ਬਾਰੇ ਜਾਣਕਾਰੀ ਪ੍ਰੋ. ਅਸ਼ੋਕ ਚੱਢਾ ਨੇ ਦਿੱਤੀ।

ਪ੍ਰੋ. ਰਣਜੀਤ ਸਿੰਘ ਨੇ ਆਪਣੇ ਪੁਰਾਣੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਹਰ ਅਵਸਥਾ ਵਿਚ ‘ਨੌਜਵਾਨ’ ਰਹਿਣ ਅਤੇ ਮੁਹਬਤ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਰਾਮਗੜ੍ਹੀਆ ਸੰਸਥਾਵਾਂ ਦੇ ਬਾਨੀ ਪ੍ਰਧਾਨ ਸ. ਮੋਹਨ ਸਿੰਘ ਹਦੀਆਬਾਦੀ ਦੀ ਦੂਰ-ਦ੍ਰਿਸ਼ਟੀ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਸਮਾਗਮ ਵਿਚ ਸ. ਮੋਹਨ ਸਿੰਘ ਹਦੀਆਬਾਦੀ ਅਤੇ ਸ. ਮੇਲਾ ਸਿੰਘ ਭੋਗਲ ਸਮੇਤ ਰਾਮਗੜ੍ਹੀਆ ਵਿਦਿਅਕ ਕੌਂਸਲ ਦੇ ਸਾਬਕਾ ਪ੍ਰਧਾਨਾਂ ਨੂੰ ਸ਼ਰਧਾਂਜਲੀ ਦਿਤੀ ਗਈ।

ਸਮਾਗਮ ਵਿਚ ‘ਰਕੋਸਾ’ ਦੇ ਸੰਵਿਧਾਨ ਨੂੰ ਵੀ ਰਿਲੀਜ਼ ਕੀਤਾ ਗਿਆ। ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਸ. ਬਲਬੀਰ ਸਿੰਘ ਸੂਦਨ, ਸਾਬਕਾ ਗ੍ਰਹਿ ਸਕੱਤਰ, ਪੰਜਾਬ ਵਲੋਂ ਤਿਆਰ ਕੀਤੇ ਗਏ ਸੰਵਿਧਾਨ ਨੂੰ ਪੰਜਾਬ ਦੇ ਸਾਬਕਾ ਵਧੀਕ ਮੁੱਖ ਸਕਤਰ ਆਰ.ਪੀ.ਐੱਸ. ਪਵਾਰ (ਸੇਵਾਮੁਕਤ ਆਈ.ਏ.ਐੱਸ.) ਨੇ ਰਿਲੀਜ਼ ਕੀਤਾ। ਬਲਬੀਰ ਸੂਦਨ ਨੇ ਸੰਸਥਾ ਦੇ ਮਨੋਰਥ ਅਤੇ ਭਵਿੱਖੀ ਕਾਰਜਾਂ ਉਪਰ ਚਾਨਣਾ ਪਾਇਆ। ਸਮਾਗਮ ਨੂੰ ਉਘੇ ਸਮਾਜ ਸੇਵੀ ਅਤੇ ਉਦਯੋਗਪਤੀ ਸ਼੍ਰੀ ਕੇ.ਕੇ. ਸਰਦਾਨਾਂ, ਐੱਮ.ਡੀ. ਸੁਖਜੀਤ ਸਟਾਰਚ ਐਂਡ ਕੈਮੀਕਲਜ਼ ਲਿਮਿਟਡ ਨੇ ਵੀ ਸੰਬੋਧਨ ਕੀਤਾ।

ਪ੍ਰਧਾਨ ਐੱਸ.ਪੀ. ਸੇਠੀ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਪ੍ਰੋ. ਜਸਵੰਤ ਸਿੰਘ ਗੰਡਮ ਨੇ ਸਭ ਦਾ ਧੰਨਵਾਦ ਕੀਤਾ। ਸਥਾਨਕ ਅਤੇ ਵਿਦੇਸ਼ਾਂ ਵਿਚ ਵਸਦੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ, ਜਿਨ੍ਹਾਂ ਨੇ ਆਪਣੇ-ਆਪਣੇ ਖੇਤਰ ਵਿਚ ਮੱਲ੍ਹਾਂ ਮਾਰੀਆਂ ਹਨ, ਨੂੰ ਵੀ ਸਨਮਾਨਤ ਕੀਤਾ ਗਿਆ। ਇਨ੍ਹਾਂ ਵਿਚ ਸਰਬ ਸ਼੍ਰੀ ਆਰ.ਪੀ.ਐੱਸ. ਪਵਾਰ, ਬਲਬੀਰ ਸਿੰਘ ਸੂਦਨ ਅਤੇ ਸਰਬਜੀਤ ਸਿੰਘ ਭੱਟੀ ਤੋਂ ਇਲਾਵਾ ਪੰਜਾਬ ਦੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਦੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ, ਸੇਵਾਮੁਕਤ ਆਈ.ਪੀ.ਐੱਸ. ਅਧਿਕਾਰੀ ਐੱਸ.ਆਰ. ਦਾਰਾਪੁਰੀ, ਪੰਜਾਬੀ ਲੇਖਕ ਪ੍ਰੋ. ਜਸਵੰਤ ਸਿੰਘ ਗੰਢਮ, ਪ੍ਰੋ. ਅਸ਼ੋਕ ਚੱਢਾ ਅਤੇ ਜਗਦੀਸ਼ ਮਹੇ ਸ਼ਾਮਲ ਹਨ। ਐੱਨ.ਆਰ.ਆਈ. ਨਰਿੰਦਰਜੀਤ ਸਿੰਘ ਦੇਹਲ (ਵੈਨਕੂਵਰ, ਕੈਨੇਡਾ), ਜਿਨ੍ਹਾਂ ਨੇ ‘ਰਕੋਸਾ’ ਨੂੰ ਇਕ ਲੱਖ ਰੁਪਿਆ ਭੇਜਿਆ, ਦਾ ਸਨਮਾਨ ਚਿੰਨ੍ਹ ਪ੍ਰੋ. ਅਸ਼ੋਕ ਚੱਢਾ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੋਰ ਐੱਨ.ਆਰ.ਆਈਜ਼ ਹਰਿੰਦਰਜੀਤ ਸਿੰਘ ਤੱਖੜ, ਵਿਨੋਦ ਓਹਰੀ ਅਤੇ ਯਸ਼ਪਾਲ ਸ਼ਰਮਾ (ਟੋਰਾਂਟੋ, ਕੈਨੇਡਾ) ਦੇ ਸਨਮਾਨ ਚਿੰਨ੍ਹ ਕ੍ਰਮਵਾਰ ਸਰਬਜੀਤ ਸਿੰਘ ਭੱਟੀ ਅਤੇ ਪ੍ਰੋ. ਚੱਢਾ ਨੇ ਪ੍ਰਾਪਤ ਕੀਤੇ।

ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੀ ਚੇਅਰਪਰਸਨ ਸ਼੍ਰੀਮਤੀ ਮਨਪ੍ਰੀਤ ਕੌਰ ਭੋਗਲ, ਜੋ ਕੁਝ ਕਾਰਨਾਂ ਕਰਕੇ ਸਮਾਗਮ ਵਿਚ ਨਹੀਂ ਆ ਸਕੇ, ਦਾ ਸਨਮਾਨ ਸ਼੍ਰੀ ਪਰੇਮ ਪਾਲ ਪੱਬੀ ਨੇ ਪ੍ਰਾਪਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਮਨਜੀਤ ਸਿੰਘ ਨੂੰ ਵੀ ਸਨਮਾਨਤ ਕੀਤਾ ਗਿਆ। ਸ. ਗਿਆਨ ਸਿੰਘ, ਸ਼੍ਰੀ ਦਲਵਿੰਦਰ ਜੱਸਲ, ਸ. ਸਰਬਜੀਤ ਸਿੰਘ ਭੱਟੀ ਅਤੇ ਸ਼੍ਰੀ ਸਰਵਣ ਕਟਾਰੀਆ ਨੇ ਗੀਤ ਗਾ ਕੇ ਸਮਾਂ ਬੰਨ੍ਹ ਦਿੱਤਾ। ਕਈਆਂ ਨੇ ਭੰਗੜਾ ਵੀ ਪਾਇਆ ਅਤੇ ਕੁਝ ਨੇ ਆਪਣੇ ਜਵਾਨੀ ਵੇਲੇ ਦੇ ਪਿਆਰ ਦੇ ਕਿਸੇ ਵੀ ਸੁਣਾਏ। ਸ਼ੇਅਰੋ-ਸ਼ਾਇਰੀ ਵੀ ਖੂਬ ਹੋਈ। ਸਮਾਗਮ ਸਭ ਨੂੰ ਬੀਤੇ ਦੇ ਸੁਹਾਣੇ ਸਫਰ ’ਤੇ ਲੈ ਗਿਆ। ਸਤਰਾਂ ਨੂੰ ਪਾਰ ਕਰ ਚੁੱਕੇ ਜਾਂ ਸੱਤਰਾਂ ਨੂੰ ਢੁਕੇ ਪੁਰਾਣੇ ਵਿਦਿਆਰਥੀ ਇਕ ਵੇਰਾਂ ਤਾਂ ਆਪਣੀ ਭਰ ਜਵਾਨੀ ਦੀ ਰੰਗਲੀ ਸਵੇਰ ਦੇ ਸੁਪਨਮਈ ਸੰਸਾਰ ਦੀ ਸੈਰ ’ਤੇ ਨਿਕਲ ਪਏ!

ਹੋਰਨਾਂ ਤੋਂ ਇਲਾਵਾ ਸਮਾਗਮ ਵਿਚ ਪੰਜਾਬ ਦੇ ਸਾਬਕਾ ਵਧੀਕ ਕਮਿਸ਼ਨਰ ਐਕਸਾਈਜ਼ ਐਂਡ ਟੈਕਸੇਸ਼ਨ ਸੀ.ਆਰ.ਦਰਭੰਗਾ, ਫਗਵਾੜਾ ਨਗਰ ਸੁਧਾਰ ਟਰੱਸਟ ਦੇ ਚੈਅਰਮੈਨ ਕਸ਼ਮੀਰ ਸਿੰਘ ਮਲ੍ਹੀ, ਸੇਵਾਮੁਕਤ ਕਰਨਲ ਵਰਿੰਦਰ ਮੋਹਨ ਜੋਨੇਜਾ, ਸਮਾਜ ਸੇਵੀ ਇੰਦਰਪਾਲ ਖੁਰਾਨਾ, ਸਾਬਕਾ ਰਾਸ਼ਟਰੀ ਕੁਸ਼ਤੀ ਕੋਚ ਪੀ.ਆਰ. ਸੋਂਧੀ, ਪ੍ਰੋ. ਸੀਤਲ ਸਿੰਘ, ਗੁਰਦਿਆਲ ਸਿੰਘ, ਡਾ. ਸੁਰਿੰਦਰ ਸੁਮਨ, ਰਾਮ ਲੁਭਾਇਆ, ਮਲਕੀਤ ਸਿੰਘ ਰਘਬੋਤਰਾ, ਅਵਤਾਰ ਸਿੰਘ ਪਾਬਲਾ, ਮੁਖਿੰਦਰ ਸਿੰਘ ਵੀ ਸ਼ਾਮਲ ਸਨ।

ਮੰਚ ਸੰਚਾਲਨ ਸਰਬਜੀਤ ਭੱਟੀ ਅਤੇ ਪ੍ਰੋ. ਜਸਵੰਤ ਗੰਡਮ ਨੇ ਬਾਖੂਬੀ ਕੀਤਾ। ਭੱਟੀ ਨੇ ਸੁਖਵਿੰਦਰ ਅਮ੍ਰਿਤ ਦੀ ਗਜ਼ਲ ਗਾ ਕੇ ਬੜੀ ਵਾਹਵਾ ਖੱਟੀ।

# ਹਿੰਡਨਬਰਗ: ਕੇਂਦਰ ਸਰਕਾਰ ਰੈਗੂਲੇਟਰੀ ਢਾਂਚੇ ਲਈ ਮਾਹਿਰਾਂ ਦੀ ਕਮੇਟੀ ਬਣਾਉਣ ਲਈ ਸਹਿਮਤ

- ਮਾਹਿਰਾਂ ਦੇ ਨਾਮ ਸੀਲਬੰਦ ਲਿਫ਼ਾਫ਼ੇ ’ਚ ਦੇਵੇਗਾ ਕੇਂਦਰ
- ਦੋ ਜਨਹਿੱਤ ਪਟੀਸ਼ਨਾਂ ’ਤੇ ਸ਼ੁੱਕਰਵਾਰ ਨੂੰ ਹੋਵੇਗੀ ਸੁਣਵਾਈ

ਨਵੀਂ ਦਿੱਲੀ, (ਪੰਜਾਬ ਮੇਲ)- ਕੇਂਦਰ ਨੇ ਸ਼ੇਅਰ ਬਾਜ਼ਾਰ ਲਈ ਰੈਗੂਲੇਟਰੀ ਢਾਂਚੇ ਦੀ ਮਜ਼ਬੂਤੀ ਲਈ ਮਾਹਿਰਾਂ ਦੀ ਕਮੇਟੀ ਬਣਾਉਣ ਦੀ ਸੁਪਰੀਮ ਕੋਰਟ ਵੱਲੋਂ ਦਿੱਤੀ ਸਲਾਹ ਮੰਨਣ ’ਤੇ ਸਹਿਮਤੀ ਪ੍ਰਗਟਾਈ ਹੈ। ਹਿੰਡਨਬਰਗ ਦੀ ਰਿਪੋਰਟ ਮਗਰੋਂ ਅਡਾਨੀ ਗਰੁੱਪ ਦੇ ਸ਼ੇਅਰਾਂ ’ਚ ਆਈ ਗਿਰਾਵਟ ਨਾਲ ਸਬੰਧਤ ਪਟੀਸ਼ਨਾਂ ’ਤੇ ਸੁਣਵਾਈ ਦੌਰਾਨ ਕੇਂਦਰ ਨੇ ਸੁਪਰੀਮ ਕੋਰਟ ਨੂੰ ਇਸ ਬਾਰੇ ਜਾਣਕਾਰੀ ਦਿੱਤੀ।

ਕੇਂਦਰ ਸਰਕਾਰ ਨੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਹੇਠਲੇ ਬੈਂਚ ਨੂੰ ਦੱਸਿਆ ਕਿ ਉਹ ਵਡੇਰੇ ਹਿੱਤ ’ਚ ਕਮੇਟੀ ਦੇ ਮਾਹਿਰਾਂ ਦੇ ਨਾਮ ਸੀਲਬੰਦ ਲਿਫ਼ਾਫ਼ੇ ’ਚ ਦੇਣਾ ਚਾਹੇਗਾ। ਕੇਂਦਰ ਅਤੇ ਸੇਬੀ ਵੱਲੋਂ ਪੇਸ਼ ਹੋਏ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸ਼ੇਅਰ ਬਾਜ਼ਾਰ ਰੈਗੂਲੇਟਰ ਅਤੇ ਹੋਰ ਅਦਾਰੇ ਹਿੰਡਨਬਰਗ ਰਿਪੋਰਟ ਕਾਰਨ ਪੈਦਾ ਹੋਏ ਹਾਲਾਤ ਨਾਲ ਸਿੱਝਣ ਦੇ ਸਮਰੱਥ ਹਨ। ਸ਼੍ਰੀ ਮਹਿਤਾ ਨੇ ਖ਼ਦਸ਼ਾ ਪ੍ਰਗਟਾਇਆ ਕਿ ਕਮੇਟੀ ਬਣਾਉਣ ਦੇ ਕਿਸੇ ਗੈਰਇਰਾਦਤਨ ਸੁਨੇਹੇ ਨਾਲ ਪੈਸੇ ਦੇ ਪ੍ਰਵਾਹ ’ਤੇ ਮਾੜਾ ਅਸਰ ਪੈ ਸਕਦਾ ਹੈ। ਸਿਖਰਲੀ ਅਦਾਲਤ ਨੇ ਦੋਵੇਂ ਜਨਹਿੱਤ ਪਟੀਸ਼ਨਾਂ ’ਤੇ ਸੁਣਵਾਈ ਸ਼ੁੱਕਰਵਾਰ ਲਈ ਸੂਚੀਬੱਧ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ 10 ਫਰਵਰੀ ਨੂੰ ਕਿਹਾ ਸੀ ਕਿ ਅਡਾਨੀ ਗਰੁੱਪ ਦੇ ਸ਼ੇਅਰਾਂ ਨੂੰ ਢਾਹ ਲੱਗਣ ਮਗਰੋਂ ਬਾਜ਼ਾਰ ’ਚ ਆਈ ਅਸਥਿਰਤਾ ਤੋਂ ਭਾਰਤੀ ਨਿਵੇਸ਼ਕਾਂ ਦੇ ਹਿੱਤਾਂ ਨੂੰ ਬਚਾਉਣ ਦੀ ਲੋੜ ਹੈ। ਉਨ੍ਹਾਂ ਕੇਂਦਰ ਨੂੰ ਕਿਹਾ ਸੀ ਕਿ ਉਹ ਸਾਬਕਾ ਜੱਜ ਦੀ ਅਗਵਾਈ ਹੇਠ ਮਾਹਿਰਾਂ ਦੀ ਕਮੇਟੀ ਬਣਾਉਣ ’ਤੇ ਵਿਚਾਰ ਕਰੇ ਜੋ ਰੈਗੂਲੇਟਰੀ ਢਾਂਚੇ ਦੀ ਮਜ਼ਬੂਤੀ ਨੂੰ ਦੇਖੇ। ਉਨ੍ਹਾਂ ਸੇਬੀ ਅਤੇ ਕੇਂਦਰ ਤੋਂ ਮਜ਼ਬੂਤ ਢਾਂਚਾ ਯਕੀਨੀ ਬਣਾਉਣ ਬਾਰੇ ਉਨ੍ਹਾਂ ਦੇ ਵਿਚਾਰ ਵੀ ਮੰਗੇ ਸਨ।

**ਮੋਦੀ ਜੀ ਕਾਹਦਾ ਡਰ, ਸ਼ੇਅਰਾਂ ’ਚ ਹੇਰਾਫੇਰੀ ਦੀ ਜੇ.ਪੀ.ਸੀ. ਪਹਿਲਾਂ ਵੀ ਕਰਦੀ ਰਹੀ ਹੈ ਜਾਂਚ:** ਕਾਂਗਰਸ ਨੇ ਕਿਹਾ ਕਿ ਸਰਕਾਰ ਅਡਾਨੀ ਸਮੂਹ ਬਾਰੇ ਹਿੰਡਨਬਰਗ ਦੀ ਰਿਪੋਰਟ ਨਾਲ ਜੁੜੇ ਮਾਮਲੇ ਦੀ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਤੋਂ ਜਾਂਚ ਕਰਵਾਉਣ ਦੀ ਮੰਗ ਤੋਂ ਇੰਨੀ ‘ਹਠਧਰਮੀ ਨਾਲ ਨਾਂਹ-ਨੁੱਕਰ’ ਕਿਉਂ ਕਰ ਰਹੀ ਹੈ।

## ਅਡਾਨੀ ਸਮੂਹ ਦੇ ਸ਼ੇਅਰ ਡਿੱਗਣ ਦਾ ਰੁਝਾਨ ਬੇਰੋਕ ਜਾਰੀ

**ਨਵੀਂ ਦਿੱਲੀ:** ਕਰੈਡਿਟ ਰੇਟਿੰਗ ਫਰਮ ਮੂਡੀਜ਼ ਵੱਲੋਂ (ਸ਼ੁੱਕਰਵਾਰ ਨੂੰ) ਅਡਾਨੀ ਸਮੂਹ ਦੀਆਂ ਚਾਰ ਕੰਪਨੀਆਂ ਨੂੰ ‘ਸਥਿਰ’ ਤੋਂ ‘ਨਕਾਰਾਤਮਕ’ ਵਾਲੀ ਦਰਜਾਬੰਦੀ ਵਿੱਚ ਰੱਖੇ ਜਾਣ ਮਗਰੋਂ ਸਮੂਹ ਵਿਚਲੀਆਂ ਕੰਪਨੀਆਂ ਦੇ ਸ਼ੇਅਰ ਡਿੱਗਣ ਦਾ ਰੁਝਾਨ ਅੱਜ ਵੀ ਜਾਰੀ ਰਿਹਾ। ਸਮੂਹ ਦੀ ਪ੍ਰਮੁੱਖ ਕੰਪਨੀ ਅਡਾਨੀ ਐਂਟਰਪ੍ਰਾਈਜ਼ਿਜ਼ ਦੇ ਸ਼ੇਅਰ 7 ਫੀਸਦ ਤੱਕ ਡਿੱਗ ਗਏ। ਸਟੌਕਸਬਾਕਸ ਵਿੱਚ ਰਿਸਰਚ ਵਿੰਗ ਦੇ ਹੈੱਡ ਮਨੀਸ਼ ਚੌਧਰੀ ਨੇ ਕਿਹਾ, “ਅਡਾਨੀ ਗਰੁੱਪ ਦੇ ਸ਼ੇਅਰਾਂ (ਅੰਬੂਜਾ, ਏਸੀਸੀ ਤੇ ਐਨਡੀਟੀਵੀ ਸਣੇ) ਨੂੰ 24 ਜਨਵਰੀ ਤੋਂ ਅੱਜ ਤੱਕ ਕੁੱਲ ਮਿਲਾ ਕੇ 10.2 ਲੱਖ ਰੁਪਏ ਦਾ ਖੋਰਾ ਲੱਗ ਚੁੱਕਾ ਹੈ।”


Global Allianz
LAW FIRM LLP
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ


Atul Kapoor
C.E.O

Asylum & Deportation Defense


Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



KAMBOJ AYURVEDIC & HERBS
ਆਯੁਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ ’ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM
ਕੈਂਸਰ ਦਾ ਇਲਾਜ


Kharati Kamboj
Ayurvedic Prescription

524 S. Clovis Ave, Fresno, CA 93727
559-341-9252

# ਦਿੱਲੀ ਮੇਅਰ ਦੀ ਚੋਣ : ਨਾਮਜ਼ਦ ਮੈਂਬਰ ਮੇਅਰ ਦੀ ਚੋਣ 'ਚ ਵੋਟ ਨਹੀਂ ਪਾ ਸਕਦੇ: ਸੁਪਰੀਮ ਕੋਰਟ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਨੇ ਕਿਹਾ ਕਿ ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) ਦੇ ਨਾਮਜ਼ਦ ਮੈਂਬਰ ਮੇਅਰ ਦੀ ਚੋਣ ਵਿਚ ਵੋਟ ਨਹੀਂ ਪਾ ਸਕਦੇ ਤੇ ਇਸ ਬਾਰੇ ਸੰਵਿਧਾਨਕ ਵਿਵਸਥਾ 'ਬਿਲਕੁਲ ਸਪੱਸ਼ਟ' ਹੈ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਮੇਅਰ ਦੇ ਅਹੁਦੇ ਲਈ 'ਆਪ' ਉਮੀਦਵਾਰ ਸ਼ੈਲੀ ਓਬਰਾਏ ਵੱਲੋਂ ਦਾਇਰ ਪਟੀਸ਼ਨ 'ਤੇ ਕੇਸ ਦੀ ਅਗਲੀ ਸੁਣਵਾਈ ਸ਼ੁੱਕਰਵਾਰ ਲਈ ਨਿਰਧਾਰਿਤ ਕਰ ਦਿੱਤੀ ਹੈ। ਸ਼ੈਲੀ ਨੇ ਮੇਅਰ ਦੀ ਚੋਣ ਛੇਤੀ ਕਰਵਾਏ ਜਾਣ ਦੀ ਮੰਗ ਕੀਤੀ ਸੀ। ਦਿੱਲੀ ਦੇ ਉਪ ਰਾਜਪਾਲ ਦਫ਼ਤਰ ਵੱਲੋਂ ਪੇਸ਼ ਵਧੀਕ ਸੌਲੀਸਿਟਰ ਜਨਰਲ (ਏ.ਐੱਸ.ਜੀ.) ਸੰਜੈ ਜੈਨ ਨੇ ਕਿਹਾ ਕਿ 16 ਫਰਵਰੀ ਲਈ ਤਜਵੀਜ਼ਤ ਮੇਅਰ ਦੀ ਚੋਣ ਹੁਣ 17 ਫਰਵਰੀ ਤੋਂ ਬਾਅਦ ਕਰਵਾਈ ਜਾ ਸਕਦੀ ਹੈ। ਬੈਂਚ, ਜਿਸ ਵਿਚ ਸੀ.ਜੇ.ਆਈ. ਤੋਂ ਇਲਾਵਾ ਜਸਟਿਸ ਪੀ.ਐੱਸ. ਨਰਸਿਮ੍ਹਾ ਤੇ ਜਸਟਿਸ ਜੇ.ਬੀ. ਪਾਰਦੀਵਾਲਾ ਵੀ ਸ਼ਾਮਲ ਸਨ, ਨੇ ਜ਼ੁਬਾਨੀ ਕਲਾਮੀ ਕਿਹਾ, "ਨਾਮਜ਼ਦ ਮੈਂਬਰ ਚੋਣਾਂ ਵਿਚ ਹਿੱਸਾ ਨਹੀਂ ਲੈ ਸਕਦੇ। ਇਸ ਬਾਰੇ ਸੰਵਿਧਾਨਕ ਵਿਵਸਥਾ ਬਿਲਕੁਲ ਸਾਫ਼ ਹੈ।" ਸੀ.ਜੇ.ਆਈ. ਨੇ ਏ.ਐੱਸ.ਜੀ. ਨੂੰ ਕਿਹਾ, "ਨਾਮਜ਼ਦ ਮੈਂਬਰਾਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਇਹ ਬਹੁਤ ਪੁਰਾਣੀ ਵਿਵਸਥਾ ਹੈ। ਸ਼੍ਰੀ ਜੈਨ ਇਹ ਬਿਲਕੁਲ ਸਪੱਸ਼ਟ ਹੈ।" ਹਾਲਾਂਕਿ ਜੈਨ ਨੇ ਕਿਹਾ ਕਿ ਉਹ ਇਸ ਪਹਿਲੂ 'ਤੇ ਦਲੀਲ ਦੇਣਗੇ। ਉਧਰ ਓਬਰਾਏ ਵੱਲੋਂ ਪੇਸ਼ ਵਕੀਲ ਸ਼ਾਦਾਨ ਫਰਾਸਤ ਨੇ ਬੈਂਚ ਨੂੰ ਦੱਸਿਆ ਕਿ ਪਟੀਸ਼ਨਰ ਵੱਲੋਂ ਦੋ ਹੁਕਮਾਂ ਦੀ ਮੰਗ ਕੀਤੀ ਜਾ ਰਹੀ ਹੈ...ਪਹਿਲੀ ਇਹ ਕਿ ਨਾਮਜ਼ਦ ਮੈਂਬਰਾਂ ਨੂੰ ਵੋਟ ਪਾਉਣ ਦੀ ਖੁੱਲ੍ਹ ਨਾ ਦਿੱਤੀ ਜਾਵੇ ਤੇ ਦੂਜੀ ਇਹ ਕਿ ਮੇਅਰ, ਡਿਪਟੀ ਮੇਅਰ ਤੇ ਸਟੈਂਡਿੰਗ ਕਮੇਟੀ ਦੀ ਚੋਣ ਵੱਖੋ-ਵੱਖਰੀ ਕੀਤੀ ਜਾਵੇ। ਇਸ ਤੋਂ ਪਹਿਲਾਂ ਸੁਪਰੀਮ ਕੋਰਟ 8 ਫਰਵਰੀ ਦੀ ਪਿਛਲੀ ਸੁਣਵਾਈ ਦੌਰਾਨ ਓਬਰਾਏ ਦੀ ਪਟੀਸ਼ਨ 'ਤੇ ਐੱਲ.ਜੀ. ਦਫ਼ਤਰ, ਐੱਮ.ਸੀ.ਡੀ. ਦੇ ਪ੍ਰੋ-ਟੈੱਮ ਪ੍ਰੀਜ਼ਾਈਡਿੰਗ ਅਧਿਕਾਰੀ ਸੱਤਿਆ ਸ਼ਰਮਾ ਤੇ ਹੋਰਨਾਂ ਤੋਂ ਜਵਾਬ ਮੰਗਿਆ ਸੀ। ਆਮ ਆਦਮੀ ਪਾਰਟੀ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਸਿਖਰਲੀ ਕੋਰਟ ਦੇ ਧਿਆਨ ਵਿਚ ਲਿਆਂਦਾ ਸੀ ਕਿ ਮੇਅਰ ਦੀ ਚੋਣ ਲਈ ਐੱਮ.ਸੀ.ਡੀ. ਦਾ ਸਦਨ ਤਿੰਨ ਵਾਰ ਸੱਦਿਆ ਗਿਆ, ਪਰ ਚੋਣ ਅਮਲ ਸਿਰੇ ਨਹੀਂ ਚੜ੍ਹ ਸਕਿਆ।

# ਪਾਕਿਸਤਾਨੀ ਪ੍ਰਵਾਸੀਆਂ ਵੱਲੋਂ ਘਰ ਭੇਜੇ ਜਾਣ ਵਾਲੇ ਪੈਸਿਆਂ ਦੀ ਦਰ 9.9 ਫੀਸਦੀ ਕਮੀ ਆਈ

**ਇਸਲਾਮਾਬਾਦ, (ਪੰਜਾਬ ਮੇਲ)**-ਵਿਦੇਸ਼ਾਂ ਵਿਚ ਵਸੇ ਪਾਕਿਸਤਾਨੀ ਪ੍ਰਵਾਸੀ ਲੋਕਾਂ ਅਤੇ ਕਾਮਿਆਂ ਵੱਲੋਂ ਘਰ ਭੇਜੇ ਜਾਣ ਵਾਲੇ ਪੈਸਿਆਂ ਦੀ ਦਰ ਵਿਚ 9.9 ਫੀਸਦੀ ਦੀ ਕਮੀ ਆਈ ਹੈ। ਸਟੇਟ ਬੈਂਕ ਆਫ ਪਾਕਿਸਤਾਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਜਨਵਰੀ 'ਚ ਪਾਕਿਸਤਾਨੀ ਪ੍ਰਵਾਸੀ ਲੋਕਾਂ ਅਤੇ ਕਾਮਿਆਂ ਵੱਲੋਂ ਘਰ ਭੇਜੇ ਜਾਣ ਵਾਲੇ ਪੈਸਿਆਂ ਦੀ ਦਰ 'ਚ 9.9 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ।

ਮੌਜੂਦਾ ਵਿੱਤੀ ਸਾਲ ਦੇ ਜੁਲਾਈ-22 ਤੋਂ ਜਨਵਰੀ-23 ਤੱਕ ਦੇ ਪਹਿਲਾਂ 7 ਮਹੀਨਿਆਂ ਦੌਰਾਨ 16 ਅਰਬ ਡਾਲਰ ਦਾ ਸੰਚਿਤ ਵਹਾਅ ਹੋਇਆ, ਜੋ ਪਿਛਲੇ ਸਾਲ ਦੀ ਇਸ ਮਿਆਦ ਦੀ ਤੁਲਨਾ 'ਚ ਭੇਜੇ ਗਏ ਧਨ 'ਚ 11 ਫੀਸਦੀ ਘੱਟ ਰਿਹਾ। ਅੰਕੜਿਆਂ ਮੁਤਾਬਕ ਪਿਛਲੇ ਮਹੀਨੇ ਪਾਕਿਸਤਾਨ ਭੇਜਿਆ ਗਿਆ ਪੈਸਾ ਸਾਊਦੀ ਅਰਬ ਤੋਂ 40.76 ਕਰੋੜ ਡਾਲਰ, ਸੰਯੁਕਤ ਅਰਬ ਅਮੀਰਾਤ ਤੋਂ 26.92 ਕਰੋੜ ਡਾਲਰ, ਬ੍ਰਿਟੇਨ ਤੋਂ 33.04 ਕਰੋੜ ਡਾਲਰ ਅਤੇ ਅਮਰੀਕਾ ਤੋਂ 21,.39 ਕਰੋੜ ਡਾਲਰ ਦੇ ਰੂਪ 'ਚ ਆਇਆ ਸੀ।

ਸਫਾ 1 ਦਾ ਬਾਕੀ

## ਪੰਜਾਬ ਦੇ ਮੁੱਖ ਮੰਤਰੀ ਤੇ ਰਾਜਪਾਲ ਵਿਚਾਲੇ ਟਕਰਾਅ ਵਧਿਆ...

ਲਿਖੇ ਪੱਤਰ 'ਚ ਮੁੱਖ ਮੰਤਰੀ ਨੇ ਕਿਹਾ ਹੈ ਕਿ ਸੂਬੇ ਦੇ ਲੋਕ ਵੀ ਰਾਜਪਾਲ ਦੇ ਅਹੁਦੇ ਲਈ ਕਿਸੇ ਵਿਅਕਤੀ ਦੀ ਨਿਯੁਕਤੀ ਲਈ ਤੈਅ ਪ੍ਰਕਿਰਿਆ ਦੀ ਅਣਹੋਂਦ 'ਚ ਕੇਂਦਰ ਸਰਕਾਰ ਵੱਲੋਂ ਸੂਬਿਆਂ ਵਿਚ ਰਾਜਪਾਲਾਂ ਦੀ ਕੀਤੀ ਜਾਂਦੀ ਨਿਯੁਕਤੀ ਬਾਰੇ ਜਾਣਨਾ ਚਾਹੁੰਦੇ ਹਨ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਸੰਵਿਧਾਨ ਵਿਚ ਇਸ ਨਿਯੁਕਤੀ ਲਈ ਕੋਈ ਯੋਗਤਾ ਤੈਅ ਨਾ ਹੋਣ ਦੇ ਬਾਵਜੂਦ ਕਿਵੇਂ ਰਾਜਪਾਲ ਨਿਯੁਕਤ ਕੀਤੇ ਜਾਂਦੇ ਹਨ, ਉਸ ਦੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਪੰਜਾਬੀਆਂ ਦੇ ਗਿਆਨ ਵਿਚ ਵਾਧਾ ਹੋ ਸਕੇ। ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਮਸ਼ਵਰਾ ਦਿੱਤਾ ਹੈ ਕਿ ਰਾਜਪਾਲ ਨਾਲ ਤਾਲਮੇਲ ਵਧਾਇਆ ਜਾਵੇ ਅਤੇ ਉਨ੍ਹਾਂ ਨੂੰ ਰਾਜਪਾਲ ਵੱਲੋਂ ਉਠਾਏ ਗਏ ਨੁਕਤਿਆਂ ਬਾਰੇ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਟਕਰਾਅ ਪੰਜਾਬ ਅਤੇ ਇੱਥੋਂ ਦੇ ਲੋਕਾਂ ਲਈ ਠੀਕ ਨਹੀਂ ਹੈ ਅਤੇ ਇਹ ਸਰਹੱਦੀ ਸੂਬੇ ਨੂੰ ਅਰਾਜਕਤਾ ਵੱਧ ਧੱਕ ਸਕਦਾ ਹੈ। ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਦਿਆਲ ਸੋਢੀ ਨੇ ਕਿਹਾ ਕਿ ਰਾਜਪਾਲ ਸੰਵਿਧਾਨਕ ਮੁਖੀ ਹੁੰਦਾ ਹੈ ਅਤੇ ਸੰਵਿਧਾਨ ਦੀ ਸਹੁੰ ਚੁੱਕ ਕੇ ਹੀ ਮੁੱਖ ਮੰਤਰੀ ਬਣਦਾ ਹੈ। ਧਾਰਾ 167 ਤਹਿਤ ਰਾਜਪਾਲ ਨੂੰ ਸੂਬੇ ਤੋਂ ਜਾਣਕਾਰੀ ਲੈਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਭੱਜ ਕੇ ਅਸਲ ਮੁੱਦਿਆਂ ਤੋਂ ਮੂੰਹ ਮੋੜ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੇ ਟਕਰਾਅ ਦਾ ਪਰਛਾਵਾਂ ਐਤਕੀਂ ਆਉਂਦੇ ਬਜਟ ਸੈਸ਼ਨ 'ਤੇ ਵੀ ਪੈ ਸਕਦਾ ਹੈ। ਪੰਜਾਬ ਕੈਬਨਿਟ ਦੀ 21 ਫਰਵਰੀ ਨੂੰ ਮੀਟਿੰਗ ਸੱਦੀ ਗਈ ਹੈ, ਜਿਸ ਵਿਚ ਬਜਟ ਸੈਸ਼ਨ ਦਾ ਫ਼ੈਸਲਾ ਲਿਆ ਜਾ ਸਕਦਾ ਹੈ। ਦੋਹਾਂ ਵਿਚਕਾਰ ਜੇਕਰ ਮਾਹੌਲ ਸੁਖਾਵਾਂ ਨਾ ਬਣਿਆ, ਤਾਂ ਬਜਟ ਸੈਸ਼ਨ ਮੌਕੇ ਰਾਜਪਾਲ ਦੇ ਭਾਸ਼ਨ ਦੌਰਾਨ ਨਵੀਂ ਤਲਖ਼ੀ ਵੀ ਪੈਦਾ ਹੋ ਸਕਦੀ ਹੈ। ਰਾਜਪਾਲ ਦਾ ਭਾਸ਼ਨ ਕੈਬਨਿਟ ਵੱਲੋਂ ਪ੍ਰਵਾਨ ਕੀਤਾ ਜਾਣਾ ਹੈ ਅਤੇ ਇਸ ਭਾਸ਼ਨ ਵਿਚ ਸਰਕਾਰ ਸਿੰਗਾਪੁਰ ਭੇਜੇ ਪ੍ਰਿੰਸੀਪਲਾਂ ਦੇ ਮਾਮਲੇ ਨੂੰ ਇੱਕ ਪ੍ਰਾਪਤੀ ਵਜੋਂ ਉਭਾਰੇਗੀ, ਜਦੋਂਕਿ ਰਾਜਪਾਲ ਨੇ ਤਾਜ਼ਾ ਪੱਤਰ 'ਚ ਇਸ ਸਿਖਲਾਈ ਦਾ ਲੇਖਾ-ਜੋਖਾ ਮੰਗਿਆ ਹੈ।

ਸਫਾ 1 ਦਾ ਬਾਕੀ

## ਏਅਰ ਇੰਡੀਆ ਵਲੋਂ ਦੁਨੀਆਂ ਦਾ ਹੁਣ ਤੱਕ ਸਭ ਤੋਂ ਵੱਡਾ ਇਤਿਹਾਸਕ...

ਇਸ ਤਹਿਤ 40 ਵਾਈਡ ਬਾਡੀ ਏ350 ਜਹਾਜ਼, 210 ਨੈਰੋਬਾਡੀ ਸਿੰਗਲ ਆਈਜਲ ਏ320 ਨਿਯੋਸ ਜਹਾਜ਼ ਮਿਲਣਗੇ। ਦੂਸਰੇ ਪਾਸੇ ਬੋਇੰਗ ਨਾਲ 34 ਅਰਬ ਡਾਲਰ ਦਾ ਸੌਦਾ ਹੋਇਆ ਹੈ, ਇਸ ਤਹਿਤ ਏਅਰ ਇੰਡੀਆ ਨੂੰ 190 ਬੀ737 ਮੈਕਸ ਜਹਾਜ਼, 20ਬੀ787 ਅਤੇ 10 ਬੀ777 ਮੈਕਸ ਜਹਾਜ਼ ਮਿਲਣਗੇ। ਇਸ ਤੋਂ ਇਲਾਵਾ ਏਅਰ ਇੰਡੀਆ ਕੋਲ ਬੋਇੰਗ ਕੋਲੋਂ 70 ਹੋਰ ਜਹਾਜ਼ ਖਰੀਦਣ ਦਾ ਵਿਕਲਪ ਹੈ, ਜਿਸ ਨਾਲ ਸੌਦੇ ਦਾ ਕੁੱਲ ਬਜਟ 45.9 ਅਰਬ ਡਾਲਰ ਹੋ ਜਾਵੇਗਾ, ਭਾਵ 3.80 ਲੱਖ ਕਰੋੜ ਰੁਪਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਸਮੇਤ ਹੋਰ ਅਧਿਕਾਰੀਆਂ ਦੀ ਹਾਜ਼ਰੀ 'ਚ ਇਕ ਵਰਚੁਅਲ ਸਮਾਗਮ ਦੌਰਾਨ ਇਹ ਕਰਾਰ ਹੋਇਆ। ਚੰਦਰਸੇਕਰਨ ਨੇ ਕਿਹਾ ਕਿ ਵਾਈਡ-ਬਾਡੀ ਵਾਲੇ ਜਹਾਜ਼ਾਂ ਦੀ ਵਰਤੋਂ ਅਤਿ-ਲੰਬੀ ਦੂਰੀ ਦੀਆਂ ਉਡਾਣਾਂ ਲਈ ਕੀਤੀ ਜਾਵੇਗੀ। ਆਮ ਤੌਰ 'ਤੇ ਜਿਨ੍ਹਾਂ ਉਡਾਣਾਂ ਦਾ ਸਮਾਂ 16 ਘੰਟਿਆਂ ਤੋਂ ਥੋੜ੍ਹਾ ਜ਼ਿਆਦਾ ਹੁੰਦਾ ਹੈ, ਉਨ੍ਹਾਂ ਨੂੰ ਅਤਿ-ਲੰਬੀ ਦੂਰੀ ਦੀਆਂ ਉਡਾਣਾਂ ਕਿਹਾ ਜਾਂਦਾ ਹੈ।

ਸਫਾ 1 ਦਾ ਬਾਕੀ

## ਤੁਰਕੀ ਤੇ ਸੀਰੀਆ ਭੂਚਾਲ: ਮ੍ਰਿਤਕਾਂ ਦੀ ਗਿਣਤੀ 40 ਹਜ਼ਾਰ ਤੋਂ...

ਹੋਈਆਂ ਇਮਾਰਤਾਂ ਦੇ ਨਿਰਮਾਣ ਵਿਚ ਕਥਿਤ ਤੌਰ 'ਤੇ ਸ਼ਾਮਲ ਸਨ। ਉੱਧਰ ਮਲਬੇ ਵਿਚੋਂ ਕੁਝ ਬਚੇ ਹੋਏ ਲੋਕਾਂ ਨੂੰ ਬਾਹਰ ਕੱਢਣ ਦਾ ਕੰਮ ਜਾਰੀ ਹੈ।

ਤੁਰਕੀ ਦੇ ਉੱਪ ਰਾਸ਼ਟਰਪਤੀ ਫੂਆਤ ਓਕਟੇ ਨੇ ਕਿਹਾ ਕਿ 131 ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਗਏ ਹਨ, ਜਿਨ੍ਹਾਂ 'ਤੇ ਇਮਾਰਤਾਂ ਢਹਿਣ ਲਈ ਜ਼ਿੰਮੇਵਾਰ ਹੋਣ ਦਾ ਸ਼ੱਕ ਹੈ। ਤੁਰਕੀ ਦੇ ਨਿਆਂ ਮੰਤਰੀ ਨੇ ਕਿਹਾ ਕਿ ਇਮਾਰਤਾਂ ਢਹਿਣ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਵਕੀਲਾਂ ਨੇ ਇਮਾਰਤਾਂ ਦੀ ਉਸਾਰੀ ਬਾਰੇ ਸਬੂਤਾਂ ਲਈ ਮਲਬੇ ਵਿਚ ਸੈਂਪਲ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ। ਹਾਲਾਂਕਿ ਭੂਚਾਲ ਜ਼ਬਰਦਸਤ ਸੀ ਪਰ ਪੀੜਤਾਂ, ਮਾਹਿਰਾਂ ਅਤੇ ਤੁਰਕੀ ਦੇ ਲੋਕਾਂ ਵੱਲੋਂ ਇਸ ਭਾਰੀ ਤਬਾਹੀ ਪਿੱਛੇ ਘਟੀਆ ਉਸਾਰੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ।




# ਪੰਜਾਬੀ ਕੰਪਿਊਟਰਕਾਰੀ ਦਾ ਮੋਢੀ ਲੇਖਕ: ਡਾ. ਸੀ ਪੀ ਕੰਬੋਜ

**ਅੰਗਰੇਜ਼ ਸਿੰਘ ਵਿੱਕੀ**
ਕਾਲਮਨਵੀਸ਼/ਸਾਬਕਾ ਪੰਚ/ਸਾਬਕਾ ਚੇਅਰਮੈਨ ਪਸਵਕ,
ਪਿੰਡ + ਡਾਕ. ਕੋਟਗੁਰੂ,
ਤਹਿ.+ ਜਿਲਾ - ਬਠਿੰਡਾ
ਮੋਬਾਇਲ 98888 70822
(Punjab Mail USA)

ਪੰਜਾਬੀ ਪਾਠਕਾਂ ਵਿਚ ਸੀ.ਪੀ. ਕੰਬੋਜ ਇਕ ਅਜਿਹਾ ਨਾਮ ਹੈ, ਜਿਸ ਨੇ ਕੰਪਿਊਟਰ ਵਰਤੋਂਕਾਰਾਂ ਨੂੰ ਅਗਿਆਨਤਾ ਦੀਆਂ ਡੂੰਘੀਆਂ ਗੁਫਾਵਾਂ ਵਿਚੋਂ ਬਾਹਰ ਕੱਢਣ ਦਾ ਕੰਮ ਕੀਤਾ ਹੈ। ਜ਼ਿਲ੍ਹਾ ਫਾਜ਼ਿਲਕਾ ਦੇ ਇਕ ਦੂਰਵਰਤੀ ਤੇ ਸੀਮਾਂਤ ਇਲਾਕੇ ਦੇ ਪਿੰਡ ਲਾਧੂਕਾ ਦੇ ਜੰਮਪਲ ਡਾ. ਕੰਬੋਜ ਨੇ ਆਪਣੀ ਮੁੱਢਲੀ ਵਿਦਿਆ ਪਿੰਡ ਦੇ ਸਰਕਾਰੀ ਸਕੂਲ ਵਿਚੋਂ ਹਾਸਲ ਕੀਤੀ। ਬਾਰ੍ਹਵੀਂ ਤੱਕ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਧੂਕਾ ਤੋਂ ਪੂਰੀ ਕਰਕੇ ਫਿਰੋਜ਼ਪੁਰ ਦੇ ਸਰਕਾਰੀ ਪੋਲੀਟੈਕਨਿਕ ਕਾਲਜ ਤੋਂ ਤਿੰਨ ਸਾਲਾ ਇਲੈਕਟ੍ਰੋਨਿਕ ਇੰਜੀ. ਦਾ ਡਿਪਲੋਮਾ ਪਾਸ ਕੀਤਾ। ਉਨ੍ਹਾਂ ਕੁਝ ਸਮਾਂ ਚੰਡੀਗੜ੍ਹ ਦੀ ਇਕ ਕੰਪਨੀ ਵਿਚ ਨੌਕਰੀ ਵੀ ਕੀਤੀ ਪਰ ਉਥੋਂ ਦੇ ਸਨਅਤੀ ਮਾਹੌਲ ਤੋਂ ਜਲਦੀ ਤੌਬਾ ਕਰ ਦਿੱਤੀ ਤੇ ਅਖੀਰ ਸੰਤ ਕਬੀਰ ਪੋਲੀਟੈਕਨਿਕ ਫਾਜ਼ਿਲਕਾ ਵਿਖੇ ਅਧਿਆਪਨ ਦਾ ਕਿੱਤਾ ਅਪਣਾ ਲਿਆ। ਕਿਰਤੀ ਪਰਿਵਾਰ ਹੋਣ ਕਾਰਨ ਉਸ ਦਾ ਮੁੱਢਲਾ ਦੌਰ ਬੇਹੱਦ ਤੰਗੀਆਂ ਤੁਰਸ਼ੀਆਂ ਵਿਚੋਂ ਗੁਜ਼ਰਿਆ। ਉਨ੍ਹਾਂ ਦੇ ਪਿਤਾ ਰਾਜ ਮਿਸਤਰੀ ਦਾ ਕੰਮ ਕਰਦੇ ਸਨ ਤੇ ਮਾਤਾ ਸਿਲਾਈ ਦਾ ਕੰਮ ਕਰਦੀ ਸੀ। ਜਦੋਂ ਫਿਰੋਜ਼ਪੁਰ ਪੜ੍ਹਦਿਆਂ ਉਸ ਨੂੰ ਫੀਸਾਂ ਤੇ ਹੋਰ ਜ਼ਰੂਰੀ ਖਰਚੇ ਕਰਨ ਵਿਚ ਦਿੱਕਤ ਮਹਿਸੂਸ ਹੋਣ ਲੱਗੀ, ਤਾਂ ਉਸ ਨੇ ਆਪਣੇ ਪਿਤਾ ਦੇ ਨਾਲ ਮਜ਼ਦੂਰੀ ਦੇ ਨਾਲ-ਨਾਲ ਰਾਜਗਿਰੀ ਵੀ ਸਿੱਖੀ। ਗਿਆਰਵੀਂ ਜਮਾਤ ਵਿਚ ਉਹ ਇਕ ਭੱਠੇ ਉਤੇ ਇੱਟਾਂ ਥੱਪ ਕੇ ਘਰਦਿਆਂ ਦਾ ਸਹਾਰਾ ਬਣਦਾ ਰਿਹਾ।

ਸਿਰੜ ਨਿਸ਼ਚੇ ਤੇ ਸਖਤ ਮਿਹਨਤ ਕਾਰਨ ਉਹ ਪੋਲੀਟੈਕਨਿਕ ਕਾਲਜ ਵਿਚ ਪੜ੍ਹਾਉਣ ਦੇ ਨਾਲ-ਨਾਲ ਗ੍ਰੈਜੂਏਸ਼ਨ, ਪੀ.ਜੀ.ਡੀ.ਸੀ.ਏ., ਐੱਮ.ਐੱਸ.ਸੀ. ਅਤੇ ਐੱਮ.ਸੀ.ਏ. ਪਾਸ ਕਰ ਗਿਆ। ਉਹ ਪੜ੍ਹਾਈ ਦੀ ਫੀਸ ਦਾ ਪ੍ਰਬੰਧ ਆਪਣੇ ਦੋਸਤਾਂ ਤੋਂ ਪੈਸੇ ਫੜ-ਫੜਾ ਕੇ ਕਰ ਲੈਂਦਾ ਤੇ ਫਿਰ ਉਨ੍ਹਾਂ ਨੂੰ ਕਿਸ਼ਤਾਂ ਵਿਚ ਲਾਹੁੰਦਾ ਰਹਿੰਦਾ। ਸਕੂਲ ਸਮੇਂ ਆਪਣੇ ਵਿਗਿਆਨ ਦੇ ਅਧਿਆਪਕ ਹਰੀਸ਼ ਚੰਦਰ ਭਟੇਜਾ ਦੀ ਪ੍ਰੇਰਨਾ ਨਾਲ ਉਹ ਇੰਜੀਨੀਅਰਿੰਗ ਦੇ ਖੇਤਰ ਵਿਚ ਆਇਆ। ਦੇਸ਼ ਸੇਵਕ ਅਖਬਾਰ ਦੇ ਪੱਤਰਕਾਰ ਕਰਨੈਲ ਸਿੰਘ ਦੀ ਮਦਦ ਨਾਲ ਉਸ ਦੀ ਲੇਖਣੀ ਨੂੰ ਅਖਬਾਰਾਂ ਵਿਚ ਥਾਂ ਮਿਲਣੀ ਸ਼ੁਰੂ ਹੋਈ। ਸੰਤ ਕਬੀਰ ਪੋਲੀਟੈਕਨਿਕ ਫਾਜ਼ਿਲਕਾ ਦੇ ਪ੍ਰਿੰਸੀਪਲ ਓਅੰਕਾਰ ਸਿੰਘ ਟਿਵਾਣਾ ਦੀ ਪ੍ਰੇਰਨਾ ਨਾਲ ਉਸ ਨੇ ਆਪਣੀ ਪਹਿਲੀ ਪੁਸਤਕ "ਕੰਪਿਊਟਰ ਬਾਰੇ ਮੁੱਢਲਾ ਗਿਆਨ" ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਤੋਂ ਛਪਵਾਈ। ਡਾ. ਕੰਬੋਜ 1996 ਤੋਂ ਲਗਾਤਾਰ ਅਖਬਾਰਾਂ ਤੇ ਰਸਾਲਿਆਂ ਵਿਚ ਲੇਖ ਅਤੇ ਲਗਾਤਾਰ ਕਾਲਮ ਲਿਖਦਾ ਆ ਰਿਹਾ ਹੈ। ਉਹ ਬੜੀ ਹੈਰਾਨੀ ਨਾਲ ਦੱਸਦਾ ਹੈ ਕਿ ਉਸ ਨੂੰ ਨਹੀਂ ਸੀ ਪਤਾ ਕਿ ਉਸ ਦੇ ਦੇਸ਼ ਸੇਵਕ ਅਖਬਾਰ ਵਿਚ ਫੈਕਸ ਮਸ਼ੀਨ ਬਾਰੇ ਛਪੇ ਪਲੇਠੇ ਲੇਖ ਨੇ ਉਸ ਨੂੰ ਕੰਪਿਊਟਰ ਲੇਖਣੀ ਦੇ ਖੇਤਰ 'ਚ ਮਹਾਨ ਲੇਖਕ ਬਣਾ ਦਿੱਤਾ। ਉਹ ਦੱਸਦਾ ਹੈ ਕਿ ਜਦੋਂ ਉਹ 'ਦੇਸ਼ ਸੇਵਕ' ਲਈ 'ਖੋਜ ਖਬਰ' ਨਾਮਕ ਹਫਤਾਵਰ ਕਾਲਮ ਲਿਖਦਾ ਸੀ, ਤਾਂ ਇਕ ਦਿਨ ਪੰਜਾਬੀ ਟ੍ਰਿਬਿਊਨ ਦੇ ਉਸ ਸਮੇਂ ਦੇ ਸੰਪਾਦਕ ਗੁਰਬਚਨ ਸਿੰਘ ਭੁੱਲਰ ਨੇ ਉਨ੍ਹਾਂ ਨੂੰ ਬੁਲਾ ਕੇ ਕੰਪਿਊਟਰ ਬਾਰੇ ਲੇਖ ਲੜੀਆਂ ਲਿਖ ਕੇ ਭੇਜਣ ਲਈ ਕਿਹਾ। ਇਸ ਮਗਰੋਂ ਉਸ ਨੇ ਮੁੜ ਕੇ ਪਿੱਛੇ ਨਹੀਂ ਵੇਖਿਆ, ਲਗਾਤਾਰ ਪੜ੍ਹਾਈ ਕਰਦਾ ਗਿਆ ਤੇ ਅਖਬਾਰਾਂ ਲਈ ਲਿਖਦਾ ਗਿਆ। ਪੰਜਾਬੀ ਟ੍ਰਿਬਿਊਨ ਅਤੇ ਰੋਜ਼ਾਨਾ ਅਜ਼ੀਤ ਵਿਚ ਉਹ ਲਗਭਗ 2 ਦਹਾਕੇ ਆਈ.ਟੀ. ਝਰੋਖਾ, ਸੂਚਨਾ ਤਕਨਾਲੋਜੀ, ਸਾਈਬਰ ਸੰਸਾਰ ਆਦਿ ਮਸ਼ਹੂਰ ਹਫਤਾਵਰੀ ਕਾਲਮਾਂ ਰਾਹੀਂ ਆਪਣੇ ਪਾਠਕਾਂ ਨੂੰ ਤਕਨਾਲੋਜੀ ਬਾਰੇ ਲਗਾਤਾਰ ਤਾਜ਼ਾ ਤਾਰੀਨ ਜਾਣਕਾਰੀ ਦਿੰਦਾ ਰਿਹਾ। 2006 ਵਿਚ ਉਸਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਕੰਪਿਊਟਰ ਸਿੱਖਿਆ ਦੀਆਂ ਕਿਤਾਬਾਂ ਪੰਜਾਬੀ ਵਿਚ ਅਨੁਵਾਦ ਕੀਤੀਆਂ, ਜਿਸ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਦੇ ਆਈ.ਸੀ.ਟੀ. ਪ੍ਰੋਜੈਕਟ ਤਹਿਤ ਪੰਜਾਬ ਦੇ ਹਰੇਕ ਸਰਕਾਰੀ ਸਕੂਲ ਵਿਚ ਕੰਪਿਊਟਰ ਵਿਸ਼ਾ ਚਾਲੂ ਹੋ ਗਿਆ। ਹੁਣ ਤੱਕ ਉਹ ਕਰੀਬ ਤਿੰਨ



ਦਰਜ਼ਨ 'ਸੂਚਨਾ ਤਕਨਾਲੋਜੀ' ਅਤੇ 'ਪੰਜਾਬੀ ਕੰਪਿਊਟਰਕਾਰੀ' ਬਾਰੇ ਪੁਸਤਕਾਂ ਪਾਠਕਾਂ ਦੀ ਝੋਲੀ ਵਿਚ ਪਾ ਚੁੱਕਾ ਹੈ। ਉਸ ਦੀ ਲੇਖਣੀ ਵਿਚ ਅਕਾਊਪੁਣਾ ਨਹੀਂ, ਸਰਲ ਤੇ ਸਿੱਧੀ-ਸਾਦੀ ਭਾਸ਼ਾ ਵਿਚ ਤਕਨੀਕ ਦੀਆਂ ਗੰਭੀਰ ਤੇ ਗੁੰਝਲਦਾਰ ਰੰਮਜ਼ਾਂ ਨੂੰ ਸਮਝਾ ਜਾਂਦਾ ਹੈ। "ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ", "ਪੰਜਾਬੀ ਟਾਈਪਿੰਗ", "ਐੱਮ.ਐੱਸ. ਵਿੰਡੋਜ਼ ਅਤੇ ਆਫਿਸ" ਜਿਹੀਆਂ ਕਿਤਾਬਾਂ ਪੜ੍ਹਿਆਂ ਇੰਝ ਲੱਗਦਾ ਹੈ ਕਿ ਉਹ ਖੁਦ ਉਂਗਲ ਫੜ ਕੇ ਤੁਹਾਡੀਆਂ ਉਂਗਲਾਂ ਦੇ ਪੋਟਿਆਂ ਨੂੰ ਕੀ-ਬੋਰਡ 'ਤੇ ਮਾਰਨ ਅਤੇ ਮਾਊਸ 'ਤੇ ਟੁੱਣਕਾ ਮਾਰਨ ਦੀ ਜਾਚ ਸਿਖਾ ਰਿਹਾ ਹੈ। ਉਸ ਦੀਆਂ ਪੁਸਤਕਾਂ ਵਿਚੋਂ ਕਈ ਯੂ.ਜੀ.ਸੀ. ਦੀ ਹੁਨਰ ਵਿਕਾਸ ਯੋਜਨਾ ਦਾ ਹਿੱਸਾ ਹਨ ਤੇ ਕਈ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪਾਠਕ੍ਰਮ ਵਿਚ ਸ਼ਾਮਲ ਹਨ।

ਡਾ. ਕੰਬੋਜ ਨੇ ਆਪਣੀ ਪੀ.ਐੱਚ.-ਡੀ ਕੰਪਿਊਟਰ ਦੇ ਮਹਾਨ ਵਿਗਿਆਨੀ ਡਾ. ਗੁਰਪ੍ਰੀਤ ਸਿੰਘ ਲਹਿਲ ਦੀ ਅਗਵਾਈ ਹੇਠ ਕੀਤੀ। ਉਹ ਅੱਜਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ, ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਵਿਚ ਅਧਿਆਪਨ ਦੀ ਸੇਵਾ ਕਰ ਰਿਹਾ ਹੈ। ਉਨ੍ਹਾਂ ਦਾ ਆਪਣੇ ਵਿਦਿਆਰਥੀਆਂ ਨਾਲ ਸਬੰਧ ਬੜੇ ਉਸਾਰੂ ਤੇ ਮਿੱਤਰਤਾਪੂਰਵਕ ਹਨ। ਸਹਾਇਤਾ ਕੇਂਦਰ ਵਿਖੇ ਕੰਪਿਊਟਰ ਕਾਰਜਸ਼ਾਲਾਵਾਂ ਤੇ ਹੋਰਨਾਂ ਸਿਖਲਾਈ ਪ੍ਰੋਗਰਾਮਾਂ ਵਿਚ ਉਹ ਆਪਣੇ ਵਿਦਿਆਰਥੀਆਂ ਤੋਂ ਠੋਕ ਕੇ ਪ੍ਰੋਯੋਗੀ ਕੰਮ ਕਰਵਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਦਿਆਰਥੀ ਨੂੰ ਅਨੁਸ਼ਾਸਨ ਸਿਖਾਉਣਾ ਤੇ ਚੰਡ ਕੇ ਰੱਖਣਾ ਅਧਿਆਪਕ ਦਾ ਪਹਿਲਾ ਧਰਮ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਵਿਦਿਆਰਥੀ ਸ਼ੋਸਲ ਮੀਡੀਆ ਉੱਤੇ ਫਾਲਤੂ ਦਾ ਸਮਾਂ ਜਾਇਆ ਕਰਨ ਦੀ ਬਜਾਏ ਜੇਕਰ ਕੰਪਿਊਟਰ/ਸਮਾਰਟਫੋਨ 'ਤੇ ਸਿਰਜਨਾਤਮਕ ਕਾਰਜ ਕਰਨ, ਤਾਂ ਉਹ ਜਲਦੀ ਸਫਲ ਹੋ ਸਕਦੇ ਹਨ।

ਡਾ. ਕੰਬੋਜ ਮਨੁੱਖੀ ਭਾਸ਼ਾਈ ਪ੍ਰਕਿਰਿਆ, ਪੰਜਾਬੀ ਕੰਪਿਊਟਰਕਾਰੀ, ਪੰਜਾਬੀ ਫੌਂਟਕਾਰੀ, ਕੰਪਿਊਟਰੀ ਭਾਸ਼ਾ ਵਿਗਿਆਨ, ਮਸ਼ੀਨੀ ਸਿਆਣਪ ਆਦਿ ਖੇਤਰਾਂ ਵਿਚ ਖੋਜ ਕਾਰਜ ਕਰ ਰਹੇ ਹਨ। ਉਨ੍ਹਾਂ ਨੇ ਕਈ ਸਾਫਟਵੇਅਰਾਂ ਅਤੇ ਮੋਬਾਈਲ ਐਪਸ ਦਾ ਵਿਕਾਸ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੋਸ਼ 'ਤੇ ਆਧਾਰਿਤ ਉਨ੍ਹਾਂ ਦੀ ਐਂਡਰਾਇਡ ਐਪ ਪੂਰੀ ਦੁਨੀਆਂ 'ਚ ਪ੍ਰਚਲਿਤ ਹੈ। ਉਨ੍ਹਾਂ ਦੀ ਪੰਜਾਬੀ ਵਿਚ ਸੌਖੇ ਢੰਗ ਨਾਲ ਟਾਈਪ ਕਰਨ ਲਈ 'ਪੀ-ਬੋਰਡ' ਅਤੇ ਮੋਬਾਈਲ ਉਤੇ ਫੌਂਟਾਂ ਨੂੰ ਕਨਵਰਟ ਕਰਨ ਲਈ 'ਪਲਟਾਵਾ' ਨਾਂ ਦੀ ਐਪ ਨੇ ਵਰਤੋਂਕਾਰਾਂ ਦੇ ਕੰਮਾਂ ਨੂੰ ਬਹੁਤ ਸੁਖਾਲਾ ਬਣਾ ਦਿੱਤਾ ਹੈ। ਹਾਲ ਹੀ ਵਿਚ ਉਨ੍ਹਾਂ 'ਲਿਖਦਾ ਪੰਜਾਬ' ਨਾਂ ਦੀ ਐਪ ਰਾਹੀਂ ਪੇਂਡੂ ਖੇਤਰਾਂ ਦੇ ਟਾਈਪਿੰਗ ਸਿੱਖਣ ਵਾਲੇ ਉਨ੍ਹਾਂ ਲੋੜਵੰਦ ਵਿਦਿਆਰਥੀਆਂ ਲਈ ਖਾਸ ਐਪ ਤਿਆਰ ਕੀਤੀ ਹੈ, ਜੋ ਆਪਣਾ ਕੰਪਿਊਟਰ/ਲੈਪਟਾਪ ਨਹੀਂ ਖਰੀਦ ਸਕਦੇ ਜਾਂ ਕੰਪਿਊਟਰ ਸੈਂਟਰਾਂ ਦੀ ਫੀਸ ਨਹੀਂ ਭਰ ਸਕਦੇ। ਸਚਮੁੱਚ ਹੀ ਉਨ੍ਹਾਂ ਦੀ ਇਹ ਐਪ ਪੰਜਾਬੀਆਂ ਲਈ ਇਕ ਉਪਕਾਰ ਵਾਲਾ ਕੰਮ ਕਰੇਗੀ। ਇਹ ਐਪ ਪੰਜਾਬ ਦੇ ਮੱਥੇ 'ਤੇ ਲੱਗੇ 'ਉਡਦਾ ਪੰਜਾਬ' ਦੇ ਧੱਬੇ ਨੂੰ 'ਲਿਖਦਾ ਪੰਜਾਬ' ਦੇ ਰੂਪ ਵਿਚ ਮਿਟਾਉਣ ਲਈ ਕਾਰਗਰ ਸਾਬਤ ਹੋਵੇਗੀ। ਅਨੁਵਾਦ ਦੇ ਖੇਤਰ ਵਿਚ ਉਨ੍ਹਾਂ ਦਾ ਲੰਬਾ ਤਜ਼ਰਬਾ ਹੈ। ਲੇਖਣੀ ਦੇ ਨਾਲ-ਨਾਲ ਡਾ. ਕੰਬੋਜ ਆਪਣੇ ਯੂ-ਟਿਊਬ ਚੈਨਲ ਸੀ-ਟੈੱਕ ਪੰਜਾਬੀ ਉੱਤੇ ਲਗਾਤਾਰ ਤਾਜ਼ਾ-ਤਾਰੀਨ ਤਕਨੀਕੀ ਜਾਣਕਾਰੀ ਨਾਲ ਲਬਰੇਜ਼ ਵੀਡੀਓਜ਼ ਪਾਉਂਦੇ ਰਹਿੰਦੇ ਹਨ। ਅਕਾਸ਼ਵਾਣੀ ਪਟਿਆਲਾ 'ਤੇ ਉਨ੍ਹਾਂ ਦਾ 'ਸਾਈਬਰ ਸੱਥ' ਨਾਂ ਦਾ ਪ੍ਰੋਗਰਾਮ ਲੰਬਾ ਸਮਾਂ ਲੜੀਵਾਰ ਦੇ ਰੂਪ ਵਿਚ ਚਲਦਾ ਰਿਹਾ। ਕੰਪਿਊਟਰੀ ਨੁਕਤਿਆਂ 'ਤੇ ਆਧਾਰਿਤ ਉਨ੍ਹਾਂ ਦੇ ਇਸ ਪ੍ਰੋਗਰਾਮ ਨੇ ਨਵੇਂ ਸਰੋਤਿਆਂ ਦੀ ਰੇਡੀਓ ਨਾਲ ਸਾਂਝ ਬਣਾਈ। ਦੂਰਦਰਸ਼ਨ ਜਲੰਧਰ ਅਤੇ ਹੋਰਨਾਂ ਟੈਲੀਵਿਜ਼ਨ ਚੈਨਲਾਂ 'ਤੇ ਉਨ੍ਹਾਂ ਨੂੰ ਤਕਨਾਲੋਜੀ, ਪੰਜਾਬੀ ਕੰਪਿਊਟਰਕਾਰੀ ਤੇ ਸਾਈਬਰ ਮਾਹਿਰ ਵਜੋਂ ਅਕਸਰ ਬੁਲਾ ਕੇ ਦਰਸ਼ਕਾਂ ਦੇ ਰੂ-ਬ-ਰੂ ਕੀਤਾ ਜਾਂਦਾ ਹੈ।

ਸਚਮੁੱਚ ਵਿਚ ਉਹ ਇਕ ਸਫਲ ਲੇਖਕ ਹੋਣ ਦੇ ਨਾਲ-ਨਾਲ, ਯੋਗ ਅਧਿਆਪਕ, ਨਿਪੁੰਨ ਖੋਜਕਾਰ, ਮਾਂ-ਬੋਲੀ ਦੇ ਬਲੋਗਰ, ਤਕਨਾਲੋਜੀ ਯੂ-ਟਿਊਬਰ ਅਤੇ ਟੀ.ਵੀ.-ਰੇਡੀਓ ਕਲਾਕਾਰ ਹਨ।




CL
Chaman Lal
Open
Everyday
11am to 6pm
NURMAHAL
JEWELLERS
Manufacturers of All Kinds of Gold & Silver Ornaments.
We are a proud Jewelry Company open since 1990 in Yuba City, CA. We sell authentic 22K & 24K Gold Jewelry, custom make gold jewelry, sell Brand name Watches, gold coins, repair jewelry and buy Gold. Please do not hesitate to call us with any questions!
ਤਿੰਨ ਦਹਾਕਿਆਂ ਤੋਂ ਤੁਹਾਡੇ ਰਿਸ਼ਤਿਆਂ ਨੂੰ ਹੋਰ ਖ਼ੂਬਸੂਰਤ
ਅਤੇ ਚਮਕਦਾਰ ਬਣਾ ਰਹੇ ਨੇ ਨੂਰਮਹਿਲ ਜਿਊਲਰਜ਼
ਵਾਜ਼ਿਬ ਕੀਮਤ ਦਾ ਵਾਇਦਾ ਉਨਾਂਵ। ਨਵੇਂ-ਨਵੇਂ ਡਿਜ਼ਾਈਨ ਦੇ ਸੋਨੇ ਤੇ ਚਾਂਦੀ ਦੇ ਗਹਿਣੇ ਖਰੀਦਣ ਲਈ ਪਧਾਰੋ ਜੀ।
2840 Del Paso Rd #200, Sacramento,
CA 95834, Ph: +1-916-692-8121
ਅਸੀਂ ਸੋਨਾ ਅਤੇ ਚਾਂਦੀ ਖਰੀਦਦੇ ਵੀ ਹਾਂ।


Open
7am to 6pm
Monday to
Saturday
COMPLETE TRUCK & TRAILER REPAIR
Truck & Trailer
Parking
One Stop Shop
ELITE
TRUCK REPAIR & WASH INC
OIL CHANGE
TRUCK WASH
ਅਸੀਂ ਹਰ ਤਰ੍ਹਾਂ ਦੇ ਟਰੱਕ ਅਤੇ ਟ੍ਰੇਲਰਾਂ ਦੀ ਤਸੱਲੀਬਖ਼ਸ਼ ਮੁਰੰਮਤ ਕਰਦੇ ਹਾਂ, ਸਾਡੇ ਕੋਲ ਤਜ਼ਰਬੇਕਾਰ ਮੈਕੇਨਿਕ ਹਨ
•Computer Diagnostics •DOT 90 Day & Annual Inspections
•Full Service •Brakes •Clutch •Transmission
•Differential •Suspension •Axles •DPF Filter Cleaning
•Gas Welding •Electrical •AC Service •PM Service
•New/Uesd Tires •Wheel Balancing •Truck Trailer Alignment
Truck Oil Change
Mobil Delvac
Chevron Delo
Shell ROTELLA
All Makes & Models
Cummins
VOLVO
PACCAR
ELITE
ELITE TRUCK REPAIR & WASH
10399 E STOCKTON BLVD ELK GROVE, CA 95624
916-581-4041
elitetruckrepairandwash@gmail.com

# ਜਦੋਂ ਮੈਨੂੰ ਨੌਕਰੀ ’ਚੋਂ ਬਰਖਾਸਤ ਕਰਨ ਦੀ ਧਮਕੀ ਮਿਲੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਅੱਜਕੱਲ੍ਹ ਨੌਜਵਾਨਾਂ ਵਿਚ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੀ ਪ੍ਰਵਿਰਤੀ ਭਾਰੂ ਹੈ। ਪੜ੍ਹੇ-ਲਿਖੇ ਨੌਜਵਾਨ ਵਾਈਟ ਕਾਲਰ ਜਾਬ ਕਰਨ ਦੇ ਇੱਛਕ ਹਨ। ਉਹ ਹੱਥੀਂ ਕਿਰਤ ਕਰਨ ਜਾਂ ਆਪਣਾ ਕੋਈ ਵੀ ਕਾਰੋਬਾਰ ਕਰਨ ਦੀ ਛੇਤੀ ਕੀਤਿਆਂ ਹਿੰਮਤ ਹੀ ਨਹੀਂ ਕਰਦੇ, ਜਦੋਂਕਿ ਜ਼ਿੰਦਗੀ ਦੀ ਆਜ਼ਾਦੀ ਆਪਣੇ ਕਾਰੋਬਾਰ ਵਿਚ ਹੀ ਹੈ। ਸਰਕਾਰੀ ਨੌਕਰੀ ਗੁਲਾਮੀ ਦੀ ਬਿਹਤਰੀਨ ਕਿਸਮ ਹੈ। ਇਮਾਨਦਾਰੀ ਨਾਲ ਕੰਮ ਕਰਨ ਵਾਲਿਆਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਹ ਚਾਪਲੂਸੀ ਕਰਨ ਵਿਚ ਮੋਹਰੀ ਨਹੀਂ ਹੁੰਦੇ। ਕੁਝ ਸੀਨੀਅਰ ਅਧਿਕਾਰੀ ਜੂਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਮਾਤਹਿਤ ਦੀ ਥਾਂ ਨਿੱਜੀ ਸੇਵਕ ਸਮਝਦੇ ਹਨ। ਜਿਸ ਕਰਕੇ ਇਮਾਨਦਾਰ, ਕਾਬਲ ਅਤੇ ਮਿਹਨਤੀ ਕਰਮਚਾਰੀਆਂ ਦੇ ਹੌਂਸਲੇ ਪਸਤ ਹੋ ਜਾਂਦੇ ਹਨ। ਵਿਹਲੜ ਬੈਠਕੇ ਅਧਿਕਾਰੀਆਂ ਦੀ ਜੀ ਹਜ਼ੂਰੀ ਨਾਲ ਮੌਜਾਂ ਕਰਦੇ ਹਨ। ਕੰਮ ਕਰਨ ਵਾਲੇ ਕਾਬਲ ਕਰਮਚਾਰੀਆਂ ਨੂੰ ਹੀ ਸਾਰੇ ਕੰਮ ਦਾ ਬੋਝ ਪਾ ਦਿੱਤਾ ਜਾਂਦਾ ਹੈ। ਮੈਂ 33 ਸਾਲ ਪੰਜਾਬ ਦੇ ਲੋਕ ਸੰਪਰਕ ਅਤੇ ਸੂਚਨਾ ਵਿਭਾਗ ਵਿਚ ਤਨਦੇਹੀ ਅਤੇ ਇਮਾਨਦਾਰੀ ਨਾਲ ਨੌਕਰੀ ਕੀਤੀ ਹੈ। ਪ੍ਰਾਈਵੇਟ ਨੌਕਰੀ ਦਾ ਇਕ ਲਾਭ ਹੈ, ਉਹ ਕੰਮ ਤਾਂ ਪੂਰਾ ਲੈਂਦੇ ਹਨ ਪ੍ਰੰਤੂ ਕੰਮ ਦੀ ਕਦਰ ਅਤੇ ਮਿਹਨਤ ਦਾ ਮੁੱਲ ਜ਼ਰੂਰ ਪੈਂਦਾ ਹੈ।

1974 ਵਿਚ ਜਦੋਂ ਮੈਂ ਪੰਜਾਬ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਵਿਭਾਗ ਵਿਚ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਨਿਬੰਧਕਾਰ ਪੰਜਾਬੀ ਦੇ ਅਹੁਦੇ ’ਤੇ ਨਿਯੁਕਤ ਹੋਇਆ, ਤਾਂ ਪਹਿਲੇ ਹਫਤੇ ਹੀ ਵਿਭਾਗ ਦੇ ਮੁਖੀ ਨੇ ਮੈਨੂੰ ਨੌਕਰੀ ਵਿਚੋਂ ਬਰਖ਼ਾਸਤ ਕਰਨ ਦੀ ਧਮਕੀ ਦੇ ਦਿੱਤੀ। ਉਸ ਸਮੇਂ ਮੈਂ ਮਹਿੰਦਰਾ ਕਾਲਜ ਪਟਿਆਲਾ ਵਿਚ ਸ਼ਾਮ ਦੀਆਂ ਕਲਾਸਾਂ ਵਿਚ ਐੱਮ.ਏ. ਪੰਜਾਬੀ ਦੇ ਪਹਿਲੇ ਸਾਲ ਵਿਚ ਪੜ੍ਹ ਰਿਹਾ ਸੀ। ਪਹਿਲੇ ਸਾਲ ਦੇ ਇਮਤਿਹਾਨ ਨੇੜੇ ਸਨ। ਇਸ ਦੇ ਨਾਲ ਹੀ ਮੈਂ ਆਤਮਾ ਰਾਮ ਕੁਮਾਰ ਸਭਾ ਸਕੂਲ ਪਟਿਆਲਾ ਵਿਚ ਪੜ੍ਹਾ ਰਿਹਾ ਸੀ। ਮੈਂ ਆਪਣੇ ਵੱਡੇ ਭਰਾ ਸ. ਧਰਮ ਸਿੰਘ ਕੋਲ ਪਟਿਆਲਾ ਸਰਕਾਰੀ ਰਿਹਾਇਸ਼ ਵਿਚ ਰਹਿ ਰਿਹਾ ਸੀ। ਮੇਰੀ ਇੱਛਾ ਲੈਕਚਰਾਰ ਬਣਨ ਦੀ ਸੀ ਕਿਉਂਕਿ ਮੈਨੂੰ ਪੰਜਾਬੀ ਦੇ ਸਾਹਿਤ ਨਾਲ ਲਗਾਓ ਸੀ। ਮੈਂ ਪਟਿਆਲਾ ਵਿਖੇ ਦੋਸਤਾਂ ਨਾਲ ਰਲਕੇ ਪੰਜਾਬੀ ਦਾ ਮਾਸਕ ਰਸਾਲਾ ‘ਵਹਿਣ’ ਪ੍ਰਕਾਸ਼ਤ ਕਰ ਰਿਹਾ ਸੀ। ਮੇਰੀ ਨਿਬੰਧਕਾਰ ਪੰਜਾਬੀ ਦੀ ਚੋਣ ਵੀ ‘ਵਹਿਣ’ ਰਸਾਲੇ ਦਾ ਸਹਾਇਕ ਸੰਪਾਦਕ ਹੋਣ ਕਰਕੇ ਹੀ ਹੋਈ ਸੀ ਕਿਉਂਕਿ ਨਿਬੰਧਕਾਰ ਪੰਜਾਬੀ ਦੀ ਅਸਾਮੀ ਸੂਚਨਾ ਤੇ ਪ੍ਰਸਾਰ ਵਿਭਾਗ ਦੇ ਸਰਕਾਰੀ ਰਸਾਲੇ ਜਾਗ੍ਰਤੀ ਪੰਜਾਬੀ ਨਾਲ ਸੰਬੰਧਤ ਸੀ। ਜਦੋਂ ਮੈਨੂੰ ਨਿਯੁਕਤੀ ਪੱਤਰ ਆਇਆ ਤਾਂ ਮੈਂ ਨੌਕਰੀ ਜੁਆਇਨ ਕਰਨ ਤੋਂ ਆਨਾ-ਕਾਨੀ ਕਰਨ ਲੱਗਿਆ ਕਿਉਂਕਿ ਮੇਰੇ ਮਨ ਵਿਚ ਲੈਕਚਰਾਰ ਬਣਨ ਦੀ ਇੱਛਾ ਉਸਲਵੱਟੇ ਲੈ ਰਹੀ ਸੀ। ਮੇਰੇ ਭਰਾ ਨੇ ਕਿਹਾ ਕਿ ‘ਜਿਤਨੀ ਉਨ੍ਹਾਂ ਦੀ ਤਨਖਾਹ ਹੁਣ ਇਤਨੀ ਨੌਕਰੀ ਤੋਂ ਬਾਅਦ ਹੋਈ ਹੈ, ਤੇਰੀ ਉਤਨੀ ਤਨਖ਼ਾਹ ਸ਼ੁਰੂ ਵਿਚ ਹੈ। ਨਖ਼ਰੇ ਨਾ ਕਰ ਚੁੱਪ ਕਰਕੇ ਨੌਕਰੀ ਜੁਆਇਨ ਕਰ ਲੈ।’ ਫਿਰ ਮੈਂ ਬਤੌਰ ਨਿਬੰਧਕਾਰ ਪੰਜਾਬੀ ਨੌਕਰੀ ਜੁਆਇਨ ਕਰ ਲਈ। ਹਰ ਰੋਜ਼ ਪਟਿਆਲਾ ਤੋਂ ਚੰਡੀਗੜ੍ਹ ਬਸ ਵਿਚ ਜਾਇਆ ਕਰਦਾ ਸੀ। ਕਾਫ਼ੀ ਸਮਾਂ ਸਫ਼ਰ ਵਿਚ ਹੀ ਬਰਬਾਦ ਹੁੰਦਾ ਸੀ। ਪੜ੍ਹਾਈ ਲਈ ਸਮਾਂ ਘੱਟ ਮਿਲਦਾ ਸੀ। ਮੇਰੇ ਭਰਾ ਦੇ ਗੁਆਂਢ ਵਿਚ ਮੇਰੇ ਨਾਮ ਵਾਲਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਵਿਚ ਉਜਾਗਰ ਸਿੰਘ ਡਰਾਇਵਰ ਰਹਿੰਦਾ ਸੀ। ਜਦੋਂ ਉਸਨੂੰ ਪਤਾ ਲੱਗਾ ਕਿ ਮੇਰੀ ਉਨ੍ਹਾਂ ਦੇ ਵਿਭਾਗ ਵਿਚ ਚੰਡੀਗੜ੍ਹ ਨੌਕਰੀ ਲੱਗ ਗਈ ਹੈ, ਉਹ ਮੈਨੂੰ ਤਤਕਾਲੀ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਗੋਪਾਲ ਸਿੰਘ ਕੋਲ ਲੈ ਗਿਆ। ਗੋਪਾਲ ਸਿੰਘ ਬਹੁਤ ਹੀ ਸਾਧਾਰਨ, ਨਿਮਰਤਾ ਅਤੇ ਸਲੀਕੇ ਵਾਲਾ ਅਧਿਕਾਰੀ ਸੀ, ਉਨ੍ਹਾਂ ਮੈਨੂੰ ਕਿਹਾ ਕਿ ਮੈਂ ਪਟਿਆਲਾ ਦੀ ਬਦਲੀ ਕਰਵਾ ਲਵਾਂ। ਨਾਲੇ ਘਰ ਹੀ ਰਹਾਂਗੇ ਤੇ ਪੜ੍ਹਾਈ ਵੀ ਜਾਰੀ ਰੱਖ ਸਕਾਂਗਾ, ਮੈਂ ਸਰਕਾਰੀ ਨੌਕਰੀ ਸੰਬੰਧੀ ਬਿਲਕੁਲ ਅਨਾੜੀ ਸੀ। ਭਾਵੇਂ ਪ੍ਰਾਈਵੇਟ ਨੌਕਰੀ ਕਰਦਾ ਸੀ ਪ੍ਰੰਤੂ ਅਜੇ ਵੀ ਵਿਦਿਆਰਥੀ ਜੀਵਨ ਵਿਚ ਵਿਚਰ ਰਿਹਾ ਸੀ। ਮੈਂ ਸਾਡੇ ਪਾਇਲ ਹਲਕੇ ਦੇ ਵਿਧਾਨਕਾਰ ਸ. ਬੇਅੰਤ ਸਿੰਘ ਕੋਲ ਪਟਿਆਲਾ ਦੀ ਬਦਲੀ ਕਰਵਾਉਣ ਲਈ ਚੰਡੀਗੜ੍ਹ ਐੱਮ.ਐੱਲ.ਏ. ਹੋਸਟਲ ਵਿਚ ਉਨ੍ਹਾਂ ਕੋਲ ਚਲਾ ਗਿਆ। ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ। ਉਹ ਮੈਨੂੰ ਆਪਣੇ ਨਾਲ ਲੈ ਕੇ ਮੁੱਖ ਮੰਤਰੀ ਦੇ ਦਫ਼ਤਰ ਚਲੇ ਗਏ ਪ੍ਰੰਤੂ ਉਹ ਦਫ਼ਤਰ ਵਿਚ ਨਹੀਂ ਸਨ। ਫਿਰ ਉਹ ਮੈਨੂੰ ਸੂਚਨਾ ਤੇ ਪ੍ਰਸਾਰ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ ਕੋਲ ਲੈ ਗਏ। ਮੁੱਖ ਸੰਸਦੀ ਸਕੱਤਰ ਕਹਿਣ ਲੱਗੇ, ਅਰਜ਼ੀ ਦਿਓ, ਮੈਂ ਹੁਣੇ ਹੁਕਮ ਕਰ ਦਿੰਦਾ ਹਾਂ। ਮੇਰੇ ਕੋਲ ਕੋਈ ਅਰਜ਼ੀ ਨਹੀਂ ਸੀ ਕਿਉਂਕਿ ਮੈਨੂੰ ਸਰਕਾਰੀ ਕੰਮ-ਕਾਜ ਬਾਰੇ ਅਜੇ ਬਹੁਤੀ ਸਮਝ ਹੀ ਨਹੀਂ ਸੀ। ਸੰਸਦੀ ਸਕੱਤਰ ਨੇ ਆਪਣੇ ਕੋਲੋਂ ਇਕ ਕਾਗਜ਼ ਮੈਨੂੰ ਦਿੱਤਾ ਤੇ ਅਰਜ਼ੀ ਲਿਖਣ ਲਈ ਕਿਹਾ। ਮੈਂ ਅਰਜ਼ੀ ਲਿਖ ਦਿੱਤੀ। ਸ. ਬੇਅੰਤ ਸਿੰਘ ਨੇ ਅਰਜ਼ੀ ’ਤੇ ਸਿਫਾਰਸ਼ ਕੀਤੀ ਤੇ ਸੰਸਦੀ ਸਕੱਤਰ ਨੇ ਮੇਰੀ ਬਦਲੀ ਦੇ ਹੁਕਮ ਕਰ ਦਿੱਤੇ। ਮੈਂ ਖ਼ੁਸ਼ੀ ਵਿਚ ਅਰਜ਼ੀ ਲੈ ਕੇ ਡਾਇਰੈਕਰਟਰ ਜਗਜੀਤ ਸਿੰਘ ਸਿੱਧੂ ਦੇ ਪੀ.ਏ. ਨੂੰ ਦੇ ਦਿੱਤੀ। ਜਗਜੀਤ ਸਿੰਘ ਸਿੱਧੂ ਵਿਭਾਗੀ ਅਧਿਕਾਰੀ ਸਨ ਪ੍ਰੰਤੂ ਸੰਸਦੀ ਸਕੱਤਰ ਦੇ ਨਜ਼ਦੀਕੀ ਹੋਣ ਕਰਕੇ ਡਾਇਰੈਕਟਰ ਦਾ ਚਾਰਜ ਉਨ੍ਹਾਂ ਕੋਲ ਸੀ। ਮੈਂ ਅਜੇ ਆਪਣੀ ਸ਼ਾਖਾ ਵਿਚ ਜਾ ਕੇ ਬੈਠਿਆ ਹੀ ਸੀ ਕਿ ਡਾਇਰੈਕਟਰ ਦਾ ਸੇਵਾਦਾਰ ਮੈਨੂੰ ਬੁਲਾਉਣ ਲਈ ਆ ਗਿਆ। ਸ਼ਾਖ਼ਾ ਵਾਲੇ ਸਾਰੇ ਕਹਿਣ ਲੱਗੇ ਕਿ ਹੁਣ ਮੇਰੀ ਬਦਲੀ ਹੋ ਗਈ ਸਮਝੋ। ਜਦੋਂ ਮੈਂ ਡਾਇਰੈਕਟਰ ਦੇ ਕਮਰੇ ਵਿਚ ਦਾਖ਼ਲ ਹੋਇਆ, ਤਾਂ ਜਗਜੀਤ ਸਿੰਘ ਸਿੱਧੂ ਮੈਨੂੰ ਟੁੱਟ ਕੇ ਪੈ ਗਏ ਕਿ ਤੂੰ ਨੌਕਰੀ ਕਰਨੀ ਹੈ ਕਿ ਨਹੀਂ? ਮੈਂ ਬਦਲੀ ਦੇ ਹੁਕਮਾਂ ਦੀ ਆਸ ਕਰ ਰਿਹਾ ਸੀ ਪ੍ਰੰਤੂ ਇਹ ਤਾਂ ਪਾਸਾ ਹੀ ਪੁੱਠਾ ਪੈ ਗਿਆ। ਮੈਨੂੰ ਸਮਝ ਨਾ ਆਵੇ ਕਿ ਇਹ ਕੀ ਹੋ ਗਿਆ? ਮੈਂ ਤੌਰ-ਭੌਰ ਹੋ ਗਿਆ। ਡਾਇਰੈਕਟਰ ਤਾਬੜ ਤੋੜ ਮੇਰੇ ’ਤੇ ਸ਼ਬਦੀ ਹਮਲੇ ਕਰੀ ਜਾਣ, ਜਿਵੇਂ ਮੈਂ ਕੋਈ ਬਜ਼ਰ ਗੁਨਾਹ ਕੀਤਾ ਹੋਵੇ। ਫਿਰ ਉਹ ਕਹਿਣ ਲੱਗੇ ਕਿ ਮੈਂ ਤੈਨੂੰ ਨੌਕਰੀ ਵਿਚੋਂ ਬਰਖਾਸਤ ਕਰ ਦੇਵਾਂਗਾ। ਤੂੰ ਸਰਕਾਰੀ ਮੁਲਾਜ਼ਮ ਹੋ ਕੇ ਸਿੱਧਾ ਮੰਤਰੀ ਕੋਲ ਕਿਵੇਂ ਚਲਾ ਗਿਆ? ਬਦਲੀ ਦੀ ਅਰਜ਼ੀ ਸਰਕਾਰੀ ਕਾਗਜ਼ ’ਤੇ ਕਿਉਂ ਲਿਖੀ? ਸ. ਬੇਅੰਤ ਸਿੰਘ ਨੂੰ ਤੂੰ ਕਿਵੇਂ ਜਾਣਦਾ ਹੈਂ? ਮੈਂ ਦੱਸਿਆ ਕਿ ਉਹ ਸਾਡੇ ਵਿਧਾਨਕਾਰ ਹਨ ਅਤੇ ਮੇਰੇ ਪਰਿਵਾਰ ਨਾਲ ਉਨ੍ਹਾਂ ਦੇ ਪਰਿਵਾਰਕ ਸੰਬੰਧ ਹਨ। ਉਹ ਤਾਂ ਮੈਨੂੰ ਮੁੱਖ ਮੰਤਰੀ ਕੋਲ ਲੈ ਕੇ ਗਏ ਸੀ ਪ੍ਰੰਤੂ ਮੁੱਖ ਮੰਤਰੀ ਦਫ਼ਤਰ ਵਿਚ ਨਹੀਂ ਸਨ। ਡਾਇਰੈਕਟਰ ਥੋੜ੍ਹਾ ਢਿੱਲਾ ਪੈ ਗਿਆ ਪ੍ਰੰਤੂ ਉਨ੍ਹਾਂ ਦਾ ਗੁੱਸਾ ਚਿਹਰੇ ਤੋਂ ਸਾਫ ਦਿਸ ਰਿਹਾ ਸੀ। ਮੈਂ ਸੋਚਿਆ ‘ਭਲਾ ਹੋਇਆ ਮੇਰਾ ਚਰਖਾ ਟੁੱਟਾ ਜ਼ਿੰਦ ਅਜਾਬੋਂ ਛੁਟੀ’ ਕਿਉਂਕਿ ਮੈਂ ਤਾਂ ਐੱਮ.ਏ. ਕਰਕੇ ਲੈਕਚਰਾਰ ਲੱਗਣ ਦੇ ਸਪਨੇ ਵੇਖ ਰਿਹਾ ਸੀ। ਮੈਂ ਤਾਂ ਨੌਕਰੀ ਜੁਆਇਨ ਹੀ ਨਹੀਂ ਕਰ ਰਿਹਾ ਸੀ। ਉਹ ਤਾਂ ਮੇਰੇ ਭਰਾ ਨੇ ਮੈਨੂੰ ਨੌਕਰੀ ਜੁਆਇਨ ਕਰਨ ਲਈ ਜ਼ੋਰ ਪਾਇਆ ਸੀ। ਵੱਡੇ ਭਰਾ ਨੂੰ ਜਵਾਬ ਨਹੀਂ ਦੇ ਸਕਿਆ। ਮੈਂ ਕਮਰੇ ਵਿਚੋਂ ਬਾਹਰ ਆਉਣ ਲੱਗਾ ਤਾਂ ਡਾਇਰੈਕਟਰ ਫਿਰ ਟੁੱਟਕੇ ਪੈ ਗਿਆ ਕਿ ਤੂੰ ਕਿਧਰ ਚੱਲਿਆ ਹੈਂ? ਮੈਂ ਕਿਹਾ ਕਿ ਤੁਸੀਂ ਮੈਨੂੰ ਬਰਖਾਸਤ ਕਰ ਰਹੇ ਹੋ ਤੇ ਫਿਰ ਮੈਂ ਇਥੇ ਕੀ ਕਰਨਾ ਹੈ? ਮੈਂ ਪਟਿਆਲਾ ਜਾ ਕੇ ਆਪਣੀ ਪੜ੍ਹਾਈ ਜਾਰੀ ਰੱਖਾਂਗਾ। ਉਸ ਸਮੇਂ ਡਾਇਰੈਕਟਰ ਦੇ ਕੋਲ ਉਰਦੂ ਦੇ ਸਰਕਾਰੀ ਰਸਾਲੇ ‘ਪਾਸਵਾਨ’ ਦੇ ਸੰਪਾਦਕ ਸੁਰਿੰਦਰ ਸਿੰਘ ਮਾਹੀ ਬੈਠੇ ਸਨ। ਉਹ ਮੈਨੂੰ ਸਮਝਾਉਣ ਲੱਗੇ ਕਿ ਮੰਤਰੀਆਂ ਕੋਲ ਨਹੀਂ ਜਾਈਦਾ, ਜੇਕਰ ਕੋਈ ਮੁਸ਼ਕਲ ਹੋਵੇ ਤਾਂ ਅਧਿਕਾਰੀਆਂ ਨਾਲ ਗੱਲ ਕਰੀਦੀ ਹੈ। ਤੁਸੀਂ ਦਫ਼ਤਰੀ ਨਿਯਮਾਂ ਦੀ ਉਲੰਘਣਾ ਕੀਤੀ ਹੈ। ਹਾਲਾਂਕਿ ਸੁਰਿੰਦਰ ਸਿੰਘ ਮਾਹੀ ਸਟੂਡੈਂਟ ਕਾਂਗਰਸ ਪੰਜਾਬ ਦਾ ਪ੍ਰਧਾਨ ਰਿਹਾ ਸੀ। ਆਪ ਵੀ ਰਾਜਨੀਤਿਕ ਸਿਫ਼ਾਰਸ਼ ਨਾਲ ਨੌਕਰੀ ’ਤੇ ਲੱਗਿਆ ਸੀ ਪ੍ਰੰਤੂ ਮੈਨੂੰ ਮੱਤਾਂ ਦੇਣ ਲੱਗ ਪਿਆ। ਡਾਇਰੈਕਟਰ ਕੁਝ ਨਰਮ ਹੋਇਆ ਤੇ ਮੈਨੂੰ ਸਮਝਾਉਣ ਲੱਗਾ ਕਿ ਤੇਰੀ ਅਸਾਮੀ ਮੁੱਖ ਦਫ਼ਤਰ ਦੀ ਹੈ। ਬਦਲੀ ਨਹੀਂ ਹੋ ਸਕਦੀ। ਮੈਂ ਬਹੁਤ ਨਿਮੋਝੂਣਾ ਹੋਇਆ। ਬਦਲੀ ਦੇ ਹੁਕਮਾਂ ਦੀ ਥਾਂ ਨੌਕਰੀ ਵਿਚੋਂ ਕੱਢਣ ਦੀ ਧਮਕੀ ਲੈ ਕੇ ਡਾਇਰੈਕਟਰ ਦੇ ਕਮਰੇ ਵਿਚੋਂ ਬਾਹਰ ਆ ਗਿਆ। ਸ਼ਾਖ਼ਾ ਵਾਲੇ ਬਦਲੀ ਬਾਰੇ ਪੁੱਛਣ, ਮੈਂ ਉਨ੍ਹਾਂ ਨੂੰ ਕੀ ਦੱਸਾਂ ਕਿ ਮੇਰੇ ਨਾਲ ਤਾਂ ਬੁਰੀ ਹੋਈ ਹੈ? ਸ਼ਾਮ ਨੂੰ ਦਫਤਰੋਂ ਛੁੱਟੀ ਹੋਣ ਤੋਂ ਬਾਅਦ ਮੈਂ ਫਿਰ ਐੱਮ.ਐੱਲ.ਏ. ਹੋਸਟਲ ਸ. ਬੇਅੰਤ ਸਿੰਘ ਕੋਲ ਚਲਾ ਗਿਆ। ਜਦੋਂ ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ, ਤਾਂ ਉਹ ਗੁੱਸੇ ਵਿਚ ਅੱਗ ਬਬੂਲਾ ਹੋ ਗਏ ਤੇ ਕਹਿਣ ਲੱਗੇ ਕਿ ਜਗਜੀਤ ਸਿੰਘ ਸਿੱਧੂ ਆਪ ਸਿਆਸੀ ਪਹੁੰਚ ਕਰਕੇ ਆਈ.ਏ.ਐੱਸ. ਦੀ ਅਸਾਮੀ ’ਤੇ ਲੱਗਿਆ ਬੈਠਾ ਹੈ ਤੇ ਤੁਹਾਨੂੰ ਸਿਆਸੀ ਪਹੁੰਚ ਕਰਾਉਣ ਕਰਕੇ ਨੌਕਰੀ ਵਿਚੋਂ ਕੱਢਣ ਦੀ ਧਮਕੀ ਦੇ ਰਿਹਾ ਹੈ। ਤੁਰੰਤ ਉਨ੍ਹਾਂ ਸੰਸਦੀ ਸਕੱਤਰ ਨੂੰ ਫੋਨ ਕੀਤਾ। ਸੰਸਦੀ ਸਕੱਤਰ ਨੇ ਸ. ਬੇਅੰਤ ਸਿੰਘ ਨੂੰ ਅਗਲੇ ਦਿਨ ਬਰੇਕ ਫਾਸਟ ’ਤੇ ਬੁਲਾ ਲਿਆ। ਡਾਇਰੈਕਟਰ ਨੂੰ ਵੀ ਉਥੇ ਬੁਲਾ ਲਿਆ। ਅਖ਼ੀਰ ਡਾਇਰੈਕਟਰ ਨੇ ਆਪਦੇ ਸ਼ਬਦ ਵਾਪਸ ਲਏ ਤਾਂ ਮਸਲਾ ਹੱਲ ਹੋਇਆ। ਪ੍ਰੰਤੂ ਮੇਰੇ ਵਾਲਾ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਮੈਨੂੰ 5 ਸਾਲ ਸਕੱਤਰੇਤ ਵਿਚ ਹੀ ਨੌਕਰੀ ਕਰਨੀ ਪਈ। 1979 ਵਿਚ ਪਟਿਆਲਾ ਆਉਣ ਦਾ ਇਤਫਾਕ ਬਣਿਆਂ।









## 'ਜੋ ਦਿਖਾ, ਸੋ ਲਿਖਾ'

# ਪੰਜਾਬ ਨੂੰ ਉਭਾਰਨ ਲਈ ਸਖਤ ਫੈਸਲਿਆਂ ਦੀ ਲੋੜ

## ਕਰਜ਼ੇ ਦੇ ਬੋਝ ਨਾਲ-ਨਾਲ ਕੇਂਦਰ ਦੀ ਬੇਰੁੱਖੀ ਵੀ ਭਾਰੂ


**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)

ਇਸ ਸਮੇਂ ਪੰਜਾਬ ਦੇ ਆਰਥਿਕ ਅਤੇ ਰਾਜਨੀਤਕ ਹਾਲਾਤ ਅਤਿ ਨਿਰਾਸ਼ਾਜਨਕ ਚੱਲ ਰਹੇ ਨੇ। ਪਿਛਲੇ ਢਾਈ ਦਹਾਕਿਆਂ ਦੌਰਾਨ ਸਰਕਾਰਾਂ ਦੀ ਮਾਫੀਆਂ ਰਾਹੀਂ ਲੁੱਟ ਅਤੇ ਮਾਰੂ ਨੀਤੀਆਂ ਕਾਰਨ ਕਰਜ਼ਾ ਵਧਦਾ ਗਿਆ। ਇਸ ਸਮੇਂ ਸੂਬੇ ਉਪਰ ਜਨਤਕ ਅਦਾਰਿਆਂ ਸਮੇਤ ਤਿੰਨ ਲੱਖ ਕਰੋੜ ਰੁਪਏ ਤੋਂ ਵਧੇਰੇ ਕਰਜ਼ਾ ਚੜ੍ਹ ਚੁੱਕੈ। ਜਿਸ ਦੀ ਸਾਲਾਨਾ ਵਿਆਜ ਸਮੇਤ ਕਿਸ਼ਤ 36000 ਕਰੋੜ ਰੁਪਏ ਅਦਾ ਕਰਨੀ ਪੈ ਰਹੀ ਹੈ। ਸੂਬੇ ਦੀ ਆਰਥਿਕ ਮੰਦਹਾਲੀ ਬਾਵਜੂਦ ਵੋਟਾਂ ਖਾਤਿਰ 'ਆਪ' ਵਲੋਂ ਵੱਡੇ-ਵੱਡੇ ਚੋਣ ਵਾਅਦੇ ਕੀਤੇ ਹੋਏ ਨੇ। ਉਂਝ ਜਨਤਾ ਨੇ ਰਵਾਇਤੀ ਪਾਰਟੀਆਂ ਦੀ ਲੁੱਟ ਅਤੇ ਬਦਇੰਤਜ਼ਾਮੀ ਤੋਂ ਖਫਾ ਹੋ ਕੇ 'ਆਪ' ਨੂੰ ਬੇਮਿਸਾਲ ਬਹੁਮੱਤ ਦਿੱਤਾ ਹੈ। ਪ੍ਰੰਤੂ 'ਆਪ' ਲੀਡਰ ਇਸ ਨੂੰ ਦਿੱਲੀ ਮਾਡਲ ਦੀ ਜਿੱਤ ਸਮਝ ਬੈਠੇ ਨੇ। ਰਵਾਇਤੀ ਪਾਰਟੀਆਂ ਦੇ ਲੀਡਰਾਂ ਵਾਂਗ ਹੀ ਪ੍ਰਚਾਰ ਰਾਹੀਂ ਧੌਂਸ ਜਮਾਉਣ ਵਿਚ ਮਸ਼ਰੂਫ ਨੇ। ਹੁਣ ਤੱਕ ਤਾਂ ਸਰਕਾਰ ਪਾਰਟੀ ਸੁਪਰੀਮੋ ਦੀ ਚੰਡੀਗੜ੍ਹ ਬੈਠੀ ਟੀਮ ਵਲੋਂ ਚਲਾਏ ਜਾਣ ਦਾ ਪ੍ਰਭਾਵ ਦੇ ਰਹੀ ਹੈ। ਉੱਚ ਪੱਧਰੀ ਅਹਿਮ ਮੀਟਿੰਗਾਂ ਵਿਚ ਅਣਅਧਿਕਾਰਿਤ ਵਿਅਕਤੀਆਂ ਦੀ ਮੌਜੂਦਗੀ ਦੇ ਰੋਜ਼ਾਨਾ ਮੀਡੀਆ ਵਿਚ ਚਰਚੇ ਸੂਬੇ ਦੀ ਲੀਡਰਸ਼ਿਪ ਦੇ ਅਕਸ ਨੂੰ ਵੱਡੀ ਢਾਅ ਲਗਾ ਰਹੇ ਨੇ। ਇਸੇ ਉਭਰੇ ਅਕਸ ਦੇ ਕਾਰਨ ਸੰਗਰੂਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਵਿਚ ਪਾਰਟੀ ਨਤੀਜਾ ਭੁਗਤ ਚੱਕੀ ਹੈ। ਦੂਜੇ ਪਾਸੇ ਕੇਂਦਰ ਸਰਕਾਰ ਨਾਲ ਦਿੱਲੀ ਦੀ ਤਰਜ਼ 'ਤੇ ਬਣਿਆ ਟਕਰਾਅ ਵੀ ਸੂਬਾ ਸਰਕਾਰ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰ ਰਿਹੈ। ਸੂਬੇ ਦੀ ਰਾਜਨੀਤਿਕ ਸਥਿਤੀ ਵੀ ਕਾਫੀ ਉਥਲ-ਪੁਥਲ ਵਿਚੋਂ ਗੁਜ਼ਰ ਰਹੀ ਹੈ। ਵਿਰੋਧੀ ਰਵਾਇਤੀ ਪਾਰਟੀਆਂ ਵੀ ਆਪਣਾ ਖੋਇਆ ਆਧਾਰ ਤਲਾਸ਼ਣ ਲਈ ਤਰਲੋ ਮੱਛੀ ਹੋ ਰਹੀ ਦਿਸਦੀਆਂ ਨੇ। ਫਿਰ ਵੀ ਪਿਛਲੇ ਦਿਨੀਂ ਸਿੱਖਿਆ ਅਤੇ ਸਿਹਤ ਖੇਤਰਾਂ ਦੇ ਸੁਧਾਰ ਸਬੰਧੀ ਲਏ ਗਏ ਫੈਸਲੇ ਅੱਛੇ ਸੰਕੇਤ ਦਿੰਦੇ ਨੇ।

### ਵਿਗੜਿਆ ਅਮਨ ਕਨੂੰਨ

ਸੂਬੇ ਅੰਦਰ ਗੈਂਗਸਟਰਾਂ ਅਤੇ ਗੈਰਕਾਨੂੰਨੀ ਅਨਸਰਾਂ ਵਲੋਂ ਕਤਲ ਅਤੇ ਫਿਰੌਤੀਆਂ ਦੀਆਂ ਸ਼ਰੇਆਮ ਵਾਰਦਾਤਾਂ ਨਾਲ ਜਨਤਾ ਦਾ ਸਰਕਾਰ ਪ੍ਰਤੀ ਗੁੱਸਾ ਵਧ ਰਿਹੈ। ਦੇਸ਼ ਅਤੇ ਵਿਦੇਸ਼ਾਂ ਵਿਚ ਫੈਲੇ ਗੈਂਗਸਟਰਾਂ ਦੇ ਗਿਰੋਹ ਸ਼ਰੇਆਮ ਕਤਲਾਂ ਨੂੰ ਅੰਜ਼ਾਮ ਦੇ ਰਹੇ ਨੇ ਅਤੇ ਜੇਲ੍ਹਾਂ ਵਿਚੋਂ ਹੀ ਫਿਰੌਤੀਆਂ ਉਗਰਾਹ ਰਹੇ ਨੇ। ਸੂਬੇ ਵਿਚ ਹੋਈਆਂ ਵੱਡੀਆਂ ਵਾਰਦਾਤਾਂ ਨਾਲ ਗੈਂਗਵਾਦ ਦੀ ਖਤਰਨਾਕ ਤਸਵੀਰ ਉਭਰੀ ਹੈ। 15 ਮਾਰਚ ਤੋਂ ਜਲੰਧਰ ਦੇ ਪਿੰਡ ਮੱਲੀਆਂ ਕਲਾਂ ਵਿਚ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਨਾਲ ਸ਼ੁਰੂ ਹੋਇਆ। ਮੁਹਾਲੀ ਅਤੇ ਸਰਹਾਲੀ ਵਿਚ ਰਾਕਟ ਨਾਲ ਹਮਲੇ ਅੱਤਵਾਦ ਦੇ ਮੁੜ ਸਿਰ ਚੁੱਕਣ ਦੇ ਸਪੱਸ਼ਟ ਸੰਕੇਤ ਨੇ। 29 ਮਈ ਨੂੰ ਪਿੰਡ ਜਵਾਹਰ ਸਿੰਘ ਵਾਲਾ ਵਿਚ ਦਿਨ ਦਿਹਾੜੇ ਸ਼ਰੇਆਮ ਮਸ਼ਹੂਰ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲ ਦੇ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਰੁੱਪ ਦੇ ਕੈਨੇਡਾ ਬੈਠੇ ਗੋਲਡੀ ਬਰਾੜ ਨੇ ਲਈ। ਬਹੁਤੇ ਦੋਸ਼ੀ ਦਿੱਲੀ ਪੁਲਿਸ ਦੀ ਕਰਾਇਮ ਬਰਾਂਚ ਵਲੋਂ ਦਬੋਚੇ ਗਏ। ਫਿਰ 11 ਅਕਤੂਬਰ ਨੂੰ ਤਰਨ ਤਾਰਨ ਦੇ ਪਿੰਡ ਰਸੂਲਪੁਰ ਵਿਚ ਗਾਰਮੈਂਟ ਸਟੋਰ ਮਾਲਕ ਗੁਰਜੰਟ ਸਿੰਘ ਜੰਟਾ ਦਾ ਫਿਰੌਤੀ ਲਈ ਸ਼ਰੇਆਮ ਕਤਲ ਹੋਇਆ। ਜ਼ਿੰਮੇਵਾਰੀ ਕੈਨੇਡਾ ਰਹਿੰਦੇ ਗੈਂਗਸਟਰ ਲਖਵੀਰ ਸਿੰਘ ਲੰਢਾ ਨੇ ਪੋਸਟ ਪਾ ਕੇ ਲਈ। ਮੁੱਖ ਮੰਤਰੀ ਨੇ ਅਮਰੀਕਾ ਵਿਚ ਗੋਲਡੀ ਬਰਾੜ ਦੀ ਗ੍ਰਿਫਤਾਰੀ ਬਾਰੇ ਦਾਅਵਾ ਜ਼ਰੂਰ ਕਰ ਦਿੱਤਾ, ਪ੍ਰੰਤੂ ਪ੍ਰਮਾਣ ਅਜੇ ਤੱਕ ਸਾਹਮਣੇ ਨਹੀਂ ਆ ਸਕਿਆ। ਫਿਰ 5 ਅਕਤੂਬਰ ਨੂੰ ਸ਼ਿਵ ਸੈਨਾ (ਟਕਸਾਲੀ) ਦੇ ਪ੍ਰਧਾਨ ਸੁਧੀਰ ਸੂਰੀ ਦੇ ਭਾਰੀ ਸੁਰੱਖਿਆ ਦੌਰਾਨ ਹੋਏ ਕਤਲ ਨੇ ਪੁਲਿਸ ਪ੍ਰਸ਼ਾਸਨ 'ਤੇ ਸਵਾਲ ਖੜ੍ਹੇ ਕੀਤੇ। ਕੋਟਕਪੂਰਾ 'ਚ 10 ਨਵੰਬਰ ਨੂੰ ਬੇਅਦਬੀ ਦੇ ਮੁਲਜ਼ਮ ਡੇਰਾ ਪ੍ਰੇਮੀ ਪਰਦੀਪ ਸਿੰਘ ਦਾ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ। ਇਸ ਤੋਂ ਗੈਂਗਸਟਰਾਂ ਅਤੇ ਗਰਮ ਖਿਆਲੀ ਗਰੁੱਪਾਂ ਵਿਚ ਤਾਲਮੇਲ ਝਲਕਦੈ। 7 ਦਸੰਬਰ ਨੂੰ ਨਕੋਦਰ ਵਿਚ ਕੱਪੜਾ ਵਪਾਰੀ ਭੁਪਿੰਦਰ ਸਿੰਘ ਅਤੇ ਗੰਨਮੈਨ ਦਾ ਫਿਰੌਤੀ ਨਾ ਦੇਣ 'ਤੇ ਦਿਨ ਦਿਹਾੜੇ ਕਤਲ ਹੋਇਆ। ਸੂਬੇ ਵਿਚ ਅਸਲੇ ਦੀ ਵਰਤੋਂ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਵਿਚ ਵੀ ਵਾਧਾ ਹੋਇਆ ਹੈ। ਚੋਣਾਂ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ/ਬਹਿਬਲ ਕਲਾਂ ਗੋਲੀਕਾਂਡ ਦੇ ਪਾਰਟੀ ਸੁਪਰੀਮੋ ਕੇਜਰੀਵਾਲ ਵਲੋਂ ਦੋ ਦਿਨ ਵਿਚ ਹੀ ਇਨਸਾਫ ਦਵਾਉਣ ਦਾ ਵਾਅਦੇ ਪੂਰੇ ਨਹੀ ਹੋਇਆ। ਅਜੇ ਤੱਕ ਸਿੱਟਾਂ ਪੜਤਾਲ ਹੀ ਮੁਕੰਮਲ ਨਹੀਂ ਕਰ ਸਕੀਆਂ। ਪਰ ਇਹ ਮਾਮਲਾ ਲਮਕਾਉਣ ਨਾਲ ਖਹਿੜਾ ਛੱਡਣ ਵਾਲਾ ਨਹੀਂ ਜਾਪਦਾ, ਲੋਕ ਸੜਕ ਜਾਮ ਕਰੀ ਬੈਠੇ ਨੇ।



### ਨੌਜਵਾਨੀ ਵਿਦੇਸ਼ਾਂ ਵੱਲ

ਉਂਝ ਤਾਂ ਸਮੁਚੇ ਦੇਸ਼ ਵਿਚ ਪਿਛਲੇ ਸਾਲਾਂ ਦੌਰਾਨ ਕਰੋੜਾਂ ਰੁਜ਼ਗਾਰ ਖਤਮ ਹੋਏ ਨੇ। ਪਰ ਗੁਆਂਢੀ ਰਾਜਾਂ ਨੂੰ ਟੈਕਸਾਂ 'ਚ ਵਿਸ਼ੇਸ਼ ਰਿਆਇਤਾਂ ਦੇਣ ਕਾਰਨ ਪੰਜਾਬ ਵਿਚ ਵੱਡੀਆਂ ਸਨਅੱਤਾਂ ਲੱਗਣੀਆਂ ਬੰਦ ਹੋ ਚੁੱਕੀਆਂ ਨੇ, ਨਾਲ ਹੀ ਸੂਬੇ ਦੇ ਬਹੁਤੇ ਸਨਅੱਤਕਾਰ ਵੀ ਗੁਆਂਢੀ ਰਾਜਾਂ ਦੇ ਰੁੱਖ ਕਰ ਰਹੇ ਨੇ। ਇਸ ਦੇ ਚੱਲਦੇ ਸੂਬੇ ਵਿਚ ਰੁਜ਼ਗਾਰ ਦੇ ਮੌਕੇ ਖਤਮ ਹੋ ਰਹੇ ਨੇ। ਚੰਗੇ ਭਵਿੱਖ ਦੀ ਤਾਲਾਸ਼ ਵਿਚ ਨੌਜਵਾਨ ਵਿਦੇਸ਼ਾਂ ਵਲ ਭੱਜ ਰਹੇ ਨੇ। ਸੂਬੇ ਵਿਚੋਂ ਹਰ ਸਾਲ 30 ਹਜ਼ਾਰ ਕਰੋੜ ਰੁਪਏ ਤੋਂ ਵਧੇਰੇ ਪੈਸਾ ਵਿਦੇਸ਼ਾਂ ਵਿਚ ਜਾ ਰਿਹੈ। ਸੂਬੇ ਵਿਚ ਤਕਨੀਕੀ ਸੰਸਥਾਵਾਂ ਵਿਚ ਸੀਟਾਂ ਖਾਲੀ ਰਹਿੰਦੀਆਂ ਨੇ। ਪਿਛਲੇ ਦੋ ਸਾਲਾਂ ਦੌਰਾਨ 29 ਕਾਲਜ ਬੰਦ ਵੀ ਹੋ ਚੁੱਕੇ ਨੇ। ਅਜੇ ਵੀ ਮੁੱਖ ਮੰਤਰੀ ਵਿਦੇਸ਼ੀਂ ਗਈ ਜਵਾਨੀ ਨੂੰ ਵਾਪਸ ਲਿਆਉਣ ਦੇ ਸੁਪਨੇ ਦਿਖਾ ਰਹੇ ਨੇ।

### ਨਸ਼ਾ ਵਪਾਰ

ਸੂਬੇ ਵਿਚ ਚੱਲ ਰਿਹਾ ਨਸ਼ਾ ਵਪਾਰ ਸਰਕਾਰ ਦੇ ਗਲੇ ਦੀ ਹੱਡੀ ਬਣ ਚੁਕੈ। ਪਿੰਡਾਂ ਵਿਚ ਸ਼ਰੇਆਮ ਆਸਾਨੀ ਨਾਲ ਨਸ਼ਾ ਵਿਕਣ ਦੀਆਂ ਖਬਰਾਂ ਲਗਾਤਾਰ ਮੀਡੀਆ ਵਿਚ ਆ ਰਹੀਆਂ ਨੇ। ਸੂਬੇ ਦੇ ਰਾਜਪਾਲ ਖੁਦ 1 ਅਤੇ 2 ਜਨਵਰੀ ਨੂੰ ਸਰਹੱਦੀ ਜ਼ਿਲ੍ਹਿਆਂ ਵਿਚ ਮੀਟਿੰਗਾਂ ਦੌਰਾਨ ਮੁੱਖ ਸਕੱਤਰ ਅਤੇ ਡੀ.ਜੀ.ਪੀ. ਦੀ ਹਾਜ਼ਰੀ ਵਿਚ ਨਸ਼ੇ ਸਟੋਰਾਂ 'ਤੇ ਵਿਕਣ ਤੱਕ ਦੀ ਗੱਲ ਕਰ ਚੁੱਕੇ ਨੇ। ਨਸ਼ਿਆਂ ਦਾ ਇਨੀਂ ਵੱਡੀ ਪੱਧਰ 'ਤੇ ਵਪਾਰ ਪੁਲਿਸ ਪ੍ਰਸ਼ਾਸਨ ਦੀ ਮਿਲੀਭੁਗਤ ਤੋਂ ਬਗੈਰ ਸੰਭਵ ਨਹੀਂ ਜਾਪਦਾ। ਸਰਹੱਦ ਤੋਂ 50 ਕਿ.ਮੀ. ਤੱਕ ਬੀ.ਐੱਸ.ਐੱਫ. ਦਾ ਕੰਟਰੋਲ ਵਧਾਉਣ ਦੇ ਬਾਵਜੂਦ ਲਗਾਤਾਰ ਨਸ਼ੇ ਅਤੇ ਹਥਿਆਰ ਡਰੋਨਾਂ ਰਾਹੀਂ ਸਮੱਗਲ ਹੋ ਰਹੇ ਨੇ। ਪਿਛਲੇ ਸਮੇਂ ਵਿਚ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ ਵੀ ਨਸ਼ੇ ਦੀਆਂ ਵੱਡੀਆਂ ਖੇਪਾਂ ਫੜੀਆਂ ਜਾ ਚੁੱਕੀਆਂ ਨੇ। ਬੇਸ਼ੱਕ ਕੇਂਦਰੀ ਗ੍ਰਹਿ ਵਿਭਾਗ ਨਸ਼ੇ ਰੋਕਣ ਲਈ ਵੱਡੇ ਕਦਮ ਚੁੱਕਣ ਦੇ ਦਾਅਵੇ ਕਰਦੈ, ਪਰ ਜ਼ਮੀਨੀ ਪੱਧਰ 'ਤੇ ਅਸਰ ਦਿਖਾਈ ਨਹੀਂ ਦਿੰਦਾ। ਹੁਣ ਤਾਂ ਮੰਤਰੀ ਵੀ ਅਫੀਮ ਦੀ ਖੇਤੀ ਦੇ ਪੱਖ ਵਿਚ ਬੋਲਣ ਲੱਗੇ ਨੇ, ਅਜਿਹੇ ਵਿਚ ਨਸ਼ੇ ਬੰਦ ਹੋਣ ਦੇ ਆਸਾਰ ਬਹੁਤ ਮੱਧਮ ਜਾਪਦੇ ਨੇ।

### ਅਫਸਰਸ਼ਾਹੀ ਨਾਲ ਰੱਫੜ

ਆਈ.ਏ.ਐੱਸ. ਅਤੇ ਪੀ.ਸੀ.ਐੱਸ. ਅਧਿਕਾਰੀਆਂ ਨਾਲ ਵਿਜ਼ੀਲੈਂਸ ਕੇਸਾਂ ਕਾਰਨ ਪਿਆ ਰੱਫੜ ਵੀ ਰੰਗ ਦਿਖਾ ਰਿਹੈ। ਬੇਵਿਸ਼ਵਾਸੀ ਕਾਰਨ ਦਰਜਨ ਸੀਨੀਅਰ ਆਈ.ਏ.ਐੱਸ. ਅਫਸਰ ਕੇਂਦਰ ਸਰਕਾਰ ਵਿਚ ਡੈਪੂਟੇਸ਼ਨ 'ਤੇ ਜਾਣ ਲਈ ਲਿਖ ਚੁੱਕੇ ਨੇ। ਸਥਿਤੀ ਵਿਗੜਦੀ ਦੇਖ ਸਰਕਾਰ ਨੇ ਪਿੱਛੇ ਹੱਟ ਕੇ ਵਿਜੀਲੈਂਸ ਬਿਓਰੋ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਅਗਾਊਂ ਪ੍ਰਵਾਨਗੀ ਲੈਣ ਲਈ ਕਹਿ ਦਿੱਤੈ। ਇਸੇ ਕਾਰਨ ਆਈ.ਏ.ਐੱਸ. ਨੀਲਿਮਾ ਖਿਲਾਫ ਪੜਤਾਲ ਅੱਗੇ ਨਹੀਂ ਵਧ ਸਕੀ। ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵੀ ਪ੍ਰਭਾਵਿਤ ਦਿੱਖਦੀ ਹੈ। ਉਂਝ ਭ੍ਰਿਸ਼ਟਾਚਾਰੀਆਂ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਨਾਲ ਮੁੱਖ ਮੰਤਰੀ ਦਾ ਅਕਸ ਉਭਰਿਆ ਦਿਖਾਈ ਦਿੰਦੈ।

### ਕੇਂਦਰ ਦੀ ਬੇਰੁੱਖੀ

ਸੂਬਾ ਅਤੇ ਕੇਂਦਰ ਸਰਕਾਰਾਂ ਵਿਚ ਲਗਾਤਾਰ ਟਕਰਾਅ ਦਾ ਮਾਹੌਲ ਵੀ ਸੂਬੇ ਦੇ ਵਿਕਾਸ ਲਈ ਮਾਰੂ ਸਾਬਿਤ ਹੋ ਰਿਹੈ। ਸੂਬਾ ਸਰਕਾਰ ਵਲੋਂ ਮੁਫਤ ਬਿਜਲੀ ਦੇਣ ਪਿੱਛੋਂ ਕੇਂਦਰ ਨੇ ਗਰਾਂਟਾਂ ਰੋਕਣੀਆਂ ਸ਼ੁਰੂ ਕਰ ਦਿੱਤੀਆਂ ਨੇ। ਰੇਲ ਦੀ ਬਜਾਏ ਕੋਲਾ ਸਮੁੰਦਰੀ ਜਹਾਜ਼ਾਂ ਰਾਹੀਂ ਲਿਆਉਣ ਅਤੇ ਇਸ ਸਾਲ 85000 ਡਿਜ਼ੀਟਲ ਬਿਜਲੀ ਮੀਟਰ ਲਗਾਉਣ ਦੀ ਸ਼ਰਤਾਂ ਲਗਾਈ ਹੈ। ਦਬਾਅ ਕਾਰਨ ਸਰਕਾਰ ਨੇ ਦਫਤਰਾਂ 'ਚ 31 ਮਾਰਚ ਤੱਕ ਅਜਿਹੇ ਮੀਟਰ ਲਗਾਉਣ ਦੇ ਆਦੇਸ਼ ਜਾਰੀ ਕੀਤੇ ਨੇ। ਮੁੱਖ ਮੰਤਰੀ ਦੀ ਰਾਜਪਾਲ ਰਾਹੀਂ ਬਾਂਹ ਮਰੋੜਨਾ, ਤਾਂ ਆਮ ਜਿਹਾ ਵਰਤਾਰਾ ਬਣ ਚੁੱਕੈ। ਸੂਬਾ ਸਰਕਾਰ ਅਤੇ ਕੇਂਦਰ ਦੇ ਮਾੜੇ ਸਬੰਧਾਂ ਦੀ ਮਾਰ ਲੰਮੇ ਸਮੇਂ ਤੋਂ ਪੰਜਾਬ ਝੱਲ ਰਿਹੈ।

ਆਮ ਕਰਕੇ ਸੱਤਾਧਾਰੀ ਪਾਰਟੀ ਦੇ ਲੀਡਰਾਂ ਦੁਆਲੇ ਚਾਪਲੂਸਾਂ ਦਾ ਘੇਰਾ ਬਣ ਜਾਂਦੈ, ਜੋ ਤਾਰੀਫਾਂ ਨਾਲ ਆਪਣਾ ਉਲੂ ਸਿੱਧਾ ਕਰਦੇ ਨੇ। ਅਜਿਹੇ ਲੋਕ ਹੀ ਨੇਤਾਵਾਂ ਨੂੰ ਚੰਗੇ ਲੱਗਦੇ ਨੇ ਅਤੇ ਸਵਾਲ ਉਠਾਉਣ ਵਾਲਿਆਂ ਤੋਂ ਲੀਡਰ ਕੰਨੀਂ ਕਤਰਾਉਂਦੇ ਨੇ। ਜਨਤਕ ਮੁੱਦਿਆਂ 'ਤੇ ਫੈਸਲੇ ਮੋਰਚੇ ਭੱਖਣ ਪਿੱਛੋਂ ਲੈਣ ਦਾ ਚਲਣ ਘਾਤਿਕ ਬਣਦਾ ਜਾ ਰਿਹੈ। ਆਉਂਦੇ ਸਮੇਂ ਵਿਚ ਸਥਾਨਕ ਸੰਸਥਾਵਾਂ ਅਤੇ ਜਲੰਧਰ ਲੋਕ ਸਭਾ ਚੋਣ ਵੀ ਸਰਕਾਰ ਲਈ ਵੱਡੀ ਚੁਣੌਤੀ ਨੇ। ਅਜਿਹੇ ਵਿਚ ਸਰਕਾਰ ਲਈ ਜਨਤਾ ਵਿਚ ਜਾ ਕੇ ਮਸਲਿਆਂ ਦੇ ਹੱਲ ਲਈ ਸਖਤ ਫੈਸਲੇ ਕਰਨੇ ਹੋਣਗੇ।

---

# ਕੰਜੂਸ ਅਤੇ ਸ਼ਮਸ਼ਾਨ ਘਾਟ

## 2 ਮਿੰਨੀ ਕਹਾਣੀਆਂ


ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)




ਮਹਾਂ ਕੰਜੂਸ ਵਿਆਜੜੀਆ ਸੇਠ ਦਮੜੀ ਲਾਲ ਮਰਨ ਕਿਨਾਰੇ ਪਿਆ ਸੀ। ਉਸ ਨੇ ਜ਼ਿੰਦਗੀ ਵਿਚ ਲੱਖਾਂ ਰੁਪਏ ਕਮਾਏ ਸਨ, ਪਰ ਕਦੇ ਇੱਕ ਪੈਸਾ ਵੀ ਫਜ਼ੂਲ ਨਹੀਂ ਸੀ ਖਰਚਿਆ। ਉਸ ਦੇ ਲੜਕੇ ਉਸ ਨਾਲੋਂ ਵੀ ਚਾਰ ਹੱਥ ਅੱਗੇ ਸਨ। ਜਦੋਂ ਸੇਠ ਦਾ ਘੋਰੜੂ ਵੱਜਣ ਲੱਗ ਪਿਆ, ਤਾਂ ਤਿੰਨੇ ਲੜਕੇ ਉਸ ਦੀ ਅਰਥੀ ਨੂੰ ਸ਼ਮਸ਼ਾਨ ਘਾਟ ਲਿਜਾਉਣ ਬਾਰੇ ਸਲਾਹ-ਮਸ਼ਵਰਾ ਕਰਨ ਲੱਗੇ। ਛੋਟਾ ਲੜਕਾ ਕੁਝ ਘੱਟ ਕੰਜੂਸ ਸੀ, ਉਹ ਬੋਲਿਆ, "ਸਾਡੇ ਬਾਪ ਨੇ ਸਾਨੂੰ ਕਰੋੜਾਂ ਦੀ ਜਾਇਦਾਦ ਬਣਾ ਕੇ ਦਿੱਤੀ ਹੈ। ਆਪਾਂ ਇਸ ਦੀ ਅਰਥੀ ਫੁੱਲਾਂ ਨਾਲ ਸਜਾ ਕੇ ਬੈਂਡ ਵਾਜਿਆਂ ਨਾਲ ਲੈ ਕੇ ਜਾਣੀ ਹੈ।" ਵਿਚਕਾਰਲਾ ਉਸ ਨੂੰ ਟੁੱਟ ਕੇ ਪਿਆ, "ਚੁੱਪ ਕਰ ਉਏ ਵੱਡਿਆ ਸਿਆਣਿਆਂ। ਤੈਨੂੰ ਪਤਾ ਬਾਪੂ ਨੂੰ ਫਿਜ਼ੂਲ ਖਰਚੀ ਪਸੰਦ ਨਹੀਂ, ਐਨਾ ਖਰਚਾ ਕਰ ਕੇ ਉਸ ਦੀ ਆਤਮਾ ਨੂੰ ਦੁਖੀ ਕਰਨਾ ਤੂੰ? ਸਾਦੇ ਜਿਹੇ ਢੰਗ ਨਾਲ ਅਰਥੀ ਲੈ ਕੇ ਜਾਵਾਂਗੇ ਤੇ ਭੋਗ 'ਤੇ ਪੰਜ-ਚਾਰ ਬੰਦਿਆਂ ਤੋਂ ਵੱਧ ਨਹੀਂ ਬੁਲਾਉਣੇ। ਵੱਧ ਤੋਂ ਵੱਧ ਮੂੰਗੀ ਦੀ ਦਾਲ ਨਾਲ ਦੋ-ਦੋ ਰੋਟੀਆਂ ਖਵਾ ਕੇ ਦਫਾ ਕਰ ਦਿਆਂਗੇ।" ਸਭ ਤੋਂ ਵੱਡਾ ਲੜਕਾ ਦਮੜੀ ਮੱਲ ਦਾ ਹੀ ਦੂਸਰਾ ਰੂਪ ਸੀ, "ਬੰਦ ਕਰੋ ਆਪਣੀ ਬਕਵਾਸ। ਮੈਨੂੰ ਲੱਗਦਾ ਤੁਸੀਂ ਦੋਵੇਂ ਦਾਨਵੀਰ ਕਰਣ ਘਰ ਦਾ ਬੇੜਾ ਗਰਕ ਕਰੋਗੇ। ਕੀ ਜ਼ਰੂਰਤ ਆ ਪੰਚਾਇਤ ਨੂੰ ਅਰਥੀ ਵਾਲੇ ਫੱਟੇ ਦਾ ਸੌ ਰੁਪਿਆ ਕਿਰਾਇਆ ਦੇਣ ਦੀ? ਜਿਹੜੀ ਸੜੀ ਹੋਈ ਚਾਦਰ 'ਤੇ ਬਾਪੂ ਪਿਆ ਆ, ਉਸੇ ਵਿਚ ਗਠੜੀ ਬੰਨ੍ਹ ਕੇ ਲੈ ਜਾਵਾਂਗੇ। ਨਾਲੇ ਮਰਨ ਤੋਂ ਬਾਅਦ ਬੰਦਾ ਵੈਸੇ ਵੀ ਮਿੱਟੀ ਹੋ ਜਾਂਦਾ ਆ, ਬਹੁਤੇ ਤਾਮ ਝਾਮ ਦੀ ਜ਼ਰੂਰਤ ਨਹੀਂ ਹੁੰਦੀ।"

ਦਮੜੀ ਲਾਲ ਦੇ ਸਾਹ ਅਜੇ ਚੱਲ ਰਹੇ ਸਨ। ਮੁੰਡਿਆਂ ਦੀਆਂ ਗੱਲਾਂ ਸੁਣ ਕੇ ਉਸ ਦੀ ਛਾਤੀ ਮਾਣ ਨਾਲ ਚੌੜੀ ਹੋ ਗਈ ਕਿ ਮੇਰੇ ਮਰਨ ਤੋਂ ਬਾਅਦ ਕਿ ਇਹ ਮੇਰੀ ਮਿਹਨਤ ਨਾਲ ਬਣਾਈ ਜਾਇਦਾਦ ਨੂੰ ਖਰਾਬ ਨਹੀਂ ਕਰਨਗੇ। ਉਹ ਬੋਲਿਆ, "ਭੂਤਨੀ ਦਿਓ, ਕਿਉਂ ਐਵੇਂ 200 ਰੁਪਏ ਦੀ ਚਾਦਰ ਖਰਾਬ ਕਰਨ ਲੱਗੇ ਓ? ਲਿਆਉ ਮੇਰੀਆਂ ਚੱਪਲਾਂ, ਮੈਂ ਮੜ੍ਹੀਆਂ ਵਿਚ ਜਾ ਕੇ ਹੀ ਮਰਦਾ ਹਾਂ।"

# ਵੱਢ ਖਾਣਿਆਂ ਦੇ ਚੌਲ

ਪੰਡੋਰੀ ਰਾਮ ਸਿੰਘ ਦੇ ਇੱਕ ਪਰਿਵਾਰ ਦੀ ਅੱਲ ਬਹੁਤ ਪੁਸ਼ਤਾਂ ਤੋਂ ਵੱਢ ਖਾਣੇ ਪਈ ਹੋਈ ਸੀ। ਪਰਿਵਾਰ ਦੇ ਮੁਖੀ ਗੁਰਨਾਮ ਸਿੰਘ ਦੇ ਮੁੰਡਿਆਂ ਨੇ ਸੋਚਿਆ ਕਿ ਕਿਸੇ ਤਰੀਕੇ ਇਹ ਘਟੀਆ ਅੱਲ ਆਪਣੇ ਖਾਨਦਾਨ ਤੋਂ ਹਟਾਈ ਜਾਵੇ। ਉਨ੍ਹਾਂ ਨੇ ਪਿੰਡ ਦੇ ਸਿਆਣੇ ਬੰਦਿਆਂ ਨਾਲ ਸਲਾਹ ਕੀਤੀ, ਤਾਂ ਕਿਸੇ ਨੇ ਦੱਸਿਆ ਕਿ ਡਗੇਸ਼ਵਰ ਧਾਮ ਵਾਲਾ ਬਾਬਾ ਹਰ ਗੱਲ ਦਾ ਹੱਲ ਦੱਸ ਦਿੰਦਾ ਹੈ, ਉਸ ਨੂੰ ਪੁੱਛ ਕੇ ਵੇਖ ਲਉ। ਉਹ ਅਗਲੇ ਦਿਨ ਹੀ ਡਗੇਸ਼ਵਰ ਧਾਮ ਪਹੁੰਚ ਗਏ ਤੇ 1100 ਰੁਪਏ ਦਾ ਮੱਥਾ ਟੇਕ ਕੇ ਬਾਬੇ ਨੂੰ ਆਪਣੀ ਸਮੱਸਿਆ ਦੱਸੀ। ਪਾਖੰਡੀ ਬਾਬੇ ਨੇ ਦੋ ਕੁ ਮਿੰਟ ਅੱਖਾਂ ਮੀਟ ਦੇ ਮੂੰਹ ਵਿਚ ਕੁਝ ਮਿਣ-ਮਿਣ ਕੀਤਾ ਤੇ ਬੋਲਿਆ, "ਇਹ ਤਾਂ ਗੱਲ ਹੀ ਕੁਝ ਨਹੀਂ ਹੈ। ਤੁਸੀਂ ਵੀਰਵਾਰ ਵਾਲੇ ਦਿਨ ਸ਼ਾਮ 7 ਵਜੇ ਤੋਂ ਪਹਿਲਾਂ-ਪਹਿਲਾਂ ਆਸ-ਪਾਸ ਦੇ 21 ਪਿੰਡਾਂ ਵਿਚ ਲੌਂਗ ਅਤੇ ਕਿਸ਼ਮਿਸ਼ ਵਾਲੇ ਮਿੱਠੇ ਚੌਲਾਂ ਦੀਆਂ ਦੇਗਾਂ ਵੰਡ ਦਿਉ, ਅੱਲ ਖਤਮ ਹੋ ਜਾਵੇਗੀ। ਇਹ ਧਿਆਨ ਰੱਖਿਉ ਕਿ ਤੁਹਾਡਾ ਸਾਰਾ ਪਰਿਵਾਰ ਆਪ ਵੀ ਚੌਲਾਂ ਦੀ ਇੱਕ-ਇੱਕ ਪਲੇਟ ਬੂੰਦੀ ਵਾਲੇ ਦਹੀਂ ਨਾਲ ਜ਼ਰੂਰ ਖਾਵੇ।"

ਵੱਢ ਖਾਣੇ, ਡਗੇਸ਼ਵਰ ਧਾਮ ਵਾਲੇ ਬਾਬੇ ਦੀ ਜੈ-ਜੈ ਕਾਰ ਕਰਦੇ ਹੋਏ ਆਪਣੇ ਪਿੰਡ ਪਹੁੰਚੇ। ਬੁੱਧਵਾਰ ਦੀ ਰਾਤ ਨੂੰ 10-15 ਹਲਵਾਈ ਲਗਾ ਕੇ ਦੇਗਾਂ ਚਾੜ੍ਹ ਦਿੱਤੀਆਂ ਤੇ ਵੀਰਵਾਰ ਸ਼ਾਮ 7 ਵਜੇ ਤੋਂ ਪਹਿਲਾਂ-ਪਹਿਲਾਂ 21 ਪਿੰਡਾਂ ਵਿਚ ਮਿੱਠੇ ਚੌਲ ਵਰਤਾ ਦਿੱਤੇ ਗਏ। ਪਰ ਚੌਲ ਵੰਡਣ ਵਾਲੇ ਵਰਤਾਵੇ ਕੁਝ ਜ਼ਿਆਦਾ ਹੀ ਸਿਆਣੇ ਨਿਕਲੇ। ਜਦੋਂ ਕੋਈ ਪੁੱਛੇ ਕਿ ਭਾਈ ਕਿਸ ਦੇ ਘਰੋਂ ਚੌਲ ਆਏ ਹਨ, ਤਾਂ ਬੜੇ ਮਾਣ ਨਾਲ ਦੱਸਣ ਕਿ ਵੱਢ ਖਾਣਿਆਂ ਦੇ ਘਰੋਂ। ਅਗਲਾ ਪੁੱਛੇ ਕਿ ਕਿਹੜੇ ਵੱਢ ਖਾਣੇ? ਵਰਤਾਵੇ ਪੂਰੇ ਵਿਸਤਾਰ ਨਾਲ ਸਮਝਾਉਣ ਕਿ ਪੰਡੋਰੀ ਰਾਮ ਸਿੰਘ ਦੇ ਗੁਲਜ਼ਾਰ ਕੇ ਟੱਬਰ ਨੂੰ ਵੱਢ ਖਾਣੇ ਕਹਿੰਦੇ ਹਨ। ਠੱਗ ਬਾਬੇ ਦਾ ਦੱਸਿਆ ਉਪਾਅ ਪੁੱਠਾ ਪੈ ਗਿਆ। ਅੱਗੇ ਤਾਂ ਪੰਡੋਰੀ ਰਾਮ ਸਿੰਘ ਤੋਂ ਬਾਹਰ ਕਿਸੇ ਨੂੰ ਪਤਾ ਸੀ ਤੇ ਕਿਸੇ ਨੂੰ ਨਹੀਂ ਕਿ ਗੁਲਜ਼ਾਰ ਕੇ ਟੱਬਰ ਨੂੰ ਵੱਢ ਖਾਣੇ ਕਹਿੰਦੇ ਹਨ, ਪਰ ਹੁਣ ਬਾਬੇ ਦੀ ਕ੍ਰਿਪਾ ਨਾਲ 21 ਪਿੰਡਾਂ ਵਿਚ ਪਤਾ ਲੱਗ ਗਿਆ। ਵਿਚਾਰੇ ਵੱਢ ਖਾਣੇ ਬਾਬੇ ਨੂੰ ਮਣ-ਮਣ ਪੱਕੇ ਦੀਆਂ ਗਾਲ੍ਹਾਂ ਕੱਢਦੇ ਹੋਏ ਮਨ ਮਸੋਸ ਕੇ ਰਹਿ ਗਏ।

**-ਬਲਰਾਜ ਸਿੰਘ ਸਿੱਧੂ ਕਮਾਂਡੈਂਟ**



# ਕਿਉਂ ਹੋ ਰਿਹੈ ਦੇਸ਼ ਬੇਗਾਨਾ?









ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭਾਰਤ ਦੇ ਵਿਦੇਸ਼ ਮੰਤਰੀ ਨੇ ਭਾਰਤੀ ਸੰਸਦ ਵਿਚ ਇੱਕ ਲਿਖਤੀ ਬਿਆਨ 'ਚ ਕਿਹਾ ਕਿ ਪਿਛਲੇ ਸਾਲ ਸਵਾ ਦੋ ਲੱਖ ਤੋਂ ਵੱਧ ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡੀ ਅਤੇ ਭਾਰਤ ਤੋਂ ਬਾਹਰ ਵੱਖੋ-ਵੱਖਰੇ ਦੇਸ਼ਾਂ ਦੀ ਨਾਗਰਿਕਤਾ ਹਾਸਲ ਕੀਤੀ। ਇਨ੍ਹਾਂ ਲੋਕਾਂ ਨੇ ਕਾਰੋਬਾਰ ਜਾਂ ਨੌਕਰੀ ਲਈ ਭਾਰਤੀ ਨਾਗਰਿਕਤਾ ਛੱਡੀ।

ਸਾਡੇ ਦੇਸ਼ ਵਿਚ ਕਿਉਂਕਿ ਦੋਹਰੀ ਨਾਗਰਿਕਤਾ ਦੀ ਸਹੂਲਤ ਨਹੀਂ ਹੈ, ਇਸ ਲਈ ਜਿਹੜੇ ਲੋਕ ਦੂਜੇ ਦੇਸ਼ਾਂ 'ਚ ਵਸ ਜਾਂਦੇ ਹਨ, ਜਦੋਂ ਉਥੋਂ ਦੇ ਨਾਗਰਿਕ ਬਣ ਜਾਂਦੇ ਹਨ, ਉਨ੍ਹਾਂ ਦੀ ਭਾਰਤੀ ਨਾਗਰਿਕਤਾ ਖ਼ਤਮ ਹੋ ਜਾਂਦੀ ਹੈ। ਪਿਛਲੇ ਬਾਰਾਂ ਸਾਲਾਂ 'ਚ (2011 ਤੋਂ 2022 ਤੱਕ) ਸੋਲਾਂ ਲੱਖ ਤਰੇਹਟ ਹਜ਼ਾਰ ਚਾਰ ਸੌ ਚਾਲੀ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਹੈ।

ਸਾਡੇ ਦੇਸ਼ ਦੇ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ਾਂ ਨੂੰ ਚਾਲੇ ਪਾਉਂਦੇ ਹਨ। ਉਨ੍ਹਾਂ ਵਿਚੋਂ ਵਿਦੇਸ਼ਾਂ 'ਚ ਪੜ੍ਹਾਈ ਕਰਨ ਉਪਰੰਤ ਦੇਸ਼ ਵਾਪਸ ਆਉਣ ਵਾਲਿਆਂ ਦੀ ਗਿਣਤੀ ਬਹੁਤ ਹੀ ਘੱਟ ਹੁੰਦੀ ਹੈ। ਬਹੁਤੇ ਤਾਂ ਪੜ੍ਹਾਈ ਦੇ ਬਹਾਨੇ ਵਿਦੇਸ਼ ਵਿਚ ਹੀ ਟਿਕਦੇ ਹਨ। ਪਹਿਲਾਂ ਉਥੇ ਵਰਕ ਪਰਮਿੱਟ ਲੈਂਦੇ ਹਨ। ਫਿਰ ਪੀ.ਆਰ. (ਪੱਕੇ ਸ਼ਹਿਰੀ) ਨਾਗਰਿਕਤਾ ਹਾਸਲ ਕਰਨ ਦੀ ਦੌੜ 'ਚ ਲੱਗ ਜਾਂਦੇ ਹਨ। ਇਸ ਕੰਮ ਲਈ ਉਹ ਸਾਲਾਂਬੱਧੀ ਜੱਦੋ-ਜਹਿਦ ਕਰਦੇ ਹਨ। ਇਹੋ ਹਾਲ ਕਾਰੋਬਾਰ, ਖੇਤੀ ਆਦਿ 'ਚ ਲੱਗੇ ਲੋਕਾਂ ਦਾ ਹੈ, ਜੋ ਭਾਰਤ ਦੇਸ਼ ਦੀਆਂ ਕਾਰੋਬਾਰ, ਖੇਤੀ ਖੇਤਰ ਦੀਆਂ ਮਾੜੀਆਂ ਹਾਲਤਾਂ ਦੇ ਮੱਦੇਨਜ਼ਰ ਵਿਦੇਸ਼ ਜਾ ਵਸਦੇ ਹਨ ਅਤੇ ਉਥੋਂ ਦੀ ਨਾਗਰਿਕਤਾ ਹਾਸਲ ਕਰਦੇ ਹਨ।

ਪਰੰਤੂ ਅਸਲੀਅਤ ਇਹ ਹੈ ਕਿ ਦੂਜੇ ਦੇਸ਼ਾਂ ਦੀ ਨਾਗਰਿਕਤਾ ਲੈਣਾ ਸੌਖਾ ਨਹੀਂ ਹੈ। ਭਾਰਤ ਛੱਡਣ ਵਾਲਿਆਂ 'ਚ ਸਭ ਤੋਂ ਜ਼ਿਆਦਾ ਲੋਕਾਂ ਨੇ ਅਮਰੀਕਾ ਦੀ ਨਾਗਰਿਕਤਾ ਲਈ ਹੈ। ਉਥੋਂ ਦੀ ਨਾਗਰਿਕਤਾ ਲੈਣਾ ਔਖਾ ਹੈ, ਫਿਰ ਵੀ ਲੱਖਾਂ ਭਾਰਤੀ ਉਥੋਂ ਦੀ ਨਾਗਰਿਕਤਾ ਲੈਣ ਲਈ ਜੱਦੋ-ਜਹਿਦ ਕਰ ਰਹੇ ਹਨ। ਇਸੇ ਜੱਦੋ-ਜਹਿਦ 'ਚ ਉਹ ਮਜਬੂਰੀ 'ਚ ਭਾਰਤੀ ਨਾਗਰਿਕ ਬਣੇ ਰਹਿੰਦੇ ਹਨ।

ਅਸਲ 'ਚ ਸਿੱਖਿਆ ਅਤੇ ਰੁਜ਼ਗਾਰ 'ਚ ਸੁਖਾਵੇਂ ਮੌਕੇ ਨਾ ਮਿਲਣ ਕਾਰਨ ਲੱਖਾਂ ਵਿਦਿਆਰਥੀ ਹਰ ਸਾਲ ਦੇਸ਼ ਛੱਡਣ ਲਈ ਮਜਬੂਰ ਹੁੰਦੇ ਹਨ। ਅੰਕੜੇ ਗਵਾਹ ਹਨ ਕਿ ਭਾਰਤੀ ਸੰਸਥਾਵਾਂ ਵਿਚੋਂ ਜਿੰਨੇ ਵਿਦਿਆਰਥੀ ਹਰ ਸਾਲ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਬਾਹਰ ਨਿਕਲਦੇ ਹਨ, ਉਨ੍ਹਾਂ ਵਿਚ ਮਸਾਂ ਇੱਕ ਤਿਹਾਈ ਲੋਕ ਹੀ ਸਨਮਾਨਜਨਕ ਨੌਕਰੀ ਪ੍ਰਾਪਤ ਕਰਨ 'ਚ ਕਾਮਯਾਬ ਹੁੰਦੇ ਹਨ। ਇਸ ਗੱਲ ਦੀਆਂ ਵੱਡੀਆਂ ਉਦਾਹਰਨਾਂ ਹਨ ਕਿ ਐੱਮ.ਟੈਕ, ਬੀ.ਟੈਕ, ਵਕਾਲਤ, ਡਾਕਟਰੀ ਪਾਸ ਨੌਜਵਾਨ ਵਿਦੇਸ਼ੀ ਹੋਟਲਾਂ 'ਚ ਸਾਧਾਰਨ ਨੌਕਰੀਆਂ ਕਰਦੇ ਹਨ, ਹਾਲਤ ਤੋਂ ਮਜਬੂਰ ਟੈਕਸੀ, ਟਰੱਕ ਚਲਾਉਂਦੇ ਹਨ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ।

ਅਸਲ ਵਿਚ ਦੇਸ਼ ਭਾਰਤ ਵਿਚ ਕਾਰੋਬਾਰ ਦਾ ਸੁਰੱਖਿਅਤ ਵਾਤਾਵਰਨ ਨਹੀਂ। ਜ਼ਿਆਦਾ ਪੜ੍ਹੇ ਵਿਦਿਆਰਥੀਆਂ, ਇੱਥੋਂ ਤੱਕ ਕਿ ਡਾਕਟਰੀ, ਇੰਜੀਨੀਅਰਿੰਗ, ਸਾਇੰਸ 'ਚ ਵੱਡੀਆ ਡਿਗਰੀਆਂ ਵਾਲਿਆਂ ਲਈ ਸਨਮਾਨਜਨਕ ਨੌਕਰੀਆਂ ਨਹੀਂ ਹਨ। ਇਸ ਕਰਕੇ ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਇਨ੍ਹਾਂ ਸਾਰੀਆਂ ਸਥਿਤੀਆਂ ਨਾਲ ਦੇਸ਼ ਦੀ ਆਰਥਿਕਤਾ ਉੱਤੇ ਉਲਟ ਅਸਰ ਪੈਂਦਾ ਹੈ। ਜਦੋਂ ਕਾਰੋਬਾਰੀ ਦੇਸ਼ ਛੱਡਦੇ ਹਨ। ਉਹ ਆਪਣਾ ਸਰਮਾਇਆ ਵਿਦੇਸ਼ਾਂ 'ਚ ਲੈ ਜਾਂਦੇ ਹਨ। ਜਦੋਂ ਵਿਦਿਆਰਥੀ ਪੜ੍ਹਨ ਲਈ ਜਾਂਦੇ ਹਨ, ਉਹ ਲੱਖਾਂ ਦੀ ਫੀਸ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਤਾਰਦੇ ਹਨ। ਇਕੱਲੇ ਪੰਜਾਬ ਵਿਚੋਂ ਪਿਛਲੇ ਸਾਲ ਡੇਢ ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰਨ ਗਏ। ਔਸਤਨ 16 ਤੋਂ 20 ਲੱਖ ਪ੍ਰਤੀ ਵਿਦਿਆਰਥੀ ਨੇ ਫੀਸਾਂ ਭਰੀਆਂ। ਇਨ੍ਹਾਂ ਦਾ ਅਸਰ ਸਿਰਫ਼ ਪੰਜਾਬ ਦੀ ਆਰਥਿਕਤਾ ਉੱਤੇ ਹੀ ਨਹੀਂ, ਸਗੋਂ ਪੰਜਾਬ 'ਚ ਖੁੱਲ੍ਹੇ ਇੰਜੀਨੀਰਿੰਗ ਟੈਕਨੋਲੋਜੀ, ਆਰਟਸ ਕਾਲਜਾਂ ਉੱਤੇ ਵੀ ਪਿਆ, ਜਿੱਥੇ ਵਿਦਿਆਰਥੀਆਂ ਦੀ ਗਿਣਤੀ ਘਟੀ ਅਤੇ ਕਈ ਕਾਲਜ, ਤਕਨੀਕੀ ਅਦਾਰੇ ਤਾਂ ਬੰਦ ਹੋਣ ਕਿਨਾਰੇ ਹੋ ਗਏ ਕਿਉਂਕਿ ਉਨ੍ਹਾਂ ਨੂੰ ਕਈ ਤਕਨੀਕੀ ਕੋਰਸ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਕਰਨੇ ਪਏ।

ਬਿਨ੍ਹਾਂ ਸ਼ੱਕ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਦੇਸ਼ ਦੇ ਕਈ ਹਿੱਸਿਆਂ ਅਤੇ ਤਬਕਿਆਂ ਵਿਚ ਵਿਦੇਸ਼ ਜਾ ਕੇ ਵਸਣਾ ਮਾਣ ਦੀ ਗੱਲ ਸਮਝੀ ਜਾਂਦੀ ਹੈ। ਇਹ ਵੀ ਠੀਕ ਹੈ ਕਿ ਲੱਖਾਂ ਲੋਕ ਜੋ ਵਿਦੇਸ਼ ਜਾ ਕੇ ਖ਼ਾਸ ਕਰਕੇ ਅਰਬ ਦੇਸ਼ਾਂ 'ਚ ਨੌਕਰੀ ਕਰਦੇ ਹਨ ਅਤੇ ਵੱਡੀ ਮਾਤਰਾ 'ਚ ਵਿਦੇਸ਼ੀ ਮੁਦਰਾ ਭਾਰਤ ਭੇਜਦੇ ਹਨ ਪਰ ਇਹ ਸਵਾਲ ਤਾਂ ਫਿਰ ਵੀ ਬਣਿਆ ਹੋਇਆ ਹੈ ਕਿ ਆਖ਼ਰ ਲੋਕਾਂ ਦੇ ਸਾਹਮਣੇ ਇਹ ਸਥਿਤੀ ਕਿਉਂ ਬਣੀ ਰਹਿੰਦੀ ਹੈ ਕਿ ਆਪਣੇ ਦੇਸ਼ ਦੀ ਨਾਗਰਿਕਤਾ ਛੱਡ ਕੇ ਪਰਾਈ ਜ਼ਮੀਨ ਉਤੇ ਵੱਸਣਾ ਜ਼ਿਆਦਾ ਸੁਰੱਖਿਅਤ ਹੈ।

ਪ੍ਰਵਾਸ ਨਵਾਂ ਵਰਤਾਰਾ ਨਹੀਂ ਹੈ। ਰੋਟੀ-ਰੋਜ਼ੀ ਲਈ ਦੁਨੀਆਂ ਦੇ ਇਕ ਖਿੱਤੇ ਤੋਂ ਦੂਜੇ ਖਿੱਤੇ 'ਚ ਲੋਕ ਜਾਂਦੇ ਹਨ, ਰੁਜ਼ਗਾਰ ਕਰਦੇ ਹਨ, ਉਥੇ ਹੀ ਵਸ ਜਾਂਦੇ ਹਨ, ਪਰਿਵਾਰ ਬਣਾ ਲੈਂਦੇ ਹਨ ਅਤੇ ਮੁੜ ਦੇਸ਼ ਪਰਤਦੇ ਵੀ ਨਹੀਂ। ਪਰ ਮਿੱਟੀ ਦਾ ਮੋਹ ਅਤੇ ਪ੍ਰਵਾਸ ਹੰਡਾਉਣ ਦੀ ਚੀਸ, ਉਨ੍ਹਾਂ ਦੇ ਮਨਾਂ 'ਚ ਦਰਦ ਬਣ ਜਾਂਦੀ ਹੈ।

"ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ" ਵਾਲੀ ਕਹਾਵਤ ਤਾਂ ਭਾਵੇਂ ਸੱਚੀ ਦਿੱਸਦੀ ਹੈ, ਪਰ ਭੁੱਖਾ ਢਿੱਡ ਭਰਨ ਅਤੇ ਅੱਜ ਦੇ ਯੁੱਗ 'ਚ ਰੁਜ਼ਗਾਰ ਦੇ ਨਵੇਂ ਮੌਕੇ ਅਤੇ ਸੌਖੀ ਜ਼ਿੰਦਗੀ ਦੀ ਭਾਲ 'ਚ ਪ੍ਰਵਾਸ ਦੇ ਰਸਤੇ ਪੈਣਾ ਆਮ ਵਰਤਾਰਾ ਹੋ ਗਿਆ ਹੈ, ਕਿਉਂਕਿ ਮਨੁੱਖੀ ਫਿਤਰਤ ਅੱਗੇ ਵਧਣਾ ਤੇ ਸੰਘਰਸ਼ ਕਰਨਾ ਹੈ। ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਸ਼ਬਦ, "ਜੇਕਰ ਤੁਸੀਂ ਉਡ ਨਹੀਂ ਸਕਦੇ, ਤਾਂ ਭੱਜੋ, ਜੇਕਰ ਭੱਜ ਨਹੀਂ ਸਕਦੇ ਤਾਂ ਚੱਲੋ, ਜੇਕਰ ਚੱਲ ਨਹੀਂ ਸਕਦੇ ਤਾਂ ਰਿੜ੍ਹੋ, ਤੁਸੀਂ ਜੋ ਵੀ ਕਰੋ ਤੁਹਾਨੂੰ ਅੱਗੇ ਵੱਧਦੇ ਰਹਿਣਾ ਹੈ"।

ਭਾਰਤ ਇੱਕ ਇਹੋ ਜਿਹਾ ਦੇਸ਼ ਹੈ, ਜਿਥੋਂ ਵੱਡੀ ਗਿਣਤੀ ਲੋਕ ਪ੍ਰਵਾਸ ਦੇ ਰਾਹ ਪਏ ਹਨ। ਆਪਣਾ ਦੇਸ਼ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ ਯੂਨਾਈਟਿਡ ਨੇਸ਼ਨਜ਼ ਅਨੁਸਾਰ 2020 ਦੇ ਇੱਕ ਸਰਵੇ ਅਨੁਸਾਰ 1 ਕਰੋੜ 80 ਲੱਖ ਹੈ। ਇਹ ਦੁਨੀਆਂ ਭਰ 'ਚ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਵਿਚੋਂ ਯੂ.ਏ.ਈ. 'ਚ 35 ਲੱਖ, ਅਮਰੀਕਾ 'ਚ 27 ਲੱਖ, ਸਾਊਦੀ ਅਰਬ 'ਚ 25 ਲੱਖ ਅਤੇ ਹੋਰ ਦੇਸ਼ਾਂ ਆਸਟਰੇਲੀਆ, ਕੈਨੇਡਾ, ਯੂ.ਕੇ., ਨਿਊਜ਼ੀਲੈਂਡ, ਕੁਵੈਤ ਆਦਿ ਦੇਸ਼ਾਂ 'ਚ ਹੈ। ਕਰੋਨਾ ਕਾਲ ਅਤੇ ਮੁੜ ਰੂਸ-ਯੂਕਰੇਨ ਯੁੱਧ ਤੋਂ ਪਹਿਲਾਂ 59 ਲੱਖ ਵਿਦਿਆਰਥੀ ਪੜ੍ਹਾਈ ਲਈ ਵੱਖੋ-ਵੱਖਰੇ ਦੇਸ਼ਾਂ 'ਚ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖ਼ਲ ਹੋਏ। ਪਰ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਨਾਨ-ਰੈਜੀਡੈਂਟ ਇੰਡੀਅਨਜ਼ (ਐੱਨ.ਆਰ.ਆਈ.) ਅਤੇ ਉਵਰਸੀਜ਼ ਸਿਟੀਜਨਸ ਆਫ਼ ਇੰਡੀਆ, ਜਿਹੜੇ ਭਾਰਤ ਤੋਂ ਬਾਹਰ ਰਹਿੰਦੇ ਹਨ, ਉਨ੍ਹਾਂ ਦੀ ਕੁੱਲ ਗਿਣਤੀ 3 ਕਰੋੜ, 20 ਲੱਖ ਹੈ। ਇਹ ਭਾਰਤੀ, ਦੁਨੀਆਂ ਦੇ 131 ਮੁਲਕਾਂ ਵਿਚ ਰਹਿ ਰਹੇ ਹਨ ਅਤੇ ਹਰ ਸਾਲ 25 ਲੱਖ ਦੇਸ਼ ਤੋਂ ਦੂਜੇ ਮੁਲਕਾਂ ਨੂੰ ਜਾ ਰਹੇ ਹਨ।

ਕੀ ਭਾਰਤੀਆਂ ਵਲੋਂ ਦੇਸ਼ ਛੱਡਣ ਦਾ ਮੁੱਖ ਉਦੇਸ਼ ਸਿਰਫ਼ ਪੈਸੇ ਕਮਾਉਣਾ ਹੈ? ਜਾਂ ਇਸਦੇ ਕੋਈ ਹੋਰ ਕਾਰਨ ਵੀ ਹਨ। ਭਾਰਤ ਦੇ ਸਰਹੱਦੀ ਸੂਬੇ ਪੰਜਾਬ ਦੇ ਲੋਕਾਂ ਬਾਰੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਥੋਂ ਦੇ ਲੋਕ ਪੈਸਾ ਕਮਾਉਣ ਲਈ ਵਿਦੇਸ਼ ਗਏ ਅਤੇ ਉਨ੍ਹਾਂ ਲੋਕਾਂ ਦੀ ਕਮਾਈ ਦੀ ਚੱਕਾਚੌਂਧ ਤੋਂ ਹੋਰ ਪੰਜਾਬੀ ਪ੍ਰੇਰਿਤ ਹੋਏ ਤੇ ਕੈਨੇਡਾ, ਇੰਗਲੈਂਡ, ਅਮਰੀਕਾ ਮੁਲਕਾਂ 'ਚ ਵੱਡੀ ਗਿਣਤੀ 'ਚ ਹਰ ਹੀਲਾ ਵਸੀਲਾ ਕਰਕੇ ਪੁੱਜੇ। ਹੁਣ ਇਹ ਵਰਤਾਰਾ ਹੋਰ ਵੀ ਜ਼ਿਆਦਾ ਹੈ, ਜਦੋਂ ਵੱਡੀ ਗਿਣਤੀ 'ਚ ਵਿਦਿਆਰਥੀ ਵਿਦੇਸ਼ਾਂ 'ਚ ਦਾਖ਼ਲਾ ਲੈਕੇ ਪੁੱਜ ਰਹੇ ਹਨ। ਕੀ ਇਹ ਸਿਰਫ਼ ਚੰਗੇ ਭਵਿੱਖ ਲਈ ਹੈ?

ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਹਨ, ਲੋਕ ਆਰਥਿਕ ਪੱਖੋਂ ਥੁੜ ਰਹੇ ਹਨ। ਬੇਰੁਜ਼ਗਾਰੀ ਵਧੀ ਹੈ, ਨੌਕਰੀਆਂ ਨਹੀਂ ਹਨ। ਗੁੰਡਾ ਅਨਸਰ ਅਤੇ ਨਸ਼ਿਆਂ ਦਾ ਪ੍ਰਕੋਪ ਵਧਿਆ ਹੈ। ਲੋਕ ਉਪਰਾਮ ਹੋ ਰਹੇ ਹਨ। ਉਨ੍ਹਾਂ ਦਾ ਦਿਲ ਨਹੀਂ ਲੱਗ ਰਿਹਾ। ਮਾਪੇ ਆਪਣੇ ਬੱਚਿਆਂ ਦੀ ਭਵਿੱਖ ਪ੍ਰਤੀ ਚਿੰਤਤ ਹਨ ਅਤੇ ਮਜਬੂਰੀ ਵੱਸ ਬੱਚਿਆਂ ਨੂੰ ਔਝੜੇ ਰਾਹ ਤੋਰ ਰਹੇ ਹਨ। ਪੰਜਾਬ ਨੌਜਵਾਨਾਂ ਤੋਂ ਵਿਰਵਾ ਹੋ ਰਿਹਾ ਹੈ। ਪੰਜਾਬ ਬੁੱਢਾ ਹੋ ਰਿਹਾ ਹੈ।

ਸੈਕੂਲਰ ਭਾਰਤ 'ਚ ਵਧ ਰਹੀ ਬੇਰੁਜ਼ਗਾਰੀ, ਭੁੱਖਮਰੀ, ਅਮੀਰ-ਗਰੀਬ ਦੇ ਪਾੜੇ, ਧੱਕਾ-ਧੌਂਸ ਦੀ ਸਿਆਸਤ ਅਤੇ ਆਮ ਲੋਕਾਂ ਦੇ ਜੀਵਨ ਦੀ ਅਸੁਰੱਖਿਆ ਨੇ ਇਥੋਂ ਦੇ ਸ਼ਹਿਰੀਆਂ 'ਚ ਇੱਕ ਡਰ ਪੈਦਾ ਕੀਤਾ ਹੈ। ਇਹ ਡਰ ਸਿਰਫ਼ ਕਾਰੋਬਾਰੀਆਂ 'ਚ ਹੀ ਨਹੀਂ ਹੈ, ਜਿਹੜੇ ਕਾਰੋਬਾਰਾਂ ਸਮੇਤ ਦੁਨੀਆਂ 'ਚ ਕੋਈ ਸੁਰੱਖਿਅਤ ਕੋਨਾ ਲੱਭ ਰਹੇ ਹਨ, ਇਹ ਹੇਠਲੇ ਮੱਧ ਵਰਗ ਵਿਚ ਜ਼ਿਆਦਾ ਹੈ, ਜਿਨ੍ਹਾਂ ਨੂੰ ਆਪਣੇ ਭਵਿੱਖ 'ਚ ਬਿਹਤਰ ਜੀਵਨ ਦੀ ਵੱਧ ਤਮੰਨਾ ਹੁੰਦੀ ਹੈ। ਇਹ ਲੋਕ ਹਰ ਹੀਲਾ-ਵਸੀਲਾ ਵਰਤਕੇ, ਆਪਣੀ ਜਮ੍ਹਾਂ ਪੂੰਜੀ, ਆਪਣੀ ਛੋਟੀ-ਮੋਟੀ ਜਾਇਦਾਦ ਗਿਰਵੀ ਰੱਖਕੇ ਆਪਣੇ ਬੱਚਿਆਂ ਨੂੰ ਅਤੇ ਫਿਰ ਆਪ ਬਾਹਰ ਤੁਰ ਰਹੇ ਹਨ। ਮੁੱਖ ਤੌਰ 'ਤੇ ਪੰਜਾਬ ਦੀ ਨਪੀੜੀ ਜਾ ਰਹੀ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਵਧੇਰੇ ਕਰਕੇ ਇਸੇ ਰਾਹ ਪੈ ਰਹੀ ਹੈ। ਗੱਲ ਹਰਿਆਣਾ ਦੀ ਵੀ ਇਹੋ ਹੈ ਅਤੇ ਦੱਖਣੀ ਸੂਬਿਆਂ ਦੀ ਵੀ ਇਹੋ ਹੈ।

ਦੇਸ਼ ਦੀ ਹਕੂਮਤ ਨੌਜਵਾਨਾਂ ਲਈ ਦੋ ਕਰੋੜ ਨੌਕਰੀਆਂ ਦਾ ਵਾਇਦਾ ਪਰੋਸਦੀ ਹੈ, ਪਰ ਪੱਲੇ ਕੁਝ ਨਹੀਂ ਪਾਉਂਦੀ। ਦੇਸ਼ ਦੀ ਹਕੂਮਤ "ਵਿਸ਼ਵ ਗੁਰੂ" ਦਾ ਨਾਹਰਾ ਦਿੰਦੀ ਹੈ, ਪਰ ਪੱਲੇ ਗਰੀਬਾਂ ਲਈ ਹੋਰ ਗਰੀਬੀ ਪਾਉਂਦੀ ਹੈ। ਹਿੰਦੂਤਵੀ ਅਜੰਡਾ ਅਤੇ ਸਿਰਫ ਵੋਟਾਂ ਦੀ ਨੀਤ ਅਤੇ ਨੀਤੀ ਚਮਕਾਉਂਦੀ ਹੈ।

ਫਿਰ ਲੋਕਾਂ ਲਈ ਇਹ ਦੇਸ਼ ਬੇਗਾਨਾ ਕਿਉਂ ਨਾ ਹੋਏਗਾ?

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਦੇ ਲੋਕ ਸੰਪਰਕ ਵਿਭਾਗ ਦਾ ਸੰਕਟ ਮੋਚਨ ਅਧਿਕਾਰੀ : ਪਿਆਰਾ ਸਿੰਘ ਭੂਪਾਲ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਕਈ ਵਾਰ ਆਰਥਿਕ ਤੌਰ 'ਤੇ ਬਹੁਤਾ ਮਜ਼ਬੂਤ ਹੋਣਾ ਬੱਚਿਆਂ ਦੇ ਕੈਰੀਅਰ ਦੇ ਰਾਹ ਵਿਚ ਰੋੜਾ ਬਣ ਜਾਂਦਾ ਹੈ। ਜਿਸ ਕਰਕੇ ਅਮੀਰ ਪਰਿਵਾਰਾਂ ਦੇ ਬੱਚੇ ਆਪਣੇ ਨਿਸ਼ਾਨੇ ਤੋਂ ਭਟਕ ਜਾਂਦੇ ਹਨ। ਆਰਥਿਕ ਤੌਰ 'ਤੇ ਮਜ਼ਬੂਤ ਨਾ ਹੋਣਾ ਇਨਸਾਨ ਦੀ ਤਰੱਕੀ ਦੇ ਰਾਹ ਨਹੀਂ ਰੋਕ ਸਕਦਾ ਪ੍ਰੰਤੂ ਮੁਸ਼ਕਲਾਂ ਜ਼ਰੂਰ ਖੜ੍ਹੀਆਂ ਕਰ ਸਕਦਾ ਹੈ। ਜੇਕਰ ਇਨਸਾਨ ਦੀ ਇੱਛਾ ਸ਼ਕਤੀ ਮਜ਼ਬੂਤ ਹੋਵੇ ਅਤੇ ਨਿਸ਼ਾਨੇ ਦੀ ਪ੍ਰਾਪਤੀ ਲਈ ਦ੍ਰਿੜ੍ਹਤਾ ਅਤੇ ਲਗਨ ਨਾਲ ਜੁੱਟੇ ਰਹਿਣ ਦਾ ਸੰਕਲਪ ਹੋਵੇ, ਤਾਂ ਬੁਲੰਦੀਆਂ 'ਤੇ ਪਹੁੰਚਣ ਦੇ ਰਾਹ ਵਿਚ ਕੋਈ ਅੜਿੱਕਾ ਨਹੀਂ ਪੈਦਾ ਕਰ ਸਕਦਾ। ਅਜਿਹੇ ਹੀ ਇਕ ਵਿਅਕਤੀ ਸਨ ਪਿਆਰਾ ਸਿੰਘ ਭੂਪਾਲ, ਜਿਹੜੇ ਇਕ ਆਮ ਸਾਧਾਰਨ ਦਿਹਾਤੀ ਪਰਿਵਾਰ ਵਿਚ ਪੈਦਾ ਹੋਏ। ਪਿੰਡ ਦੇ ਸਰਕਾਰੀ ਸਕੂਲ ਵਿਚ ਹੀ ਪੜ੍ਹੇ ਪ੍ਰੰਤੂ ਉਨ੍ਹਾਂ ਦੀ ਮਿਹਨਤ ਅਨੇਕਾਂ ਦੁਸ਼ਵਾਰੀਆਂ ਨੂੰ ਪਾਰ ਕਰਦੀ ਹੋਈ ਇਕ ਦਿਨ ਰੰਗ ਲਿਆਈ। ਉਨ੍ਹਾਂ ਦਿਨਾਂ ਵਿਚ ਬੱਚਿਆਂ ਨੂੰ ਪੜ੍ਹਨ ਲਈ ਉਤਸ਼ਾਹਤ ਨਹੀਂ ਕੀਤਾ ਜਾਂਦਾ ਸੀ, ਸਗੋਂ ਬੱਚਿਆਂ ਨੂੰ ਪਿਤਾ ਨਾਲ ਪਰਿਵਾਰ ਦੇ ਗੁਜ਼ਾਰੇ ਲਈ ਕੰਮ ਕਾਰ ਵਿਚ ਲਗਾ ਦਿੱਤਾ ਜਾਂਦਾ ਸੀ ਕਿਉਂਕਿ ਪਰਿਵਾਰਾਂ ਦੇ ਗੁਜ਼ਾਰੇ ਦੇ ਸਾਧਨ ਸੀਮਤ ਹੁੰਦੇ ਸਨ। ਪਿਆਰਾ ਸਿੰਘ ਭੂਪਾਲ ਦੇ ਪਿਤਾ ਦਾ ਪਰਿਵਾਰ ਵੀ ਆਰਥਿਕ ਤੌਰ 'ਤੇ ਬਹੁਤਾ ਸਮਰੱਥ ਨਹੀਂ ਸੀ। ਪ੍ਰੰਤੂ ਮਾਪਿਆਂ ਦੇ ਬਹੁਤੇ ਪੜ੍ਹੇ-ਲਿਖੇ ਨਾ ਹੋਣ ਦੇ ਬਾਵਜੂਦ ਵੀ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦੀ ਪ੍ਰਬਲ ਇੱਛਾ ਸੀ। ਜਿਸ ਕਰਕੇ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਤਿੰਨੋਂ ਲੜਕਿਆਂ ਪ੍ਰੀਤਮ ਸਿੰਘ ਭੂਪਾਲ, ਪਿਆਰਾ ਸਿੰਘ ਭੂਪਾਲ ਅਤੇ ਡਾ. ਜਤਿੰਦਰ ਸਿੰਘ ਭੂਪਾਲ ਨੂੰ ਉਚ ਵਿਦਿਆ ਦਿਵਾਈ। ਪ੍ਰੀਤਮ ਸਿੰਘ ਡੀ.ਪੀ.ਆਈ. ਪੰਜਾਬ, ਪਿਆਰਾ ਸਿੰਘ ਭੂਪਾਲ ਐਡੀਸ਼ਨਲ ਡਾਇਰੈਕਟਰ ਲੋਕ ਸੰਪਰਕ ਵਿਭਾਗ ਪੰਜਾਬ ਅਤੇ ਡਾ. ਜਤਿੰਦਰ ਸਿੰਘ ਭੂਪਾਲ ਪ੍ਰੋਫ਼ੈਸਰ ਰਾਜਿੰਦਰ ਮੈਡੀਕਲ ਕਾਲਜ ਪਟਿਆਲਾ ਸੇਵਾਮੁਕਤ ਹੋਏ ਹਨ। ਪ੍ਰੀਤਮ ਸਿੰਘ ਭੂਪਾਲ ਅਤੇ ਪਿਆਰਾ ਸਿੰਘ ਭੂਪਾਲ ਨੂੰ ਪਟਿਆਲਾ ਸਟੇਟ ਦੇ ਪਾਇਲ ਕਸਬੇ ਦੇ ਸਟੇਟ ਹਾਈ ਸਕੂਲ ਵਿਚ ਦਾਖਲ ਕਰਵਾ ਦਿੱਤਾ। ਜਿਥੇ ਉਨ੍ਹਾਂ ਦੀ ਫੀਸ ਮੁਆਫ ਹੋ ਗਈ, ਵਜ਼ੀਫ਼ਾ ਮਿਲਣ ਲੱਗ ਪਿਆ ਅਤੇ ਬੋਰਡਿੰਗ ਦਾ ਖਰਚਾ ਵੀ ਪਟਿਆਲਾ ਰਿਆਸਤ ਵੱਲੋਂ ਕੀਤਾ ਜਾਂਦਾ ਸੀ। ਛੋਟੇ ਬੱਚੇ ਜਿਹੜੇ ਕਦੀਂ ਆਪਣੇ ਮਾਪਿਆਂ ਤੋਂ ਦੂਰ ਨਹੀਂ ਰਹੇ ਸਨ, ਭਾਵੇਂ ਇਕ ਵਾਰ ਇਕੱਲੇ ਰਹਿਣ ਕਰਕੇ ਡੋਲ ਗਏ ਸਨ ਪ੍ਰੰਤੂ ਉਨ੍ਹਾਂ ਦੇ ਮਨ ਵਿਚ ਪੜ੍ਹਾਈ ਕਰਕੇ ਉਚੇ ਅਹੁਦਿਆਂ 'ਤੇ ਪਹੁੰਚਣ ਦੀ ਤੀਖ਼ਣ ਇੱਛਾ, ਉਨ੍ਹਾਂ ਨੂੰ ਮਨ ਲਾ ਕੇ ਪੜ੍ਹਨ ਲਈ ਪ੍ਰੇਰਦੀ ਰਹੀ। ਹੋ ਸਕਦਾ ਪਿੰਡ ਦੇ ਨਜ਼ਦੀਕ ਡਿਸਟਰਿਕ ਬੋਰਡ ਦੇ ਐਂਗਲੋ-ਵਰਨੈਕੂਲਰ ਸਕੂਲ ਕਟਾਣੀ ਕਲਾਂ ਅਤੇ ਖਾਲਸਾ ਹਾਈ ਸਕੂਲ ਜਸਪਾਲੋਂ ਵਿਚੋਂ ਕਿਸੇ ਇਕ ਸਕੂਲ ਵਿਚ ਹੀ ਪੜ੍ਹਦੇ ਰਹਿੰਦੇ ਪ੍ਰੰਤੂ ਇਕ ਅਜਿਹਾ ਸਬੱਬ ਬਣਿਆਂ, ਜਿਹੜਾ ਉਨ੍ਹਾਂ ਦੇ ਕੈਰੀਅਰ ਨੂੰ ਰਸਤਾ ਵਿਖਾ ਗਿਆ। ਨਾਲਾਗੜ੍ਹ ਤੋਂ ਸਾਈਕਲਾਂ ਤੇ ਦੋਰਾਹਾ ਨੇੜੇ ਨਵਾਂ ਪਿੰਡ ਨੂੰ ਜਾਣ ਵਾਲੇ ਦੋ ਰਾਹੀਆਂ ਨੂੰ ਪਿੰਡ ਲੱਲ ਕਲਾਂ ਦੇ ਕੋਲ ਰਾਤ ਪੈ ਗਈ। ਉਨ੍ਹਾਂ ਦਿਨਾਂ ਵਿਚ ਆਵਾਜਾਈ ਦੇ ਬਹੁਤੇ ਸਾਧਨ ਨਹੀਂ ਹੁੰਦੇ ਸਨ। ਰਾਤ ਨੂੰ ਸਫਰ ਕਰਨਾ ਵੀ ਖ਼ਤਰਨਾਕ ਹੁੰਦਾ ਸੀ ਕਿਉਂਕਿ ਲੁਟੇਰੇ ਲੁੱਟ ਲੈਂਦੇ ਸਨ। ਪਿਆਰਾ ਸਿੰਘ ਦੇ ਪਿਤਾ ਗੁਰਦਿਆਲ ਸਿੰਘ ਨੇ ਅਨੋਭੜ ਰਾਹੀਆਂ ਨੂੰ ਉਨ੍ਹਾਂ ਦੀ ਮਜਬੂਰੀ ਵੇਖਕੇ ਰਾਤ ਆਪਣੇ ਘਰ ਰਾਤ ਕੱਟਣ ਦੀ ਇਜਾਜ਼ਤ ਦੇ ਕੇ ਫਿਰਾਕਦਿਲੀ ਦਾ ਸਬੂਤ ਦਿੱਤਾ। ਰਾਤ ਨੂੰ ਰਾਹੀ ਜਦੋਂ ਖਾਣਾ ਖਾਣ ਤੋਂ ਬਾਅਦ ਗੱਲਬਾਤ ਕਰ ਰਹੇ ਸਨ, ਤਾਂ ਬੱਚਿਆਂ ਦੀ ਪੜ੍ਹਾਈ ਦੀ ਗੱਲ ਤੁਰ ਪਈ। ਗੁਰਦਿਆਲ ਸਿੰਘ ਨੇ ਦੱਸਿਆ ਕਿ ਪਿੰਡ ਦੇ ਸਕੂਲ ਵਿਚ ਹੀ ਪੜ੍ਹਦੇ ਹਨ, ਤਾਂ ਰਾਹੀ ਜੋ ਕਿ ਭਲਾਈ ਵਿਭਾਗ ਦੇ ਅਧਿਕਾਰੀ ਸਨ, ਨੇ ਸੁਝਾਅ ਦਿੱਤਾ ਕਿ ਬੱਚਿਆਂ ਨੂੰ ਪਾਇਲ ਵਿਖੇ ਸਟੇਟ ਹਾਈ ਸਕੂਲ ਵਿਚ ਦਾਖਲ ਕਰਵਾ ਦਿਓ, ਜਿਥੇ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੀ ਫੀਸ ਮੁਆਫ਼ ਹੋਵੇਗੀ, ਖ਼ਰਚੇ ਲਈ ਵਜ਼ੀਫ਼ਾ ਵੀ ਮਿਲੇਗਾ ਅਤੇ ਬੋਰਡਿੰਗ ਮੁਫ਼ਤ ਹੋਵੇਗੀ। ਪਰਿਵਾਰ ਦਾ ਕੋਈ ਖ਼ਰਚਾ ਨਹੀਂ ਹੋਵੇਗਾ। ਪਿਆਰਾ ਸਿੰਘ ਭੂਪਾਲ ਦੀ ਮਾਤਾ ਗੁਰਨਾਮ ਕੌਰ ਇਕੱਲੇ ਬੱਚਿਆਂ ਨੂੰ ਘਰ ਤੋਂ ਬਾਹਰ ਛੱਡਣ ਲਈ ਜਕੋਤਕੀ ਵਿਚ ਸਨ ਪ੍ਰੰਤੂ ਗੁਰਦਿਆਲ ਸਿੰਘ ਦੇ ਕਹਿਣ 'ਤੇ ਸਟੇਟ ਸਕੂਲ ਵਿਚ ਪੜ੍ਹਨ ਲਈ ਭੇਜਣ 'ਤੇ ਸਹਿਮਤ ਹੋ ਗਏ। ਪਿੰਡ ਦੇ ਸਕੂਲ ਵਿਚੋਂ ਚੌਥੀ ਪਾਸ ਕਰਨ ਤੋਂ ਬਾਅਦ ਪੰਜਵੀਂ ਵਿਚ ਪਾਇਲ ਜਾ ਕੇ ਬੱਚਿਆਂ ਨੂੰ ਸਟੇਟ ਹਾਈ ਸਕੂਲ ਵਿਚ ਦਾਖ਼ਲ ਕਰਵਾ ਆਏ। ਇਸ ਮੌਕੇ ਨੇ ਪ੍ਰੀਤਮ ਸਿੰਘ ਭੂਪਾਲ ਅਤੇ ਪਿਆਰਾ ਸਿੰਘ ਭੂਪਾਲ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ।



ਪਿਆਰਾ ਸਿੰਘ ਭੂਪਾਲ ਬਚਪਨ ਵਿਚ ਹੀ ਪੜ੍ਹਾਈ ਵਿਚ ਹੁਸ਼ਿਆਰ ਸੀ। ਵੱਡੇ ਭਰਾ ਦੀ ਰਹਿਨੁਮਾਈ ਵਿਚ ਉਹ ਦਿਲ ਲਾ ਕੇ ਪੜ੍ਹਿਆ ਅਤੇ ਚੰਗੇ ਨੰਬਰ ਲੈ ਕੇ 1954 ਵਿਚ ਦਸਵੀਂ ਪਾਸ ਕਰ ਲਈ। ਫਿਰ ਉਨ੍ਹਾਂ ਨੂੰ ਮਹਿੰਦਰਾ ਕਾਲਜ ਪਟਿਆਲਾ ਵਿਚ ਦਾਖ਼ਲ ਕਰਵਾਇਆ ਗਿਆ, ਜਿਥੋਂ ਉਨ੍ਹਾਂ ਐੱਫ.ਏ. ਪਾਸ ਕੀਤੀ। ਫਿਰ ਉਨ੍ਹਾਂ ਨੂੰ ਡੀ.ਏ.ਵੀ. ਕਾਲਜ ਲਾਹੌਰ (ਅੰਬਾਲਾ) ਵਿਖੇ ਦਾਖ਼ਲ ਕਰਵਾ ਦਿੱਤਾ, ਜਿਥੋਂ ਉਨ੍ਹਾਂ ਗ੍ਰੈਜੂਏਸ਼ਨ 1958-59 ਵਿਚ ਪਹਿਲੇ ਦਰਜੇ ਵਿਚ ਗ੍ਰੈਜੂਏਸ਼ਨ ਪਾਸ ਕੀਤੀ। ਪਿਆਰਾ ਸਿੰਘ ਭੂਪਾਲ ਆਈ.ਏ.ਐੱਸ. ਅਧਿਕਾਰੀ ਬਣਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਆਈ.ਏ.ਐੱਸ. ਦੀ ਕੋਚਿੰਗ ਲੈਣ ਵਾਸਤੇ ਉਤਰ ਪ੍ਰਦੇਸ਼ ਦੇ 'ਸਰਵਿਸ ਟਰੇਨਿੰਗ ਸੈਂਟਰ ਅਲਾਹਾਬਾਦ' ਵਿਚ ਦਾਖ਼ਲਾ ਲੈ ਲਿਆ। ਇਸ ਟ੍ਰੇਨਿੰਗ ਦੌਰਾਨ ਹੀ ਉਨ੍ਹਾਂ ਦੀ ਨਿਯੁਕਤੀ ਪੰਜਾਬ ਸਰਕਾਰ ਦੇ ਕਈ ਵਿਭਾਗਾਂ ਵਿਚ ਹੋ ਗਈ। ਪਿਆਰਾ ਸਿੰਘ ਨੌਕਰੀ ਦੀ ਥਾਂ ਆਈ.ਏ.ਐੱਸ. ਦੀ ਕੋਚਿੰਗ ਜਾਰੀ ਰੱਖਣਾ ਚਾਹੁੰਦੇ ਸਨ ਪ੍ਰੰਤੂ ਪਰਿਵਾਰ ਦੀਆਂ ਆਰਥਿਕ ਮਜਬੂਰੀਆਂ ਕਰਕੇ ਉਨ੍ਹਾਂ ਨੂੰ ਉਹ ਕੋਚਿੰਗ ਅੱਧ ਵਿਚਕਾਰ ਹੀ ਛੱਡਣੀ ਪਈ। ਕਿਹੜੇ ਵਿਭਾਗ ਵਿਚ ਨੌਕਰੀ ਸ਼ੁਰੂ ਕੀਤੀ ਜਾਵੇ, ਪਿਆਰਾ ਸਿੰਘ ਭੂਪਾਲ ਲਈ ਫ਼ੈਸਲਾ ਕਰਨਾ ਵੀ ਮੁਸ਼ਕਲ ਹੋ ਗਿਆ। ਅਖ਼ੀਰ ਉਨ੍ਹਾਂ 1961 ਵਿਚ ਪੰਜਾਬ ਦੇ ਸੂਚਨਾ ਅਤੇ ਪ੍ਰਸਾਰ ਵਿਭਾਗ ਵਿਚ ਭਾਖੜਾ ਡੈਮ ਨੰਗਲ ਵਿਖੇ ਰਿਸੈਪਸ਼ਨਿਸਟ-ਕਮ-ਪੀ.ਆਰ.ਓ. ਦੀ ਨੌਕਰੀ ਜੁਆਇਨ ਕਰ ਲਈ। ਭਾਖੜਾ ਨੰਗਲ ਵਿਖੇ ਨੌਕਰੀ ਕਰਦਿਆਂ ਉਨ੍ਹਾਂ ਦੀ ਜਾਣ-ਪਹਿਚਾਣ ਬਹੁਤ ਸਾਰੇ ਪਤਵੰਤੇ ਵਿਅਕਤੀਆਂ ਨਾਲ ਹੋ ਗਈ ਕਿਉਂਕਿ ਆਜ਼ਾਦ ਭਾਰਤ ਦਾ ਭਾਖੜਾ ਡੈਮ ਮੁੱਖ ਪ੍ਰਾਜੈਕਟ ਸੀ। ਵਿਦੇਸ਼ੀ ਲੋਕ ਉਸ ਨੂੰ ਵੇਖਣ ਲਈ ਆਉਂਦੇ-ਜਾਂਦੇ ਰਹਿੰਦੇ ਸਨ। ਪਿਆਰਾ ਸਿੰਘ ਭੂਪਾਲ ਇਕ ਬਿਹਤਰੀਨ ਇਨਸਾਨ ਸਨ। ਨਿਮਰਤਾ ਉਨ੍ਹਾਂ ਦਾ ਗਹਿਣਾ ਸੀ। ਆਪਣੀ ਕਾਬਲੀਅਤ ਦਾ ਸਿੱਕਾ ਉਨ੍ਹਾਂ ਛੇਤੀ ਹੀ ਵਿਭਾਗ ਵਿਚ ਜਮ੍ਹਾ ਲਿਆ। ਤਰੱਕੀ ਕਰਦੇ ਹੋਏ ਉਹ ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿਚ ਐਡੀਸ਼ਨਲ ਡਾਇਰੈਕਟਰ ਦੇ ਅਹੁਦੇ ਤੱਕ ਪਹੁੰਚ ਗਏ। ਉਹ ਕੰਮ ਦੇ ਕਰਿੰਦੇ ਸਨ। ਵਿਭਾਗ ਬਾਰੇ ਉਨ੍ਹਾਂ ਦਾ ਵਿਸ਼ਾਲ ਤਜ਼ਰਬਾ ਸੀ। ਬਹੁਤਾ ਸਮਾਂ ਉਨ੍ਹਾਂ ਨੇ ਦਿੱਲੀ ਵਿਖੇ ਨੌਕਰੀ ਕੀਤੀ। ਦਿੱਲੀ ਵਿਖੇ ਆਪਣੇ ਫਰਜ਼ ਨਿਭਾਉਂਦਿਆਂ ਉਨ੍ਹਾਂ ਦਾ ਵਾਹ ਵੱਡੇ ਸਿਆਸਤਦਾਨਾਂ ਅਤੇ ਅਧਿਕਾਰੀਆਂ ਨਾਲ ਪਿਆ ਪ੍ਰੰਤੂ ਉਹ ਆਪਣੇ ਕੰਮ ਤੱਕ ਮਤਲਬ ਰੱਖਦੇ ਸਨ। ਫਿਰ ਉਨ੍ਹਾਂ ਦੀ ਤਬਦੀਲੀ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਬਤੌਰ ਐਡੀਸ਼ਨਲ ਡਾਇਰੈਕਟਰ ਹੋ ਗਈ। ਵਿਭਾਗ ਦੇ ਕੰਮ ਬਹੁਤ ਹੀ ਤੱਤ ਭੜੱਤੀ ਦੇ ਹੁੰਦੇ ਸਨ। ਆਮ ਤੌਰ 'ਤੇ ਪੰਜ ਵਜੇ ਤੋਂ ਬਾਅਦ ਕੰਮ ਦਾ ਜ਼ੋਰ ਪੈਂਦਾ ਹੈ। ਸਾਰਾ ਦਫ਼ਤਰ ਸਿਵਾਏ ਡਿਊਟੀ ਅਧਿਕਾਰੀ ਤੋਂ ਪੰਜ ਵਜੇ ਖਾਲੀ ਹੋ ਜਾਂਦਾ ਸੀ। ਕੰਮ ਦੇ ਕਰਿੰਦੇ ਹੋਣ ਕਰਕੇ ਵਿਭਾਗ ਦੀਆਂ ਬਹੁਤੀਆਂ ਸ਼ਾਖ਼ਾਵਾਂ ਦਾ ਕੰਮ ਪਿਆਰਾ ਸਿੰਘ ਭੂਪਾਲ ਨੂੰ ਦਿੱਤਾ ਜਾਂਦਾ ਸੀ। ਉਹ ਰਾਤ ਦੇ 10.00-11.00 ਵਜੇ ਤੱਕ ਕੰਮ ਕਰਦੇ ਰਹਿੰਦੇ ਸਨ। ਜਿਹੜਾ ਕੰਮ ਕੋਈ ਅਧਿਕਾਰੀ ਨਾ ਕਰ ਸਕਦਾ, ਉਹ ਪਿਆਰਾ ਸਿੰਘ ਭੂਪਾਲ ਦੇ ਗਲ ਮੜ੍ਹ ਦਿੱਤਾ ਜਾਂਦਾ। ਕਮਾਲ ਦੀ ਦ੍ਰਿੜ੍ਹਤਾ, ਮਿਹਨਤ ਅਤੇ ਲਗਨ ਉਨ੍ਹਾਂ ਦੇ ਵਿਲੱਖਣ ਗੁਣ ਸਨ। ਉਹ ਹਰ ਸਮੱਸਿਆ ਦਾ ਹਲ ਲੱਭ ਲੈਂਦੇ ਸਨ। ਵਿਭਾਗ ਦੇ ਅੜੇ ਥੁੜ੍ਹੇ ਕੰਮ ਪਿਆਰਾ ਸਿੰਘ ਭੂਪਾਲ ਦੇ ਜ਼ਿੰਮੇ ਹੁੰਦੇ ਸਨ। ਉਹ ਇਕ ਕਿਸਮ ਨਾਲ ਵਿਭਾਗ ਦੇ ਸੰਕਟ ਮੋਚਨ ਸਨ। ਜਿਤਨੇ ਵੀ ਅਧਿਕਾਰੀਆਂ ਨਾਲ ਉਨ੍ਹਾਂ ਕੰਮ ਕੀਤਾ, ਸਾਰੇ ਅਧਿਕਾਰੀਆਂ ਦੇ ਉਹ ਚਹੇਤੇ ਰਹੇ ਹਨ। ਆਪਣੇ ਅਧੀਨ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਉਨ੍ਹਾਂ ਦਾ ਵਿਵਹਾਰ ਦੋਸਤਾਨਾ ਹੁੰਦਾ ਸੀ। ਉਨ੍ਹਾਂ ਕਦੀਂ ਵੀ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਲਿਖਤੀ ਕਾਰਵਾਈ ਨਹੀਂ ਕੀਤੀ। ਹਰ ਇਕ ਨੂੰ ਜ਼ੁਬਾਨੀ ਸਮਝਾ ਦਿੰਦੇ ਸਨ। ਨਿਮਰਤਾ ਉਨ੍ਹਾਂ ਦਾ ਗਹਿਣਾ ਸੀ। ਕਿਸੇ ਵੀ ਸਿਆਸਤਦਾਨ ਦੇ ਨਜ਼ਦੀਕੀ ਹੋਣ ਦੇ ਬਾਵਜੂਦ ਕਦੇ ਵੀ ਕਿਸੇ ਕੰਮ ਲਈ ਨਹੀਂ ਕਹਿੰਦੇ ਸਨ। ਸਹੀ ਅਰਥਾਂ ਵਿਚ ਉਹ ਕਰਮਯੋਗੀ ਸਨ।

ਉਨ੍ਹਾਂ ਦਾ ਵਿਆਹ 1962 ਵਿਚ ਗੁਰਬਚਨ ਕੌਰ ਨਾਲ ਹੋਇਆ। ਉਨ੍ਹਾਂ ਨੇ ਇਕ ਬੱਚਾ ਰਾਵਿੰਦਰ ਸਿੰਘ ਅਡਾਪਟ ਕਰ ਲਿਆ ਸੀ ਪ੍ਰੰਤੂ ਮੁਸ਼ਕਲਾਂ ਨੇ ਪਿਆਰਾ ਸਿੰਘ ਭੂਪਾਲ ਦਾ ਖਹਿੜਾ ਨਹੀਂ ਛੱਡਿਆ, ਉਨ੍ਹਾਂ ਦੇ ਲੜਕੇ ਦੇ ਗੁਰਦੇ ਖ਼ਰਾਬ ਹੋ ਗਏ ਸਨ। ਪਿਆਰਾ ਸਿੰਘ ਭੂਪਾਲ ਨੂੰ ਸੇਵਾਮੁਕਤੀ ਤੋਂ ਬਾਅਦ ਆਨੰਦਪੁਰ ਸਾਹਿਬ ਫਾਊਂਡੇਸ਼ਨ ਵਿਚ ਸੰਪਰਕ ਅਧਿਕਾਰੀ ਲਗਾਇਆ ਗਿਆ ਸੀ। ਉਨ੍ਹਾਂ ਨੂੰ ਦਫ਼ਤਰ ਵਿਚ ਕੰਮ ਕਰਦੇ ਹੀ ਦਿਲ ਦਾ ਦੌਰਾ ਪਿਆ ਸੀ, ਜਿਸ ਕਰਕੇ 19 ਜਨਵਰੀ 2006 ਨੂੰ ਸਵਰਗਵਾਸ ਹੋ ਗਏ ਸਨ।

# ਨਵੀਂ ਬਨਾਮ ਪੁਰਾਣੀ ਤਹਿਜ਼ੀਬ

## ਛੋਟੀ ਕਹਾਣੀ

-ਈਸ਼ਰ ਕੌਰ
(ਚਾਨੀਆਂ, ਜਲੰਧਰ)
(Punjab Mail USA)



ਸਟੱਡੀ ਵੀਜ਼ਾ 'ਤੇ ਕੈਨੇਡਾ ਆਈ ਨੂੰ ਕੋਈ ਅੱਠ ਮਹੀਨੇ ਹੋ ਗਏ ਸਨ ਮੈਨੂੰ। ਕੋਵਿਡ ਵਲੋਂ ਹੁਣ ਕਾਫ਼ੀ ਰਾਹਤ ਸੀ। ਕੰਮ ਮੁੜ ਗਤੀ ਫੜ੍ਹ ਗਏ। ਪਰ ਡਾਹਢੇ ਹੱਥ ਪੈਰ ਮਾਰਨ ਉਪਰੰਤ ਵੀ ਮੈਨੂੰ ਹਾਲੇ ਤੱਕ ਕੰਮ ਨਹੀਂ ਸੀ ਮਿਲਿਆ। ਜੀ.ਆਈ.ਸੀ. ਦੀ ਜਮ੍ਹਾਂ ਰਾਸ਼ੀ ਵੀ ਮੁੱਕਣ ਦੇ ਕਿਨਾਰੇ ਸੀ। ਭਲਾ ਹੋਏ ਮੇਰੀ ਵੱਡੀ ਭੈਣ ਵਰਗੀ ਸਹੇਲੀ, ਨਵਪ੍ਰੀਤ ਕੌਰ ਦਾ ਕਿ ਉਸ ਨੇ ਕਦੇ ਵੀ ਮੈਨੂੰ ਕਮਰੇ ਦੇ ਕਿਰਾਏ ਜਾਂ ਰਸੋਈ ਖਰਚ ਦਾ ਹਾਲਾਂ ਤੱਕ ਹੇਜ ਨਹੀਂ ਸੀ ਜਤਾਇਆ। ਪਿਤਾ ਜੀ ਤੋਂ ਮੈਂ ਏਨੀਂ ਛੇਤੀ ਹੋਰ ਜੇਬ ਖਰਚ ਮੰਗਵਾਉਣ ਤੋਂ ਝਿਜਕਦੀ ਸਾਂ। ਕਿਉਂ ਜੋ ਪਹਿਲਾਂ ਹੀ ਮੇਰੇ ਇਧਰ ਆਉਣ 'ਤੇ ਚੜ੍ਹਿਆ ਕਰਜ਼ ਹਾਲੇ ਖੜ੍ਹਾ ਸੀ। ਪਾਪਾ ਜੀ ਵਲੋਂ ਜ਼ੋਰ ਦੇਣ 'ਤੇ ਮੈਂ ਸਾਡੇ ਪਿੰਡ ਤੋਂ ਹੀ ਉਨ੍ਹਾਂ ਦੇ ਫਰੈਂਡ ਸਰਕਲ 'ਚੋਂ ਕੈਨੇਡਾ ਸੈਟਲਡ ਹੋਏ 3-4 ਜਾਣੂਆਂ ਨੂੰ ਮਿਲਣ ਗਈ। ਉਨ੍ਹਾਂ ਸਭਨਾਂ ਚਾਹ-ਪਾਣੀ ਤਾਂ ਪਿਆਇਆ ਪਰ ਕਿਸੇ ਵੀ ਜੇਬ ਖਰਚ ਵਜੋਂ ਕੋਈ 10-20 ਡਾਲਰ ਪਿਆਰ ਤੱਕ ਨਾ ਦਿੱਤਾ।




ਕੋਈ ਹੋਰ ਤਿੰਨ ਕੁ ਮਹੀਨੇ ਬਾਅਦ ਮੈਂ ਇਕ ਦਿਨ ਸ਼ਾਮ ਢਲੇ ਸਟੋਰ ਤੋਂ ਰਸੋਈ ਦਾ ਸਾਮਾਨ ਲੈਣ ਗਈ। ਪੈਸੈ ਹਾਲਾਂ ਦਿੱਤੇ ਨਹੀਂ ਸਨ ਕਿ ਸਟੋਰ ਵਿਚ ਇਕ ਬਜ਼ੁਰਗ ਜੋੜੇ ਨੇ ਪ੍ਰਵੇਸ਼ ਕੀਤਾ। ਉਨ੍ਹਾਂ ਮੈਨੂੰ ਕੁਝ ਨੀਝ ਨਾਲ ਤੱਕਦਿਆਂ/ਝਿਜਕਦਿਆਂ ਬੁਲਾ ਲਿਆ।

"ਪੁੱਤਰ ਕਿਹੜਾ ਪਿੰਡ ਐ ਆਪਣਾ", ਉਨ੍ਹਾਂ ਪੁੱਛਿਆ।

"ਮੈਂ ਕਿਹਾ, ਜ਼ਿਲ੍ਹਾ ਜਲੰਧਰ ਦਾ ਚਾਨੀਆਂ ਪਿੰਡ ਐ ਬਾਪੂ।"

"ਕਿਹਦੀ ਪੋਤਰੀ ਐਂ ਧੀਏ ?" ਉਨ੍ਹਾਂ ਦਾ ਅਗਲਾ ਸਵਾਲ ਸੀ।

ਚੇਲਿਆਂ ਦੇ ਸਰਦਾਰ ਸਤਨਾਮ ਸਿੰਘ ਦੀ ਪੋਤਰੀ ਆਂ ਬਾਪੂ, ਮੈਂ ਕਿਹਾ।

"ਉਹ ਤੇਰੀ, ਉਹ ਤੇ ਮੇਰੇ ਬਚਪਨ ਦਾ ਬੇਲੀ ਐ। ਪੰਜਵੀਂ ਤੱਕ ਕੱਠੇ ਪੜ੍ਹੇ ਆਂ, ਅਸੀਂ। ਔਖੀਆਂ ਘੜੀਆਂ 'ਚ ਬੜਾ ਸਾਥ ਦਿੱਤਾ, ਉਨ੍ਹਾਂ। ਮੈਂ ਵੀ ਚਾਨੀਆਂ ਤੋਂ ਆਂ ਬੇਟਾ", ਉਸ ਕਹਿੰਦਿਆਂ ਮੈਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ। ਅਸੀਸਾਂ ਦੀਆਂ ਬੋਰੀਆਂ ਭਰ-ਭਰ ਮੇਰੇ ਉਪਰੋਂ ਵਾਰੀਆਂ। ਉਨ੍ਹਾਂ ਜਬਰੀ ਮੇਰਾ ਗਰੋਸਰੀ ਦਾ ਬਿੱਲ ਹੀ ਨਹੀਂ ਅਦਾ ਕੀਤਾ, ਸਗੋਂ ਪੰਜਾਹ ਡਾਲਰ ਪਿਆਰ ਵਜੋਂ ਵੱਖਰੇ ਦਿੰਦਿਆਂ, ਆਉਂਦੇ ਸੰਡੇ ਘਰ ਆਉਣ ਦੀ ਤਾਕੀਦ ਵੀ ਕੀਤੀ। ਮੈਨੂੰ ਅੱਜ ਅਸਲੋਂ ਨਵੀਂ ਅਤੇ ਪੁਰਾਣੀ ਤਹਿਜ਼ੀਬ ਵਿਚਲੇ ਫ਼ਰਕ ਦਾ ਅਹਿਸਾਸ ਹੋਇਆ।

# ਜਿਨਸੀ ਤੇ ਪ੍ਰਜਨਨ ਸਿਹਤ ਲਈ ਜਾਗਰੂਕ ਹੋਵੋ


**"ਅੱਜ ਸਾਡਾ ਦ੍ਰਿਸ਼ਟੀਕੋਣ ਸੈਕਸੁਅਲ (ਜਿਨਸੀ) ਅਤੇ ਪ੍ਰਜਨਨ ਸਿਹਤ, ਸੰਤੁਸ਼ਟੀਜਨਕ ਅਤੇ ਸੁਰੱਖਿਅਤ ਸੈਕਸ ਜੀਵਨ ਅਤੇ ਸਰੀਰ-ਮਨ ਨੂੰ ਤੰਦਰੁਸਤ ਰੱਖਣ ਦੇ ਉੱਚ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਬਾਰੇ ਹੈ। ਹਰ ਦਿਨ ਵਿਸ਼ਵ ਭਰ 'ਚ ਕਰੀਬਨ ਇੱਕ ਮਿਲੀਅਨ ਸੈਕਸ ਦੁਆਰਾ ਹੋਣ ਵਾਲੀ ਇਨਫੈਕਸ਼ਨ ਤੇ ਫੈਲਣ ਵਾਲੇ ਰੋਗਾਂ ਦਾ ਅੰਕੜਾ ਸਾਹਮਣੇ ਆਇਆ ਹੈ" -ਅਨਿਲ ਧੀਰ ਕਾਲਮਨਿਸਟ**



ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)


12,13-17 ਫਰਵਰੀ, 2023 ਸੈਕਸੁਅਲ ਅਤੇ ਪ੍ਰਜਨਨ ਸਿਹਤ ਜਾਗਰੁਕਤਾ ਦਿਵਸ ਤੇ ਵੀਕ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਸੈਕਸੁਅਲ ਅਤੇ ਪ੍ਰਜਨਨ ਸਿਹਤ ਤੋਂ ਮਤਲਬਃ ਇੱਕ ਆਦਮੀ ਦੇ ਤੰਦਰੁਸਤ ਸਰੀਰ ਦੇ ਅਧਿਕਾਰ ਅਤੇ ਖ਼ੁਦਮੁਖਤਿਆਰੀ, ਐਜੂਕੇਸ਼ਨ ਤੇ ਸਿਹਤ ਸੰਭਾਲ ਦੇ ਤੌਰ 'ਤੇ ਫੈਸਲਾ ਕਰਨ ਲਈ ਕੀਤੀ ਜਾ ਸਕਦੀ ਹੈ ਕਿ ਕਿਸ ਨਾਲ ਯੌਨ-ਸੰਬੰਧ ਬਣਾਉਣ, ਸੰਚਾਰਿਤ ਇਨਫੈਕਸ਼ਨ ਜਾਂ ਅਣਚਾਹੇ ਗਰਭ ਤੋਂ ਕਿਵੇਂ ਬਚਣਾ ਹੈ। ਚੰਗੀ ਸੈਕਸੁਅਲ ਅਤੇ ਪ੍ਰਜਨਨ ਸਿਹਤ ਪ੍ਰਣਾਲੀ ਨਾਲ ਸਬੰਧਤ ਸਾਰੇ ਮਾਮਲਿਆਂ ਵਿਚ ਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ ਦੀ ਹਾਲਤ ਹੈ। ਜਿਸਦਾ ਮਤਲਬ ਹੈ ਕਿ ਹਰ ਆਦਮੀ ਇੱਕ ਸੰਤੁਸ਼ਟੀਜਨਕ ਅਤੇ ਸੁਰੱਖਿਅਤ ਸੈਕਸ ਜੀਵਨ, ਪ੍ਰਜਨਨ ਕਰਨ ਦੀ ਸਮਰੱਥਾ ਅਤੇ ਇਹ ਫੈਸਲਾ ਕਰਨ ਦੀ ਆਜ਼ਾਦੀ ਦੇ ਯੋਗ ਹਨ ਕਿ ਅਜਿਹਾ ਕਦੋਂ ਅਤੇ ਕਿੰਨੀ ਵਾਰ ਕਰਨਾ ਹੈ। ਕਿਸੇ ਦੀ ਜਿਨਸੀ ਅਤੇ ਪ੍ਰਜਨਨ ਸਿਹਤ ਨੂੰ ਬਣਾਈ ਰੱਖਣ ਲਈ, ਲੋਕਾਂ ਨੂੰ ਸਹੀ ਜਾਣਕਾਰੀ ਅਤੇ ਆਪਣੀ ਪਸੰਦ ਦੇ ਸੁਰੱਖਿਅਤ, ਅਸਰਦਾਰ, ਕਿਫਾਇਤੀ ਤੇ ਸਵੀਕਾਰਯੋਗ ਗਰਭ ਨਿਰੋਧਕ ਤਰੀਕੇ ਤੱਕ ਪਹੁੰਚ ਦੀ ਲੋੜ ਹੁੰਦੀ ਹੈ। ਅੱਜ ਜਿਨਸੀ ਤੌਰ 'ਤੇ ਫੈਲਣ ਵਾਲੇ ਰੋਗਾਂ ਤੋਂ ਬਚਾਅ ਅਤੇ ਉਨ੍ਹਾਂ ਨੂੰ ਤੰਦਰੁਸਤ ਗਰਭ, ਸੁਰੱਖਿਅਤ ਜਨਮ ਅਤੇ ਸਿਹਤਮੰਦ ਬੱਚੇ ਲਈ ਹਰੇਕ ਆਦਮੀ ਨੂੰ ਸਟੀਕ ਜਾਣਕਾਰੀ ਤੇ ਮਦਦ ਦੀ ਲੋੜ ਹੈ।

ਯੂ.ਐੱਨ.ਐੱਫ.ਪੀ.ਏ., ਜਿਨਸੀ ਅਤੇ ਪ੍ਰਜਨਨ ਸਿਹਤ, ਵਿਕਾਸ ਤੇ ਅਧਿਕਾਰਾਂ ਬਾਰੇ ਕੰਮ ਕਰ ਰਹੀ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਸਭ ਤੋਂ ਗੰਭੀਰਤਾ ਨਾਲ ਦੇਖਿਆ ਜਾਂਦਾ ਹੈ, ਜਿੱਥੇ ਜਿਨਸੀ ਅਤੇ ਸਿਹਤ ਸਮੱਸਿਆਵਾਂ ਬੱਚੇ ਪੈਦਾ ਕਰਨ ਦੀ ਉਮਰ, ਔਰਤਾਂ ਅਤੇ ਲੜਕੀਆਂ ਦੀ ਮਾੜੀ ਸਿਹਤ ਦਾ ਆਮ ਕਾਰਨ ਦੇਖਿਆ ਜਾ ਰਿਹਾ ਹੈ। ਗਰੀਬ ਔਰਤਾਂ, ਅਣਚਾਹੇ ਗਰਭਪਾਤ, ਅਸੁਰੱਖਿਅਤ ਗਰਭਪਾਤ, ਮਾਵਾਂ ਦੀ ਮੌਤ ਅਤੇ ਅਪਾਹਜਤਾ, ਜਿਨਸੀ ਤੌਰ 'ਤੇ ਸੰਚਾਰਿਤ ਇਨਫੈਕਸ਼ਨ, ਲਿੰਗ-ਆਧਾਰਿਤ ਹਿੰਸਾ, ਗਰਭ ਅਵਸਥਾ ਅਤੇ ਜਣੇਪੇ ਨਾਲ ਸੰਬੰਧਤ ਸਮੱਸਿਆਵਾਂ ਤੋਂ ਅਸਪੱਸ਼ਟ ਤੌਰ 'ਤੇ ਪੀੜਤ ਹਨ।




**ਹੈਲਦੀ ਜਿਨਸੀ ਸਿਹਤ ਲਈ :**

- ਡਰੱਗਜ਼, ਅਲਕੋਹਲ ਲੈ ਕੇ ਯੌਨ ਸੰਬੰਧ ਨਾ ਬਣਾਓ। ਅਜਿਹਾ ਕਰਨ ਨਾਲ ਸੈਕਸ-ਸੰਬੰਧੀ ਸਹੀ ਫੈਸਲਾ ਯਾਨਿ ਗਰਭ ਨਿਰੋਧਕ ਉਪਾਅ ਵਰਤਨ 'ਚ ਔਰਤ-ਮਰਦ ਦੋਨਾਂ ਦੀ ਢਿੱਲ ਹੋ ਜਾਂਦੀ ਹੈ।
- **ਸੈਕਸੁਅਲ ਇਨਫੈਕਸ਼ਨ-** ਸਿਫਲਿਸ, ਬਾਂਝਪਨ, ਪੈਪੀਲੋਮਾਵਾਇਰਸ, ਸਰਵਾਈਕਲ-ਕੈਂਸਰ, ਪੇਡੂ ਦੀ ਲਗਾਤਾਰ ਸੋਜ਼ਿਸ਼ ਆਦਿ ਦੀ ਹਾਲਤ ਵਿਚ ਪ੍ਰੈਗਨੈਂਸੀ ਦੌਰਾਨ ਮੁਸ਼ਕਲਾਂ, ਡੈਡ ਬੱਚਾ, ਜਮਾਂਦਰੂ ਇਨਫੈਕਸ਼, ਸੈਪਸਿਸਕਾਰਨ ਕੁਝ ਵੀ ਹੋ ਸਕਦਾ ਹੈ।
- ਪਤੀ-ਪਤਨੀ ਜਿਨਸੀ ਰਿਸ਼ਤੇ ਪ੍ਰਤੀ ਇਮਾਨਦਾਰੀ ਵਰਤਨ। ਇੱਕ ਤੋਂ ਵੱਧ ਸੈਕਸੁਅਲ ਤੋਂ ਹਮੇਸ਼ਾ ਬਚੋ।
- ਅੱਜ ਵਿਸ਼ਵ ਭਰ 'ਚ ਜਿਨਸੀ ਤੇ ਪ੍ਰਜਨਨ ਸਿਹਤ ਹਰ ਆਦਮੀ ਦਾ ਸਰੀਰਕ 'ਤੇ ਮਾਨਸਿਕ ਤੌਰ 'ਤੇ ਫਿੱਟ ਹੋਣਾ ਜ਼ਰੂਰੀ ਹੋ ਗਿਆ ਹੈ। 2030 ਤੱਕ ਸੈਕਸ-ਸੰਬੰਧੀ ਫੈਲਣ ਵਾਲੇ ਰੋਗਾਂ ਦੇ ਅੰਕੜੇ ਨੂੰ ਘੱਟ ਕਰਨ 'ਤੇ ਫੋਕਸ ਕੀਤਾ ਜਾ ਰਿਹਾ ਹੈ।
- ਜਿਨਸੀ ਅਤੇ ਪ੍ਰਜਨਨ ਸਿਹਤ ਦੇਖਭਾਲ ਵਿਆਪਕ ਪਹੁੰਚ ਨੂੰ ਯਕੀਨੀ ਬਣਾਉਣ ਦੇ ਯਤਨਾਂ ਨੂੰ ਵਿਕਸਿਤ ਕਰਨ ਲਈ ਸੰਯੁਕਤ ਰਾਸ਼ਟਰ ਏਜੰਸੀਆਂ, ਹਰ ਦੇਸ਼ ਦੀ ਸਰਕਾਰ ਅਤੇ ਖਰਚੇ ਵਿਚ ਆ ਰਹੀਆਂ ਮੁਸ਼ਕਲਾਂ ਲਈ ਸਮਰਥ ਦਾਨੀਆਂ ਦੇ ਅੱਗੇ ਆਉਣ ਦੀ ਲੋੜ ਹੈ। ਰਾਸ਼ਟਰ ਦੇ ਹਰ ਆਦਮੀ ਦੇ ਸਾਂਝੇ ਸਹਿਟੋਗ ਨਾਲ ਪ੍ਰਾਇਮਰੀ ਹੈਲਥ-ਕੇਅਰ, ਪਰਿਵਾਰ ਨਿਯੋਜਨ, ਐੱਚ.ਆਈ.ਵੀ. ਟੈਸਟਿੰਗ, ਇਨਫੈਕਸ਼ਨ, ਜਨਮ ਤੋਂ ਪਹਿਲਾਂ ਤੇ ਬਾਅਦ ਦੀ ਦੇਖਭਾਲ, ਬੱਚੇਦਾਨੀ ਦਾ ਕੈਂਸਰ ਅਤੇ ਆਮ ਸਿਹਤ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਬਰਸੀ ਉਸਤਾਦ ਸ਼ਾਇਰ ਦੀਪਕ ਜੈਤੋਈ

ਹਰਦਮ ਸਿੰਘ ਮਾਨ
(Punjab Mail USA)



ਅੱਜ ਪੰਜਾਬੀ ਗ਼ਜ਼ਲ ਪੰਜਾਬੀ ਕਾਵਿ ਦੀ ਪ੍ਰਮੁੱਖ ਵਿਧਾ ਬਣ ਚੁੱਕੀ ਹੈ ਅਤੇ ਬਹੁਤ ਸਾਰੇ ਗ਼ਜ਼ਲਗੋ ਆਪਣੀਆਂ ਗ਼ਜ਼ਲਾਂ ਰਾਹੀਂ ਦਿਲਕਸ਼, ਖ਼ੂਬਸੂਰਤ ਅਤੇ ਬਾ-ਕਮਾਲ ਸ਼ਾਇਰੀ ਦੀ ਰਚਨਾ ਕਰ ਰਹੇ ਹਨ। ਪਰ ਕੋਈ ਸਮਾਂ ਸੀ ਜਦੋਂ ਉਰਦੂ ਦੇ ਵਿਦਵਾਨ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਆਖਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਪੰਜਾਬੀ ਵਿਚ ਗ਼ਜ਼ਲ ਲਿਖੀ ਹੀ ਨਹੀਂ ਜਾ ਸਕਦੀ। ਉਰਦੂ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਦਾ ਵੀ ਵਿਚਾਰ ਸੀ ਕਿ ਗ਼ਜ਼ਲ ਉਰਦੂ ਭਾਸ਼ਾ ਦੀ ਸਿਨਫ਼ ਹੈ, ਅਰਬੀ 'ਚੋਂ ਆਈ ਹੈ ਅਤੇ ਇਹ ਪੰਜਾਬੀ ਭਾਸ਼ਾ ਨਾਲ ਮੇਲ ਨਹੀਂ ਖਾ ਸਕਦੀ। ਇਸ ਚੈਲਿੰਜ ਨੂੰ ਕਬੂਲ ਕਰਨ ਅਤੇ ਪੰਜਾਬੀ ਵਿਚ ਗ਼ਜ਼ਲ ਦੀ ਰਚਨਾ ਕਰਨ ਲਈ ਫਿਰ ਕਈ ਪੰਜਾਬੀ ਸ਼ਾਇਰ ਮੈਦਾਨ ਵਿਚ ਆਏ। ਉਨ੍ਹਾਂ ਵਿਚੋਂ ਉਸਤਾਦ ਦੀਪਕ ਜੈਤੋਈ ਵੀ ਇਕ ਸਨ, ਜਿਨ੍ਹਾਂ ਨੂੰ ਪੰਜਾਬੀ ਦੇ ਬਾਬਾ-ਏ-ਗ਼ਜ਼ਲ ਅਖਵਾਉਣ ਦਾ ਫ਼ਖ਼ਰ ਵੀ ਹਾਸਲ ਹੋਇਆ। ਉਸਤਾਦ ਸ਼ਾਇਰ ਦੀਪਕ ਜੈਤੋਈ ਪੰਜਾਬੀ ਸਾਹਿਤ ਅਤੇ ਪੰਜਾਬੀ ਜ਼ੁਬਾਨ ਦੀ ਇਕ ਮਾਣਯੋਗ ਸੰਸਥਾ ਸਨ। ਉਨ੍ਹਾਂ ਆਪਣੇ ਜੀਵਨ ਦੇ ਛੇ ਦਹਾਕੇ ਮਾਂ ਬੋਲੀ ਪੰਜਾਬੀ ਦਾ ਕਾਵਿਕ-ਚਿਹਰਾ ਮੋਹਰਾ ਸੰਵਾਰਨ ਅਤੇ ਪੰਜਾਬੀ ਭਾਸ਼ਾ ਨੂੰ ਦੂਜੀਆਂ ਭਾਸ਼ਾਵਾਂ ਦੇ ਹਾਣ ਦੀ ਬਣਾਉਣ ਹਿਤ ਸਮਰਪਿਤ ਕੀਤੇ।

ਉਨ੍ਹਾਂ ਦਾ ਜਨਮ ਜ਼ਿਲ੍ਹਾ ਫਰੀਦਕੋਟ ਦੇ ਇਤਿਹਾਸਕ ਕਸਬੇ ਜੈਤੋ ਵਿਚ ਇਕ ਸਾਧਾਰਨ ਪਰਿਵਾਰ ਵਿਚ ਮਾਤਾ ਵੀਰ ਕੌਰ ਦੀ ਕੁੱਖੋਂ ਪਿਤਾ ਇੰਦਰ ਸਿੰਘ ਦੇ ਘਰ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਗੁਰਚਰਨ ਸਿੰਘ ਰੱਖਿਆ। ਬੜੀ ਛੋਟੀ ਉਮਰ ਵਿਚ ਹੀ ਉਨ੍ਹਾਂ ਦੇ ਅੰਦਰ ਕਾਵਿਕ ਕਿਰਨ ਜਾਗੀ ਅਤੇ ਉਨ੍ਹਾਂ ਤੀਜੀ ਜਮਾਤ ਵਿਚ ਪੜ੍ਹਦਿਆਂ ਆਪਣੇ ਇਕ ਦੋਸਤ ਨੂੰ ਚਿੱਠੀ ਲਿਖੀ ਜੋ ਕਵਿਤਾ ਦੇ ਰੂਪ ਵਿਚ ਸੀ। ਇਹ ਚਿੱਠੀ ਹੀ ਉਨ੍ਹਾਂ ਦੀ ਸ਼ਾਇਰੀ ਦਾ ਆਗ਼ਾਜ਼ ਸੀ। ਬਾਅਦ ਵਿਚ ਉਨ੍ਹਾਂ ਸ਼ਾਇਰੀ ਦੀ ਤਹਿਆਂ ਤੱਕ ਜਾਣ ਲਈ ਅਤੇ ਸ਼ਾਇਰੀ ਦੀਆਂ ਬਾਰੀਕੀਆਂ ਸਮਝਣ ਲਈ ਮੁਜਰਮ ਦਸੂਹੀ ਨੂੰ ਆਪਣਾ ਉਸਤਾਦ ਧਾਰਿਆ। ਗ਼ਜ਼ਲ ਤੇ ਕਵਿਤਾ ਦੇ ਖੇਤਰ ਵਿਚ ਉਹ 'ਦੀਪਕ ਜੈਤੋਈ' ਦੇ ਨਾਂ ਨਾਲ ਚਰਚਿਤ ਹੋਏ।

ਜਨਾਬ ਦੀਪਕ ਜੈਤੋਈ ਨੇ ਬਹੁਤ ਹੀ ਲਗਨ, ਮਿਹਨਤ ਅਤੇ ਦ੍ਰਿੜ੍ਹਤਾ ਨਾਲ ਗ਼ਜ਼ਲ ਨੂੰ ਪੰਜਾਬੀ ਕਵਿਤਾ ਦੀ ਪਟਰਾਣੀ ਬਣਾਉਣ ਲਈ ਕਾਰਜ ਕੀਤਾ। ਨਿਰਸੰਦੇਹ ਉਨ੍ਹਾਂ ਦੀ ਅਥਾਹ ਘਾਲਣਾ ਸਦਕਾ ਹੀ ਪੰਜਾਬੀ ਗ਼ਜ਼ਲ ਸਟੇਜਾਂ ਦੀ ਰਾਣੀ ਅਤੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣੀ। ਉਨ੍ਹਾਂ ਦੇ ਹਮਸਫ਼ਰ ਉਸਤਾਦ ਸ਼ਾਇਰ ਡਾ. ਸਾਧੂ ਸਿੰਘ ਹਮਦਰਦ, ਪ੍ਰਿੰਸੀਪਲ ਤਖਤ ਸਿੰਘ ਅਤੇ ਠਾਕੁਰ ਭਾਰਤੀ ਨਾਲੋਂ ਉਨ੍ਹਾਂ ਦੀ ਵਿਲੱਖਣਤਾ ਇਹ ਸੀ ਕਿ ਉਨ੍ਹਾਂ ਗ਼ਜ਼ਲ ਦੇ ਪਾਸਾਰ ਲਈ ਬਕਾਇਦਾ ਤੌਰ 'ਤੇ 'ਦੀਪਕ ਗ਼ਜ਼ਲ ਸਕੂਲ' ਦੀ ਸਥਾਪਨਾ ਕੀਤੀ। ਇਸ ਸੰਸਥਾ ਰਾਹੀਂ ਉਹ ਹਰ ਰੋਜ਼ ਕਈ ਘੰਟੇ ਸਿਖਾਂਦਰੂ ਅਤੇ ਪੁੰਗਰਦੇ ਸ਼ਾਇਰਾਂ ਨੂੰ ਗ਼ਜ਼ਲ ਦੀ ਸੂਖਮਤਾ, ਰੂਪਕ ਪੱਖ, ਜ਼ੁਬਾਨ ਦੀ ਸੁਹਜਤਾ, ਕਵਿਤਾ ਵਿਚਲੀ ਸੰਗੀਤਾਮਿਕਤਾ ਅਤੇ ਭਾਸ਼ਾ ਦਾ ਗਿਆਨ ਵੰਡਣ ਲਈ ਲਾਉਂਦੇ ਰਹੇ। ਉਨ੍ਹਾਂ ਹਮੇਸ਼ਾ ਇਸ ਗੱਲ 'ਤੇ ਪਹਿਰਾ ਦਿੱਤਾ ਕਿ ਸੰਗੀਤਾਮਿਕਤਾ ਤੋਂ ਵਿਹੂਣੀ ਕੋਈ ਵੀ ਸਾਹਿਤਕ ਰਚਨਾ ਕਵਿਤਾ ਜਾਂ ਗ਼ਜ਼ਲ ਨਹੀਂ ਹੋ ਸਕਦੀ।


ਇਹ ਬਹੁਤ ਘੱਟ ਲੋਕ ਜਾਣਦੇ ਹਨ ਕਿ ਉਸਤਾਦ ਦੀਪਕ ਜੈਤੋਈ ਬਹੁਤ ਹੀ ਉਚਕੋਟੀ ਦੇ ਗੀਤਕਾਰ ਵੀ ਸਨ ਅਤੇ ਉਨ੍ਹਾਂ ਦੇ ਅਨੇਕਾਂ ਗੀਤ ਪ੍ਰਸਿੱਧ ਗਾਇਕਾ ਮਰਹੂਮ ਨਰਿੰਦਰ ਬੀਬਾ ਦੀ ਸੁਰੀਲੀ ਆਵਾਜ਼ ਵਿਚ ਰਿਕਾਰਡ ਹੋਏ। 'ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ', 'ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ ਵੇ ਅਸਾਂ ਨੀਂ ਕਨੌੜ ਝੱਲਣੀ', 'ਜੁੱਤੀ ਲਗਦੀ ਹਾਣੀਆਂ ਮੇਰੇ ਵੇ ਪੁੱਟ ਨਾ ਪੁਲਾਂਘਾਂ ਲੰਮੀਆਂ' ਆਦਿ ਕਈ ਗੀਤ ਪੰਜਾਬੀਆਂ ਦੀ ਜ਼ੁਬਾਨ 'ਤੇ ਅਜਿਹੇ ਚੜ੍ਹੇ ਕਿ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਗਏ। ਉਨ੍ਹਾਂ ਧਾਰਮਿਕ ਗੀਤਾਂ ਦੀ ਰਚਨਾ ਵੀ ਕੀਤੀ, ਜਿਨ੍ਹਾਂ ਵਿਚ 'ਸਾਕਾ ਚਾਂਦਨੀ ਚੌਕ' ਅਤੇ 'ਗੁਰੂ ਨਾਨਕ ਦੇਵ ਦੀਆਂ ਸਾਖੀਆਂ' (ਦੋਵੇਂ ਐੱਲ.ਪੀ.) ਪ੍ਰਸਿੱਧ ਕੰਪਨੀ ਐੱਚ.ਐੱਮ.ਵੀ. ਵਿਚ ਰਿਕਾਰਡ ਹੋਏ ਅਤੇ ਇਨ੍ਹਾਂ ਨੇ ਵਿਕਰੀ ਦਾ ਵੀ ਇਕ ਰਿਕਾਰਡ ਕਾਇਮ ਕੀਤਾ। ਗੀਤਕਾਰ ਦੀਪਕ ਜੈਤੋਈ ਦਾ ਇਸ ਖੇਤਰ ਵਿਚੋਂ ਮਨ ਉਦੋਂ ਉਚਾਟ ਹੋ ਗਿਆ, ਜਦੋਂ ਜ਼ਿਆਦਾਤਰ ਗੀਤਕਾਰਾਂ ਤੇ ਗਾਇਕਾਂ ਨੇ ਗੀਤਕਾਰੀ ਅਤੇ ਗਾਇਕੀ ਨੂੰ ਪੈਸੇ ਕਮਾਉਣ ਦੇ ਧੰਦੇ ਤੱਕ ਸੀਮਤ ਕਰ ਲਿਆ।

ਪੰਜਾਬੀ ਗ਼ਜ਼ਲ ਨੂੰ ਮਕਬੂਲੀਅਤ ਦਾ ਰੁਤਬਾ ਹਾਸਲ ਕਰਵਾਉਣ ਵਾਲੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੀਆਂ ਇਕ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚੋਂ 'ਮਾਲਾ ਕਿਉਂ ਤਲਵਾਰ ਬਣੀ' (ਮਹਾਂਕਾਵਿ), ਗ਼ਜ਼ਲ ਦੀ ਖ਼ੁਸ਼ਬੂ, ਗ਼ਜ਼ਲ ਦੀ ਅਦਾ, ਦੀਪਕ ਦੀ ਲੋਅ, ਮੇਰੀਆਂ ਚੋਣਵੀਆਂ ਗ਼ਜ਼ਲਾਂ, ਗ਼ਜ਼ਲ ਦਾ ਬਾਂਕਪਨ, ਆਹ ਲੈ ਮਾਏ ਸਾਂਭ ਕੁੰਜੀਆਂ, ਗ਼ਜ਼ਲ ਕੀ ਹੈ, ਮਾਡਰਨ ਗ਼ਜ਼ਲ ਸੰਗ੍ਰਹਿ, ਭਰਥਰੀ ਹਰੀ (ਕਾਵਿ ਨਾਟ), ਭੁਲੇਖਾ ਪੈ ਗਿਆ (ਕਹਾਣੀ ਸੰਗ੍ਰਹਿ), ਸਮਾਂ ਜ਼ਰੂਰ ਆਵੇਗਾ (ਨਾਟਕ ਸੰਗ੍ਰਹਿ), ਸਿਕੰਦ ਗੁਪਤ (ਸੰਸਕਿਤ ਤੋਂ ਅਨੁਵਾਦਿਤ) ਆਦਿ ਰਚਨਾਵਾਂ ਕਾਬਲਿ-ਜ਼ਿਕਰ ਹਨ। ਪੰਜਾਬੀ ਵਿਚ ਪਹਿਲਾ ਗ਼ਜ਼ਲ ਦੀਵਾਨ 'ਦੀਵਾਨੇ-ਦੀਪਕ' ਲਿਖਣ ਦਾ ਫ਼ਖਰ ਵੀ ਉਨ੍ਹਾਂ ਦੇ ਹਿੱਸੇ ਹੀ ਆਇਆ ਹੈ।

ਪੰਜਾਬੀ ਜ਼ੁਬਾਨ ਅਤੇ ਗ਼ਜ਼ਲ ਪ੍ਰਤੀ ਆਪਣੀ ਸਮੁੱਚੀ ਜ਼ਿੰਦਗੀ ਅਰਪਿਤ ਕਰਨ ਵਾਲੇ ਉਸਤਾਦ ਸ਼ਾਇਰ ਦੀਪਕ ਜੈਤੋਈ ਨੂੰ ਬੇਸ਼ੱਕ ਸਰਕਾਰੀ ਦਰਬਾਰੋਂ ਬਹੁਤਾ ਮਾਨ-ਸਨਮਾਨ ਨਹੀਂ ਮਿਲਿਆ ਪਰ ਪੰਜਾਬ ਅਤੇ ਹਰਿਆਣਾ ਦੀ ਕੋਈ ਵੀ ਵੱਡੀ ਸਾਹਿਤਕ ਸੰਸਥਾ ਨਹੀਂ, ਜਿਸ ਨੇ ਗ਼ਜ਼ਲ ਦੇ ਇਸ ਬਾਬਾ ਬੋਹੜ ਨੂੰ ਬਣਦਾ ਮਾਣ-ਸਨਮਾਨ ਦੇ ਕੇ ਆਪਣੇ ਫਰਜ਼ ਦੀ ਪੂਰਤੀ ਨਾ ਕੀਤੀ ਹੋਵੇ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਸਨਮਾਨ, ਡਾ. ਸਾਧੂ ਸਿੰਘ ਹਮਦਰਦ ਐਵਾਰਡ, ਕਰਤਾਰ ਸਿੰਘ ਧਾਲੀਵਾਲ ਐਵਾਰਡ, ਬਾਬਾ-ਏ-ਗ਼ਜ਼ਲ ਐਵਾਰਡ, ਮੀਰ ਤਕੀ ਮੀਰ ਐਵਾਰਡ ਅਤੇ ਹੋਰ ਅਨੇਕਾਂ ਸਾਹਿਤਕ ਐਵਾਰਡਾਂ ਨਾਲ ਨਿਵਾਜਿਆ ਗਿਆ।

ਪੰਜਾਬੀ ਸ਼ਾਇਰੀ ਨੂੰ ਬੁਲੰਦੀਆਂ ਪ੍ਰਦਾਨ ਕਰਨ ਵਾਲੇ ਇਸ ਮਹਾਨ ਸ਼ਾਇਰ ਨੇ ਆਪਣੀ ਸਾਰੀ ਜ਼ਿੰਦਗੀ ਫੱਕਰਾਂ ਵਾਂਗ ਬਿਤਾਈ ਪਰ ਆਪਣੇ ਉਚੇਰੇ ਸ਼ੌਕ ਬਰਕਰਾਰ ਰੱਖੇ। ਤੰਗੀਆਂ ਤੁਰਸ਼ੀਆਂ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਅੰਗ ਬਣ ਕੇ ਰਹੀਆਂ, ਕਈ ਵਾਰ ਫਾਕੇ ਕੱਟਣ ਤੱਕ ਵੀ ਨੌਬਤ ਆਈ ਪਰ ਸਦਕੇ ਜਾਈਏ ਉਸ ਮਹਾਨ ਪੰਜਾਬੀ ਸਪੂਤ ਦੇ, ਜਿਸ ਨੇ ਅਜਿਹੇ ਹਾਲਾਤ ਵਿਚ ਵੀ ਆਪਣੀ ਅਣਖ, ਗ਼ੈਰਤ ਅਤੇ ਸਵੈਮਾਣ ਨੂੰ ਠੇਸ ਨਹੀਂ ਲੱਗਣ ਦਿੱਤੀ। ਇਸ ਦੀ ਮਿਸਾਲ ਇਨ੍ਹਾਂ ਤੱਥਾਂ ਤੋਂ ਵੀ ਹੁੰਦੀ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਰਹੇ ਸ੍ਰੀ ਅਟਲ ਬਿਹਾਰੀ ਵਾਜਪਾਈ ਉਨ੍ਹਾਂ ਦੇ ਗੂੜ੍ਹੇ ਮਿੱਤਰ ਸਨ ਅਤੇ ਅਕਸਰ ਹੀ ਕਵੀ ਦਰਬਾਰਾਂ ਵਿਚ ਉਹ ਇਕੱਠਿਆਂ ਸ਼ਾਮਲ ਹੋਇਆ ਕਰਦੇ ਸਨ ਪਰ ਦੀਪਕ ਜੈਤੋਈ ਨੇ ਆਪਣੇ ਨਾਸਾਜ਼ਗਾਰ ਹਾਲਾਤ ਵਿਚ ਵੀ ਸ਼੍ਰੀ ਵਾਜਪਾਈ ਤੱਕ ਆਪਣੀ ਆਰਥਿਕ ਮੰਦਹਾਲੀ ਦੀ ਭਿਣਕ ਨਹੀਂ ਪੈਣ ਦਿੱਤੀ।

ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜੋ ਮਕਬੂਲੀਅਤ, ਸ਼ੁਹਰਤ ਅਤੇ ਸਨਮਾਨ ਦਰਵੇਸ਼ ਸ਼ਾਇਰ ਦੀਪਕ ਜੈਤੋਈ ਨੂੰ ਮਿਲਿਆ, ਉਹ ਸ਼ਾਇਦ ਹੀ ਕਿਸੇ ਪੰਜਾਬੀ ਸ਼ਾਇਰ ਦੇ ਹਿੱਸੇ ਆਇਆ ਹੋਵੇ। ਅੰਤ 12 ਫਰਵਰੀ, 2005 ਨੂੰ ਪੰਜਾਬੀ ਗ਼ਜ਼ਲ ਦਾ ਇਹ ਸੂਰਜ ਹਮੇਸ਼ਾ ਲਈ ਅਸਤ ਹੋ ਗਿਆ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸ਼ਾਇਰੀ ਦੇ ਇਕ ਫ਼ਖ਼ਰਯੋਗ ਅਤੇ ਸੁਨਹਿਰੀ ਅਧਿਆਇ ਦਾ ਅੰਤ ਹੋ ਗਿਆ।



# ਰਾਮਚਰਿਤ ਮਾਨਸ ਨੂੰ ਲੈ ਕੇ ਵਿਵਾਦ, ਸਿਆਸੀ ਉਥਲ-ਪੁਥਲ

***ਅਸਲ ਵਿਚ ਜਾਤ-ਪਾਤ ਕਾਰਨ ਅੱਜਕੱਲ੍ਹ ਲੋਕ ਬਾਣੀ ਅਤੇ ਤੁਕਾਂ ਦੇ ਅਰਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਲੱਗ ਪਏ ਹਨ। ਇਸ ਦੇ ਪ੍ਰਸੰਗ ਨੂੰ ਕੱਟ ਕੇ, ਉਹ ਇਸ ਦੇ ਅਰਥ ਨਹੀਂ ਫੜਦੇ। ਪੁਰਾਤਨ ਸਮੇਂ ਦੇ ਗੁਰੂਕੁਲ ਵਿਚ ਹਰ ਜਾਤ ਅਤੇ ਫਿਰਕੇ ਦਾ ਵਿਅਕਤੀ ਪੜ੍ਹ ਕੇ ਉੱਚਾ ਹੋ ਜਾਂਦਾ ਸੀ। ਵੇਦਾਂ ਦੇ ਲਿਖਾਰੀ ਬ੍ਰਾਹਮਣ ਨਹੀਂ ਸਨ। ਵਾਲਮੀਕਿ ਰਾਮਾਇਣ ਕਿਸੇ ਬ੍ਰਾਹਮਣ ਨੇ ਨਹੀਂ ਲਿਖੀ। ਮਹਾਭਾਰਤ ਅਤੇ ਪੁਰਾਣ ਲਿਖਣ ਵਾਲੇ ਵੇਦ ਵਿਆਸ ਨਿਸ਼ਾਦ ਪੁੱਤਰੀ ਸਤਿਆਵਤੀ ਦੇ ਪੁੱਤਰ ਸਨ। ਰਾਮਚਰਿਤਮਾਨਸ ਹਿੰਦੂਆਂ ਲਈ ਕੇਵਲ ਇੱਕ ਧਾਰਮਿਕ ਪੁਸਤਕ ਨਹੀਂ ਹੈ, ਬਲਕਿ ਜੀਵਨ ਦਾ ਇੱਕ ਫਲਸਫਾ ਹੈ ਅਤੇ ਰੀਤੀ-ਰਿਵਾਜ਼ਾਂ ਨਾਲ ਜੁੜਿਆ ਹੋਇਆ ਹੈ। ਮਾਨਸ ਕੋਈ ਪੁਸਤਕ ਨਹੀਂ, ਸਗੋਂ ਮਨੁੱਖ ਦੇ ਚਰਿੱਤਰ ਨਿਰਮਾਣ ਦੀ ਯੂਨੀਵਰਸਿਟੀ ਹੈ ਅਤੇ ਇਸ ਨੂੰ ਲੋਕਾਂ ਦੇ ਕੰਮ ਅਤੇ ਵਿਹਾਰ ਵਿਚ ਸਾਫ਼ ਦੇਖਿਆ ਜਾ ਸਕਦਾ ਹੈ। - ਡਾ: ਸਤਿਆਵਾਨ ਸੌਰਭ***

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਜਦੋਂ ਅਸੀਂ ਰਾਮਾਇਣ ਵਿਚ ਭਗਵਾਨ ਸ਼੍ਰੀ ਰਾਮ ਬਾਰੇ ਪੜ੍ਹਦੇ ਹਾਂ ਅਤੇ ਅਜੋਕੇ ਸਮਾਜ ਵਿਚ ਜਾਤ-ਪਾਤ, ਰਾਜਨੀਤੀ ਦੇ ਆਧਾਰ 'ਤੇ ਰਾਮ ਨੂੰ ਵੰਡਣ ਵਾਲਿਆਂ ਬਾਰੇ ਪੜ੍ਹਦੇ ਹਾਂ, ਤਾਂ ਦੋਵਾਂ ਵਿਚ ਸੰਸਾਰ ਦਾ ਅੰਤਰ ਹੁੰਦਾ ਹੈ। ਰਾਮ ਵਰਗਾ ਕੋਈ ਨਹੀਂ, ਉਹ ਸਭ ਦੀ ਭਲਾਈ ਚਾਹੁੰਦਾ ਸੀ। ਭਗਵਾਨ ਰਾਮ ਨੂੰ ਭਾਰਤ ਲਈ ਆਦਰਸ਼ ਭਰਾ, ਹਨੂੰਮਾਨ ਲਈ ਮਾਲਕ, ਪਰਜਾ ਲਈ ਨੀਤੀ-ਕੁਸ਼ਲ ਅਤੇ ਨਿਆਂਪੂਰਨ ਰਾਜਾ, ਸੁਗ੍ਰੀਵ ਅਤੇ ਕੇਵਤ ਦੇ ਸਭ ਤੋਂ ਚੰਗੇ ਮਿੱਤਰ ਅਤੇ ਸੈਨਾ ਨੂੰ ਨਾਲ ਲੈ ਜਾਣ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਇਨ੍ਹਾਂ ਗੁਣਾਂ ਕਾਰਨ ਉਨ੍ਹਾਂ ਨੂੰ ਮਰਿਯਾਦਾ ਪੁਰਸ਼ੋਤਮ ਰਾਮ ਦੇ ਨਾਮ ਨਾਲ ਪੂਜਿਆ ਜਾਂਦਾ ਹੈ। ਅੱਜ ਜੇਕਰ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕੀ ਸਾਡੇ ਵਿਚ ਉਸ ਵਰਗਾ ਗੁਣ ਹੈ? ਨਹੀਂ, ਫਿਰ ਅਸੀਂ ਉਸ ਦੀ ਸਿਆਸੀ ਇੱਛਾ ਪੂਰੀ ਕਰਨ ਲਈ ਉਸ ਦੇ ਨਾਂ 'ਤੇ ਰਾਜਨੀਤੀ ਕਿਉਂ ਕਰੀਏ?

ਰਾਮ ਤਿਆਗ ਦਾ ਸਰੂਪ ਹੈ, ਕੀ ਕੋਈ ਆਪਣਾ ਸਭ ਕੁਝ ਤਿਆਗ ਕੇ ਦੂਜਿਆਂ ਦਾ ਭਲਾ ਚਾਹੇਗਾ? ਸੰਸਾਰ ਵਿਚ ਕੋਈ ਵੀ ਅਜਿਹਾ ਵਿਅਕਤੀ ਨਹੀਂ, ਜੋ ਉਸਦੀ ਜਗ੍ਹਾ ਲੈ ਸਕੇ। ਰਾਮ ਰਾਮ ਹੈ ਅਤੇ ਉਸਦਾ ਨਾਮ ਰਾਮ ਤੋਂ ਵੱਡਾ ਹੈ। ਇਸ ਲਈ ਘਿਣਾਉਣੇ ਇਰਾਦਿਆਂ ਨਾਲ ਰਾਜਨੀਤੀ ਕਰਨੀ ਬੰਦ ਕਰੋ। ਰਾਮ ਕਿਸੇ ਵਿਸ਼ੇਸ਼ ਜਾਤ ਲਈ ਨਹੀਂ ਬਣਾਇਆ ਗਿਆ, ਜੋ ਉਸ ਨੂੰ ਸ਼ੁੱਧ ਹਿਰਦੇ ਨਾਲ ਪੂਜਦਾ ਹੈ, ਉਹ ਰਾਮ ਨੂੰ ਪਿਆਰਾ ਹੈ। ਜੇਕਰ ਅਸੀਂ ਰਾਮਚਰਿਤਮਾਨਸ ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਸੰਦਰਭ ਵਿਚ ਸੋਚੀਏ, ਤਾਂ ਕੀ ਸੈਂਕੜੇ ਸਾਲ ਪਹਿਲਾਂ ਲਿਖੇ ਇਸ ਮਹਾਂਕਾਵਿ ਵਿਚ ਕਿਸੇ ਬ੍ਰਾਹਮਣਵਾਦੀ ਜਾਂ ਮਰਦ-ਕਰਮੀ ਨੇ ਛੇੜਛਾੜ ਨਹੀਂ ਕੀਤੀ ਹੋਵੇਗੀ? ਆਪਣੀ ਕਵਿਤਾ ਵਿਚ ਕਈ ਉੱਚੇ ਪਾਤਰ ਸਿਰਜਣ ਵਾਲੇ ਮਹਾਨ ਕਵੀ ਦੇ ਮਨ ਵਿਚ ਨਿੱਕੇ-ਨਿੱਕੇ ਵਿਚਾਰ ਕਿਵੇਂ ਪ੍ਰਵੇਸ਼ ਕਰ ਸਕਦੇ ਹਨ? ਜਿਹੜਾ ਆਪਣੇ ਨਾਇਕ ਭੀਲਾਂ ਨੂੰ ਗਲਵੱਕੜੀ ਪਾ ਕੇ, ਸ਼ਬਰੀ ਦੀਆਂ ਨਕਲੀ ਬੇਰੀਆਂ ਖਾ ਕੇ ਹੀ ਨਹੀਂ, ਤੁੱਛ ਔਰਤ ਅਹਿਲਿਆ ਨੂੰ ਵੀ ਇੱਜ਼ਤ ਦੇਣ ਬਾਰੇ ਲਿਖਦਾ ਹੈ, ਉਹ ਸ਼ੂਦਰਾਂ ਅਤੇ ਔਰਤਾਂ ਵਿਰੁੱਧ ਸ਼ਬਦ ਕਿਵੇਂ ਲਿਖ ਸਕਦਾ ਹੈ?

ਜਿਸ ਨੇ ਖੁਦ ਤਤਕਾਲੀ ਬ੍ਰਾਹਮਣ ਸਮਾਜ ਦਾ ਬਾਈਕਾਟ ਕੀਤਾ ਅਤੇ ਭਾਸ਼ਾਈ ਪੱਧਰ 'ਤੇ ਬਗਾਵਤ ਕੀਤੀ। ਉਹ ਬ੍ਰਾਹਮਣਾਂ ਦਾ ਐਸਾ ਸਮਰਥਕ ਕਿਵੇਂ ਹੋ ਸਕਦਾ ਹੈ, ਜੋ 'ਪੂਜਿਏ ਵਿਪ੍ਰ ਗਿਆਨ ਗੁਣ ਹੀਨਾ' ਲਿਖਦਾ ਹੈ? ਇਹ ਸੰਭਵ ਹੈ ਕਿ ਤੁਲਸੀਦਾਸ ਜੀ ਨੇ ਢੋਲ, ਗਵਾਰ, ਗੁੱਸੇ ਵਾਲਾ ਜਾਨਵਰ, ਢੋਲ ਦੀ ਥਾਂ ਰਾੜੀ, ਗਵਾਰ, ਸ਼ੂਦਰ ਜਾਨਵਰ, ਔਰਤ ਲਿਖਿਆ ਹੋਵੇ? ਅਤੇ ਕਿਸੇ ਮੂਰਖ ਨੇ ਇਸ ਨੂੰ ਆਪਣੀ ਸੋਚ ਅਨੁਸਾਰ ਬਣਾਇਆ ਹੈ? ਸਾਨੂੰ ਰਾਮਚਰਿਤਮਾਨਸ ਨੂੰ ਡੂੰਘਾਈ ਨਾਲ ਅਤੇ ਇਸ ਤਰ੍ਹਾਂ ਦੁਬਾਰਾ ਸੰਪਾਦਿਤ ਕਰਨਾ ਹੋਵੇਗਾ ਕਿ ਦੋਹੇ ਅਤੇ ਦੋਹੇ ਨੂੰ ਕਵੀ ਦੀ ਪ੍ਰਵਿਰਤੀ ਦੇ ਉਲਟ ਸਮਝਣਾ ਅਤੇ ਪੇਸ਼ ਕਰਨਾ ਹੋਵੇਗਾ। ਇਹ ਇਸ ਲਈ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਰਾਮਚਰਿਤਮਾਨਸ ਕੇਵਲ ਇੱਕ ਮਹਾਂਕਾਵਿ ਹੀ ਨਹੀਂ ਹੈ, ਇਹ ਭਾਰਤੀ ਸਮਾਜ ਦੁਆਰਾ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਪੁਸਤਕ ਵੀ ਹੈ ਅਤੇ ਤੁਸੀਂ ਮਾਨਸ ਦੀਆਂ ਤੁਕਾਂ ਨੂੰ ਇੱਕ ਅਨਪੜ੍ਹ ਵਿਅਕਤੀ ਦੇ ਮੂੰਹੋਂ ਵੀ ਸੁਣ ਸਕਦੇ ਹੋ। ਇਸ ਦੇ ਸੋਧੇ ਹੋਏ ਸੰਸਕਰਣ ਨੂੰ ਯਕੀਨੀ ਤੌਰ 'ਤੇ ਪ੍ਰਸਿੱਧ ਬਣਾਇਆ ਜਾ ਸਕਦਾ ਹੈ।

ਉਸ ਦੀ ਮੌਜੂਦਗੀ ਨਾਲ ਹੀ ਘਰ ਵਿਚ ਸ਼ੁਭ ਸੰਜੋਗ ਬਣੇ ਰਹਿੰਦੇ ਹਨ। ਰਾਮਚਰਿਤਮਾਨਸ ਅਤੇ ਸ਼੍ਰੀਮਦ ਭਾਗਵਤ ਗੀਤਾ ਹਰ ਵਿਸ਼ਵਾਸੀ ਅਤੇ ਨਾਸਤਿਕ ਸਨਾਤਨੀ ਦੇ ਘਰ ਵਿਚ ਹੋਣੀ ਚਾਹੀਦੀ ਹੈ। ਵਿਸ਼ਵਾਸ ਲਈ ਜਾਂ ਗਿਆਨ ਪ੍ਰਾਪਤ ਕਰਨ ਲਈ ਪੜ੍ਹੋ। ਤੁਸੀਂ ਆਪਣੇ ਖੁਦ ਦੇ ਉਪਯੋਗ ਕਰ ਸਕਦੇ ਹੋ। ਵਿਵਹਾਰ ਦੇ ਹੁਨਰ, ਪ੍ਰਬੰਧਨ, ਰਣਨੀਤੀ, ਸੰਕਟ ਦੇ ਸਮੇਂ ਸਮਝਦਾਰੀ ਨਾਲ ਕੰਮ ਕਰਨਾ, ਸਮਾਜਿਕ ਆਚਰਣ, ਪੈਸਾ ਪ੍ਰਬੰਧਨ ਆਦਿ ਬਹੁਤ ਕੁਝ ਸਿੱਖ ਸਕਦੇ ਹਨ। ਜਿੱਥੋਂ ਤੱਕ ਇਨ੍ਹਾਂ ਪਵਿੱਤਰ ਗ੍ਰੰਥਾਂ ਬਾਰੇ ਆਪਣੇ ਮੂੰਹ ਨਾਲ ਮਲ-ਮੂਤਰ ਕੱਢਦੇ ਹਨ, ਉਨ੍ਹਾਂ ਨੂੰ ਕੋਈ ਮਹੱਤਵ ਨਾ ਦਿਓ। ਉਹ ਆਪਣੇ ਮਾਤਾ-ਪਿਤਾ ਦੀ ਇੱਜ਼ਤ 'ਤੇ ਵੀ ਸਵਾਲ ਉਠਾ ਸਕਦੇ ਹਨ। ਅਜਿਹੇ ਲੋਕ ਇਹ ਦਲੀਲ ਦੇ ਸਕਦੇ ਹਨ ਕਿ ਮਾਪਿਆਂ ਨੇ ਆਪਣੇ ਵਿਆਹੁਤਾ ਰਿਸ਼ਤੇ ਨੂੰ ਕਾਇਮ ਰੱਖਿਆ ਹੈ, ਉਨ੍ਹਾਂ ਦੀ ਪੂਜਾ ਕਿਉਂ ਕੀਤੀ ਅਤੇ ਉਨ੍ਹਾਂ ਦੇ ਪੈਰਾਂ ਨੂੰ ਕਿਉਂ ਛੂਹਿਆ? ਕੀ ਕਿਸੇ ਨੂੰ ਪਤਾ ਹੈ ਕਿ ਜਿਸ ਦੌਰ ਵਿਚ ਗ੍ਰੰਥਾਂ ਦੀ ਰਚਨਾ ਹੋਈ ਸੀ, ਉਸ ਸਮੇਂ ਵਿਚ ਸ਼ਬਦ, ਭਾਸ਼ਾ ਸ਼ੈਲੀ, ਜਾਤ-ਪਾਤ ਕਿਵੇਂ ਪ੍ਰਚਲਿਤ ਸੀ? ਅਸੀਂ ਉਹ ਲੋਕ ਹਾਂ, ਜੋ ਰਾਵਣ ਤੋਂ ਵੀ ਗਿਆਨ ਲੈਣ ਤੋਂ ਨਹੀਂ ਝਿਜਕਦੇ। ਰਾਮਚਰਿਤਮਾਨਸ ਭਾਰਤ ਦੀਆਂ ਪ੍ਰੰਪਰਾਵਾਂ ਦਾ ਸਾਰ ਹੈ। ਮਾਨਸ ਆਪਣੇ ਆਪ ਵਿਚ ਭਾਰਤ ਹੈ। ਅਤੇ ਕੇਵਲ ਮਾਨਸ ਹੀ ਭਾਰਤ ਹੈ। ਕੇਵਲ ਮਾਨਸ ਹੀ ਸਦੀਵੀ ਹੈ। ਭਾਰਤ ਵਿਚ ਜੋ ਵੀ ਪ੍ਰਸ਼ੰਸਾਯੋਗ ਹੈ, ਉਹ ਨਕਲ ਕਰਨ ਯੋਗ ਹੈ। ਬਚਾਉਣ ਦੇ ਯੋਗ। ਇਹ ਸਭ ਮਨ ਵਿਚ ਹੀ ਹੈ।

ਇਹ ਦੇਸ਼ ਅੱਜ ਮਾਨਸ ਨੂੰ ਸਮਝ ਨਹੀਂ ਸਕਿਆ। ਸ਼ਬਰੀ ਭੀਲ, ਕੇਵਤ, ਅਹਿਲਿਆ ਨੂੰ ਸਮਝਣ ਦੇ ਸਮਰੱਥ ਨਹੀਂ। ਸਮਝ ਨਹੀਂ ਆਉਂਦੀ, ਜਿਸ ਨੂੰ ਅਸੀਂ ਬਾਂਦਰਾਂ ਅਤੇ ਰਿੱਛਾਂ ਦੀ ਫੌਜ ਕਹਿੰਦੇ ਹਾਂ, ਇਸ ਦੇਸ਼ ਦੀ ਕਬਾਇਲੀ ਪ੍ਰੰਪਰਾ ਰਹੀ ਹੈ। ਜਿਨ੍ਹਾਂ ਨੂੰ ਅਸੀਂ ਵੰਚਿਤ ਸਮਝਦੇ ਹਾਂ, ਉਹ ਹੀ ਅਸਲ ਯੋਧੇ, ਰਾਮ ਜੀ ਦੀ ਲੜਾਈ ਦੇ ਅਸਲੀ ਨਾਇਕ ਰਹੇ ਹਨ। ਮਾਨਸ ਆਪਣੇ ਆਪ ਵਿਚ ਸਾਰ ਹੈ। ਹਰ ਦੋਹ, ਪਉੜੀ ਅਤੇ ਚੌਪਈ, ਇਸ ਕੌਮ ਦੀ ਵਿਲੱਖਣ, ਬੇਮਿਸਾਲ, ਸਰਬ-ਵਿਆਪਕ ਜੀਵਨ ਪ੍ਰੰਪਰਾ ਦਾ ਸੂਚਕ ਹੈ। ਮਾਨਸ ਦਾ ਅਪਮਾਨ ਕਰਨਾ ਆਪਣੇ ਆਪ ਵਿਚ ਭਾਰਤ ਦਾ ਅਪਮਾਨ ਹੈ। ਇਸ ਤੋਂ ਵੱਡਾ ਦੇਸ਼ਧ੍ਰੋਹ ਨਹੀਂ ਹੋ ਸਕਦਾ। ਸਮੁੱਚੇ ਹਿੰਦੂ ਸਮਾਜ, ਸਰਕਾਰ ਅਤੇ ਲੋਕਾਂ ਨੂੰ ਜਾਗਣਾ ਪਵੇਗਾ। ਆਪਣੀ ਮਰਦਾਨਗੀ, ਆਪਣੀ ਨਪੁੰਸਕਤਾ, ਮਾਮੂਲੀ ਸਿਆਸੀ ਸਵਾਰਥ, ਨਫੇ-ਨੁਕਸਾਨ ਦੀ ਕੁਰਬਾਨੀ ਛੱਡ ਕੇ, ਤੁਹਾਨੂੰ ਅੱਗ ਵਾਂਗ ਸੜਨਾ ਪਵੇਗਾ। ਸਮਾਜ, ਧਰਮ, ਸਰਕਾਰ ਅਤੇ ਅਸੀਂ, ਜੋ ਮਨ ਦੀ ਇੱਜ਼ਤ ਰੱਖਣ ਤੋਂ ਅਸਮਰੱਥ ਹਾਂ, ਕੱਲ੍ਹ ਨੂੰ ਸਾਡੀ ਮਾਂ, ਸਾਡੀ ਭੈਣ, ਸਾਡੀ ਧੀ, ਸਾਡੀ ਰੂਹ ਦੀ ਇੱਜ਼ਤ ਗੁਆ ਬੈਠਾਂਗੇ।

ਅਸਲ ਵਿਚ ਜਾਤ-ਪਾਤ ਕਾਰਨ ਅੱਜਕੱਲ੍ਹ ਲੋਕ ਬਾਣੀ ਅਤੇ ਤੁਕਾਂ ਦੇ ਅਰਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਲੱਗ ਪਏ ਹਨ। ਇਸ ਦੇ ਪ੍ਰਸੰਗ ਨੂੰ ਕੱਟ ਕੇ, ਉਹ ਇਸ ਦੇ ਅਰਥ ਨਹੀਂ ਫੜਦੇ। ਪੁਰਾਤਨ ਸਮੇਂ ਦੇ ਗੁਰੂਕੁਲ ਵਿਚ ਹਰ ਜਾਤ ਅਤੇ ਫਿਰਕੇ ਦਾ ਵਿਅਕਤੀ ਪੜ੍ਹ ਕੇ ਉੱਚਾ ਹੋ ਜਾਂਦਾ ਸੀ। ਵੇਦਾਂ ਦੇ ਲਿਖਾਰੀ ਬ੍ਰਾਹਮਣ ਨਹੀਂ ਸਨ। ਵਾਲਮੀਕਿ ਰਾਮਾਇਣ ਕਿਸੇ ਬ੍ਰਾਹਮਣ ਨੇ ਨਹੀਂ ਲਿਖੀ। ਮਹਾਭਾਰਤ ਅਤੇ ਪੁਰਾਣ ਲਿਖਣ ਵਾਲੇ ਵੇਦ ਵਿਆਸ ਨਿਸ਼ਾਦ ਪੁੱਤਰੀ ਸਤਿਆਵਤੀ ਦੇ ਪੁੱਤਰ ਸਨ। ਰਾਮਚਰਿਤਮਾਨਸ ਹਿੰਦੂਆਂ ਲਈ ਕੇਵਲ ਇੱਕ ਧਾਰਮਿਕ ਪੁਸਤਕ ਨਹੀਂ ਹੈ, ਬਲਕਿ ਜੀਵਨ ਦਾ ਇੱਕ ਫਲਸਫਾ ਹੈ ਅਤੇ ਰੀਤੀ-ਰਿਵਾਜ਼ਾਂ ਨਾਲ ਜੁੜਿਆ ਹੋਇਆ ਹੈ। ਮਾਨਸ ਕੋਈ ਪੁਸਤਕ ਨਹੀਂ, ਸਗੋਂ ਮਨੁੱਖ ਦੇ ਚਰਿੱਤਰ ਨਿਰਮਾਣ ਦੀ ਯੂਨੀਵਰਸਿਟੀ ਹੈ ਅਤੇ ਇਸ ਨੂੰ ਲੋਕਾਂ ਦੇ ਕੰਮ ਅਤੇ ਵਿਹਾਰ ਵਿਚ ਸਾਫ਼ ਦੇਖਿਆ ਜਾ ਸਕਦਾ ਹੈ।

# ਨਾ ਤੋੜੀਂ ਰੁੱਖੜੇ ਤੂਤ ਦੇ...

ਡਾ. ਪ੍ਰਿਤਪਾਲ ਸਿੰਘ ਮਹਿਰੋਕ
185, ਵਸੰਤ ਵਿਹਾਰ, ਡੀ.ਸੀ. ਰੈਜ਼ੀਡੈਂਸ ਰੋਡ, ਹੁਸ਼ਿਆਰਪੁਰ
98885-10185
(Punjab Mail USA)



ਰੁੱਖ ਤੇ ਮਨੁੱਖ ਦਾ ਸਾਥ ਤੇ ਦੋਹਾਂ ਦੀ ਸਾਂਝ ਮੁੱਢ ਕਦੀਮੀਂ ਹੈ। ਰੁੱਖ ਮਨੁੱਖ ਨੂੰ ਠੰਢੀਆਂ ਛਾਵਾਂ, ਮਿੱਠੀਆਂ ਹਵਾਵਾਂ, ਫਲ-ਫੁੱਲ, ਖ਼ੁਸ਼ਬੂ, ਰੰਗ, ਦਵਾਈਆਂ, ਵੰਨ-ਸੁਵੰਨੀ ਲੱਕੜੀ ਤੇ ਖਾਣ-ਪੀਣ ਦੇ ਅਨੇਕ ਪ੍ਰਕਾਰ ਦੇ ਪਦਾਰਥਾਂ ਨਾਲ ਮਾਲਾਮਾਲ ਕਰਦੇ ਆਏ ਹਨ। ਇਹ ਕੁਦਰਤ ਦੇ ਸੰਤੁਲਨ ਨੂੰ ਕਾਇਮ ਰੱਖਣ ਅਤੇ ਵਾਤਾਵਰਨ ਨੂੰ ਸ਼ੁੱਧ ਬਣਾਈ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਰੁੱਖ ਧਰਤੀ ਦਾ ਸ਼ਿੰਗਾਰ ਹਨ ਅਤੇ ਇਹ ਅਣਗਿਣਤ ਨਾਵਾਂ ਨਾਲ ਜਾਣੇ ਜਾਂਦੇ ਹਨ। ਰੁੱਖਾਂ ਦੀ ਉਪਜ ਧਰਤੀ ਦੀ ਪ੍ਰਕਿਰਤੀ, ਪੌਣ-ਪਾਣੀ, ਮੌਸਮ, ਭੂਗੌਲਿਕ ਸਥਿਤੀ ਆਦਿ ਉਪਰ ਨਿਰਭਰ ਕਰਦੀ ਹੈ। ਧਰਤੀ ਦੇ ਸੁਭਾਅ ਮੁਤਾਬਕ ਉਸ ਉਪਰ ਪੈਦਾ ਹੋਣ ਵਾਲੇ ਰੁੱਖਾਂ ਵਿਚੋਂ ਮਨੁੱਖ ਆਪਣੀ ਪਸੰਦ ਦੇ ਰੁੱਖਾਂ ਦੀ ਦਰਜਾਬੰਦੀ ਕਰ ਲੈਂਦਾ ਹੈ ਅਤੇ ਉਸ ਦੇ ਪਸੰਦੀਦਾ ਰੁੱਖਾਂ ਨਾਲ ਉਸ ਦਾ ਰਿਸ਼ਤਾ ਗੂੜ੍ਹਾ ਹੁੰਦਾ ਜਾਂਦਾ ਹੈ। ਉਹ ਰੁੱਖ ਫਿਰ ਹੌਲੀ-ਹੌਲੀ ਲੋਕ ਜੀਵਨ ਅਤੇ ਲੋਕ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਲੈਂਦੇ ਹਨ। ਇੱਥੇ ਗੱਲ ਕਰ ਰਹੇ ਹਾਂ, ਲੋਕ ਜੀਵਨ ਦੇ ਬਹੁਤ ਨੇੜੇ ਰਹਿਣ ਵਾਲੇ ਰੁੱਖ ਤੂਤ ਦੀ। ਮਨੁੱਖ ਦਾ ਤੂਤ ਨਾਲ ਰਿਸ਼ਤਾ ਬਹੁਤ ਪੁਰਾਣਾ ਹੈ। ਤੂਤ ਦੇ ਰੁੱਖ ਨਾਲ ਕਈ ਲੋਕ ਕਹਾਣੀਆਂ, ਲੋਕ ਗਾਥਾਵਾਂ, ਲੋਕ ਅਖਾਣ, ਮੁਹਾਵਰੇ ਅਤੇ ਮਿੱਥਾਂ ਆਦਿ ਜੁੜੀਆਂ ਹੋਈਆਂ ਹਨ। ਤੂਤ ਨੂੰ ਬਨਸਪਤੀ ਵਿਗਿਆਨੀ ਮੋਰਸ ਅਲਬਾ ਦਾ ਨਾਂ ਦਿੰਦੇ ਹਨ। ਭਾਰਤ ਦੇ ਬਹੁਤੇ ਹਿੱਸਿਆਂ ਵਿਚ ਪਾਏ ਜਾਣ ਵਾਲੇ ਇਸ ਰੁੱਖ ਦੀ ਜ਼ਮੀਨ ਨੂੰ ਮੂਲ ਰੂਪ ਵਿਚ ਚੀਨ ਨਾਲ ਜੋੜਿਆ ਜਾਂਦਾ ਹੈ। ਸਾਧਾਰਨ ਹਾਲਤਾਂ ਵਿਚ ਇਸ ਸੰਘਣੇ ਰੁੱਖ ਦੀ ਔਸਤਨ ਉਚਾਈ 15 ਤੋਂ 20 ਫੁੱਟ ਦੇ ਦਰਮਿਆਨ ਮੰਨੀ ਜਾਂਦੀ ਹੈ। ਇਸ ਰੁੱਖ ਦੇ ਸਰੀਰ ਤੇ ਟਾਹਣੀਆਂ ਵਿਚਲਾ ਲਚਕੀਲਾਪਣ ਇਸ ਦੇ ਸੁਭਾਅ ਦਾ ਵਿਸ਼ੇਸ਼ ਲੱਛਣ ਹੈ। ਲਚਕੀਲੇਪਣ ਕਰਕੇ ਇਸ ਦੀਆਂ ਛਿਟੀਆਂ/ਲਗਰਾਂ ਨੂੰ ਕਈ ਤਰ੍ਹਾਂ ਦਾ ਸਾਜ਼ੋ-ਸਾਮਾਨ ਬਣਾਉਣ ਲਈ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਤੂਤ ਦੀਆਂ ਛਿਟੀਆਂ ਤੋਂ ਟੋਕਰੀਆਂ, ਟੋਕਰੇ, ਛਾਬੇ ਆਦਿ ਬਣਾਏ ਜਾਂਦੇ ਹਨ। ਤੂਤ ਦੀਆਂ ਲਚਕੀਲੀਆਂ ਛਿਟੀਆਂ ਜੋ ਲਗਪਗ ਅੱਠ-ਦਸ ਫੁੱਟ ਤੱਕ ਲੰਮੀਆਂ ਵੀ ਹੋ ਸਕਦੀਆਂ ਹਨ, ਨੂੰ ਛਾਂਗ ਸੰਵਾਰ ਕੇ ਬੜੀ ਜੁਗਤੀ ਤੇ ਕਾਰੀਗਰੀ ਨਾਲ ਟੋਕਰੇ-ਟੋਕਰੀਆਂ ਬਣਾਈਆਂ ਜਾਂਦੀਆਂ ਹਨ। ਟੋਕਰੇ, ਟੋਕਰੀਆਂ ਤੇ ਛਾਬੇ ਆਮ ਘਰਾਂ ਦੇ ਨਿਤਾ-ਪ੍ਰਤੀ ਦੇ ਜੀਵਨ ਵਿਚ ਕਈ ਤਰ੍ਹਾਂ ਦੇ ਕੰਮ ਨਿਪਟਾਉਣ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਪਹਿਲੇ ਸਮਿਆਂ ਵਿਚ ਟੋਕਰੇ-ਟੋਕਰੀਆਂ ਬਣਾਉਣ ਦੇ ਲੋਕ ਕਿੱਤੇ ਵਿਚ ਮੁਹਾਰਤ ਰੱਖਣ ਵਾਲੇ ਕਾਰੀਗਰਾਂ ਦੀ ਬਹੁਤ ਪੁੱਛ-ਪ੍ਰਤੀਤ ਹੁੰਦੀ ਸੀ। ਲੋਕ ਉਨ੍ਹਾਂ ਦੀ ਇਸ ਕਲਾ ਦੀ ਕਦਰ ਕਰਦੇ ਸਨ। ਤੂਤ ਦੇ ਰੁੱਖਾਂ ਨੂੰ ਖੂਹਾਂ 'ਤੇ, ਖੇਤਾਂ ਦਿਆਂ ਬੰਨ੍ਹਿਆਂ 'ਤੇ, ਖੇਤਾਂ ਦੇ ਕੋਨਿਆਂ ਨਾਲ ਖਾਲੀ ਪਏ ਥਾਂ 'ਤੇ ਉਗਾਇਆ ਜਾਂਦਾ ਸੀ। ਸਾਲ ਪਿੱਛੋਂ ਰੁੱਖ ਦੀ ਛੰਗਾਈ ਕਰਕੇ ਉਪਰੋਕਤ ਵਸਤਾਂ ਬਣਵਾ ਲਈਆਂ ਜਾਂਦੀਆਂ ਸਨ। ਛੰਗਾਈ ਵੀ ਹੋ ਜਾਂਦੀ ਸੀ, ਰੁੱਖ ਸਿਹਤਮੰਦ ਤੇ ਸਲਾਮਤ ਵੀ ਰਹਿੰਦਾ ਸੀ ਅਤੇ ਮਨੁੱਖ ਉਸ ਤੋਂ ਆਪਣੀਆਂ ਲੋੜਾਂ ਵੀ ਪੂਰੀਆਂ ਕਰ ਲੈਂਦਾ ਸੀ :

ਨਾ ਤੋੜੀਂ ਰੁੱਖੜੇ ਤੂਤ ਦੇ, ਜਿਹੜੇ ਅਸਾਂ ਹੱਥੀਂ ਲਾਏ

ਇਹ ਵੀ ਤਾਂ ਮੈਂ ਨਾ ਆਖਦੀ, ਇਹ ਰੁੱਖੜੇ ਤੁਧੋਂ ਸਵਾਏ।

ਤੂਤ ਆਪਣੇ ਗੁਣਾਂ-ਲੱਛਣਾਂ ਕਾਰਨ ਹੀ ਲੋਕ ਮਨ ਦੀ ਆਮ ਬੋਲ-ਚਾਲ ਦੀ ਭਾਸ਼ਾਈ ਮੁਹਾਰਤ ਅਤੇ ਮੁਹਾਵਰਿਆਂ ਦਾ ਹਿੱਸਾ ਬਣ ਸਕਿਆ ਹੈ। ਤੂਤ ਦੀ ਛਿਟੀ, ਤੂਤ ਦੀ ਲਗਰ, ਤੂਤ ਦਾ ਮੋਛਾ ਜਦੋਂ ਮੁਹਾਵਰਿਆਂ ਦਾ ਰੂਪ ਗ੍ਰਹਿਣ ਕਰਦੇ ਹਨ, ਤਾਂ ਇਹ ਮੁਹਾਵਰੇ ਅਰਥ ਨੂੰ ਵੀ ਸਾਰਥਿਕਤਾ ਪ੍ਰਦਾਨ ਕਰਦੇ ਹਨ:

* ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਵਿਆਹ ਕੇ ਲੈ ਗਿਆ ਤੂਤ ਦੀ ਛਿਟੀ।

* ਲੱਛੀ ਬੰਤੋ ਧਰਮ ਦੀਆਂ ਭੈਣਾਂ
ਲਗਰਾਂ ਤੂਤ ਦੀਆਂ...

ਤੂਤ ਦੀ ਲੱਕੜ ਚੀੜ੍ਹੀ, ਸਖ਼ਤ ਤੇ ਮਜ਼ਬੂਤ ਹੁੰਦੀ ਹੈ। ਇਸ ਤੋਂ ਖੇਤੀ ਦੇ ਕਈ ਸੰਦ ਤਿਆਰ ਕੀਤੇ ਜਾਂਦੇ ਹਨ। ਇਸ ਦੀ ਲੱਕੜ ਦੇ ਮਜ਼ਬੂਤ ਹੋਣ ਕਾਰਨ ਹੀ ਹੇਠ ਲਿਖੇ ਮੁਹਾਵਰੇ ਨੇ ਜਨਮ ਲਿਆ ਜਾਪਦਾ ਹੈ:

* ਯਾਰੀ ਜੱਟ ਦੀ ਤੂਤ ਦਾ ਮੋਛਾ
ਕਦੇ ਨਾ ਵਿਚਾਲਿਉਂ ਟੁੱਟਦੀ।

* ਤੋੜਾ ਤੂਤ ਦਾ, ਜੇ ਧਵੇਂ ਨਾ
ਸਾਂਝ ਜੱਟ ਦੀ, ਜੇ ਭਵੇਂ ਨਾ।

ਪੰਜਾਬੀ ਲੋਕ ਗੀਤਾਂ ਵਿਚ ਤੂਤ ਦਾ ਜ਼ਿਕਰ ਕਈ ਕੋਣਾਂ ਤੋਂ ਹੋਇਆ ਵੇਖਿਆ ਜਾ ਸਕਦਾ ਹੈ :

* ਛੱਲਾ ਸਾਵਾ ਤੂਤ ਏ
ਵੇ, ਛੱਲਾ ਸਾਵਾ ਤੂਤ ਏ
ਲੱਗਾ ਆਵੀਂ ਖੂਹ 'ਤੇ, ਮੇਰੀ ਜਾਨ ਮਲੂਕ ਏ
ਸੁਣ ਯਾਰ ਪਠਾਣਾਂ, ਦੱਸ ਜਾ ਟਿਕਾਣਾ...

* ਤੂਤਾ ਵੇ ਹਰਿਆਲਿਆ ਤੂਤਾ
ਤੂਤ ਪਲਮ ਦੇ ਸਾਵੇ
ਜਿਹੜੇ ਸੱਜਣ ਪਰਦੇਸ ਵਸੇਂਦੇ
ਮੈਂ ਮਰਾਂ ਤਿਨ੍ਹਾਂ ਦੇ ਹਾਵੇ...

ਤੂਤ ਦੇ ਰੁੱਖ ਦੇ ਕੁਦਰਤੀ ਲੱਛਣਾਂ ਤੇ ਇਸਦੇ ਨਿਵੇਕਲੇ ਸੁਭਾਅ ਬਾਰੇ ਪੰਜਾਬੀ ਦੇ ਕਈ ਲੋਕ ਗੀਤਾਂ ਵਿਚ ਜ਼ਿਕਰ ਹੋਇਆ ਹੈ। ਤੂਤ ਦੇ ਹਵਾਲੇ ਨਾਲ ਕਈ ਸਮਾਜਿਕ ਸੱਭਿਆਚਾਰਕ ਰਿਸ਼ਤਿਆਂ ਦੀ ਗੱਲ ਵੀ ਤੁਰਦੀ ਹੈ :

* ਅੰਬਾਂ ਤੇ ਤੂਤਾਂ ਦੀ ਵਾੜ ਕਰੋ, ਜੰਞ ਨੇੜੇ ਨੇੜੇ
ਬੀਬੀ ਜੀ ਦੇ ਬਾਬਲ ਨੂੰ ਖ਼ਬਰ ਕਰੋ, ਜੰਞ ਨੇੜੇ ਨੇੜੇ...।

* ਕਿੱਕਰਾਂ ਵੀ ਲੰਘ ਆਈ, ਬੇਰੀਆਂ ਵੀ ਲੰਘ ਆਈ,
ਲੰਘਣੋਂ ਰਹਿ ਗਏ ਤੂਤ
ਇਨ੍ਹਾਂ ਤੂਤਾਂ ਨੇ, ਲਈ ਜਵਾਨੀ ਸੂਤ...।

* ਅੰਬਾਂ ਤੇ ਤੂਤਾਂ ਦੀ ਠੰਢੀ-ਠੰਢੀ ਛਾਮ ਨੀ
ਕੋਈ ਪਰਦੇਸੀ ਜੋਗੀ ਆ ਲੱਥੇ ਨੀ...

ਪੰਜਾਬੀ ਸਿੱਠਣੀਆਂ ਵਿਚ ਲਾੜੇ, ਜੀਜੇ, ਬਰਾਤੀਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਜਦੋਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ, ਤਾਂ ਕਿਸੇ ਨਾ ਕਿਸੇ ਪ੍ਰਸੰਗ ਵਿਚ ਤੂਤ ਦਾ ਜ਼ਿਕਰ ਵੀ ਛਿੜਦਾ ਹੈ:

ਜਾਂਵੀਂ ਉਸ ਪਿੰਡੋਂ ਆਏ, ਜਿੱਥੇ ਤੂਤ ਵੀ ਨਾ
ਏਨ੍ਹਾਂ ਦੇ ਖੱਪੜਾਂ ਵਰਗੇ ਮੂੰਹ, ਭੋਰਾ ਰੂਪ ਵੀ ਨਾ।

ਤੂਤ ਦੇ ਰੁੱਖ ਨੂੰ ਲੱਗਣ ਵਾਲਾ ਫਲ ਬੇਸ਼ੱਕ ਪਸੰਦ ਨਹੀਂ ਕੀਤਾ ਜਾਂਦਾ, ਪਰ ਲੋਕ ਜੀਵਨ ਵਿਚ ਉਸ ਦਾ ਮਹੱਤਵ ਕਿਸੇ ਪੱਖ ਤੋਂ ਵੀ ਘੱਟ ਨਹੀਂ। ਤੂਤ ਦੇ ਫਲ ਨੂੰ ਤੂਤੀਆਂ ਕਿਹਾ ਜਾਂਦਾ ਹੈ। ਇਹ ਫਲ ਪੋਟਾ ਕੁ ਭਰ ਲੰਮਾ ਹੁੰਦਾ ਹੈ। ਖੱਟੀਆਂ, ਮਿੱਠੀਆਂ ਤੇ ਸਵਾਦਲੀਆਂ ਤੂਤੀਆਂ ਨੂੰ ਬੱਚੇ ਬੜੇ ਸ਼ੌਕ ਨਾਲ ਖਾਂਦੇ ਰਹੇ ਹਨ। ਲੋਕ ਚਕਿਤਸਾ ਵਿਚ ਤੂਤੀਆਂ ਦਾ ਬਹੁਤ ਮਹੱਤਵ ਦੱਸਿਆ ਜਾਂਦਾ ਹੈ। ਰੇਸ਼ਮ ਦੇ ਕੀੜੇ ਵੀ ਤੂਤ ਦੇ ਰੁੱਖਾਂ 'ਤੇ ਪਾਲੇ ਜਾਂਦੇ ਹਨ। ਇੰਜ, ਬਹੁਤ ਕੀਮਤੀ, ਖ਼ੂਬਸੂਰਤ ਤੇ ਲਾਸਾਨੀ ਕੱਪੜੇ ਦੇ ਨਿਰਮਾਣ ਨੂੰ ਆਧਾਰ ਪ੍ਰਦਾਨ ਕਰਨ ਵਾਲਾ ਵੀ ਤੂਤ ਦਾ ਰੁੱਖ ਹੀ ਹੁੰਦਾ ਹੈ। ਰੇਸ਼ਮ ਦੇ ਕੱਪੜੇ ਦਾ ਉਦਯੋਗ ਤੂਤ ਦੇ ਰੁੱਖ ਉੱਪਰ ਨਿਰਭਰ ਕਰਦਾ ਹੋਣ ਕਾਰਨ ਇਸ ਜਗਤ ਵਿਚ ਵੀ ਤੂਤ ਦੀ ਮਹਿਮਾ ਗਾਈ ਜਾਂਦੀ ਹੈ। ਜਿਵੇਂ ਜੀਵ-ਜੰਤੂਆਂ ਦੀਆਂ ਕਈ ਪ੍ਰਜਾਤੀਆਂ ਖ਼ਤਮ ਹੋ ਚੁੱਕੀਆਂ ਹਨ ਤੇ ਕਈ ਖ਼ਾਤਮੇ ਦੀ ਕਗਾਰ 'ਤੇ ਹਨ, ਇਸੇ ਤਰ੍ਹਾਂ ਬਨਸਪਤੀ ਦੀਆਂ ਕਈ ਵੰਨਗੀਆਂ ਅਤੇ ਰੁੱਖਾਂ ਦੀਆਂ ਕਈ ਨਸਲਾਂ ਵੀ ਖ਼ਤਮ ਹੋ ਗਈਆਂ ਹਨ ਜਾਂ ਖ਼ਤਮ ਹੋ ਰਹੀਆਂ ਹਨ। ਇਸ ਪਿੱਛੇ ਕੁਦਰਤ (ਮੌਸਮਾਂ) ਦੀ ਕਰੋਪੀ ਵੀ ਜ਼ਿੰਮੇਵਾਰ ਹੋ ਸਕਦੀ ਹੈ ਅਤੇ ਮਨੁੱਖ ਦੀ ਸਵਾਰਥੀ ਬਿਰਤੀ ਤੇ ਲਾਲਚੀ ਸੁਭਾਅ ਵੀ। ਮਨੁੱਖ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੁੜੇ ਬਹੁਮੁੱਲੇ ਸਰਮਾਏ ਰੁੱਖਾਂ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ, ਸਗੋਂ ਇਸ ਦੀ ਸਾਂਭ-ਸੰਭਾਲ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਰੁੱਖਾਂ ਦੀ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਰੋਕਣ ਦੀ ਲੋੜ ਹੈ। ਸਭ ਪ੍ਰਕਾਰ ਦੇ ਰੁੱਖਾਂ ਨੂੰ ਵੱਡੀ ਗਿਣਤੀ ਵਿਚ ਲਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਵਿਆਪਕ ਪੱਧਰ 'ਤੇ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਧਰਤੀ ਸਿਹਤਮੰਦ ਰਹੇਗੀ ਤੇ ਵਾਤਾਵਰਨ ਵੀ ਸ਼ੁੱਧ ਰਹੇਗਾ। ਜੇ ਰੁੱਖ ਸੁਰੱਖਿਅਤ ਰਹਿਣਗੇ ਤਾਂ ਕੁਦਰਤ ਦੀ ਸੁੰਦਰਤਾ ਵੀ ਬਣੀ ਰਹਿ ਸਕੇਗੀ ਅਤੇ ਮਨੁੱਖ ਦਾ ਭਲਾ ਵੀ ਇਸੇ ਵਿਚ ਹੋਵੇਗਾ। ਵਿਭਿੰਨ ਵੰਨਗੀਆਂ ਦੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਦੇ ਨਾਲ-ਨਾਲ ਤੂਤ ਦੇ ਰੁੱਖ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਦੀ ਲੋੜ ਤੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ।



# ਕੈਂਸਰ ਦੀ ਸੁਨਾਮੀ ਦੀ ਸੰਭਾਵਨਾ ਚਿੰਤਾਜਨਕ

-ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781-11445
(Punjab Mail USA)

ਪ੍ਰਸਿੱਧ ਦਾਰਸ਼ਨਿਕ ਕਨਫਿਉਸ਼ੀਅਸ ਦਾ ਕਥਨ ਹੈ ਕਿ ਗਲਤੀ ਦਾ ਗਿਆਨ ਹੋ ਜਾਣ ਤੇ ਫੇਰ ਗਲਤੀ ਨਾ ਸੁਧਰੇ, ਤਾਂ ਅਗਲੀ ਗਲਤੀ ਜ਼ਰੂਰ ਹੋ ਜਾਂਦੀ ਹੈ। ਇਹ ਤੱਥ ਬਿਮਾਰੀਆਂ ਸਬੰਧੀ ਸਾਡੀ ਮਾਨਸਿਕਤਾ ਉੱਤੇ ਢੁੱਕਦਾ ਹੈ। ਕੈਂਸਰ ਬਾਰੇ ਬਹੁਤ ਕੁਝ ਪਰਖਿਆ ਪੜਚੋਲਿਆ ਗਿਆ ਪਰ ਗਲਤੀ ਦੀ ਗੁੰਜਾਇਸ਼ ਹੁੰਦੀ ਗਈ। ਅਮਰੀਕਾ ਵਿਚ ਕਲੀਵਲੈਂਡ ਕਲੀਨਿਕ ਵਿਭਾਗ ਦੇ ਮੁਖੀ ਡਾ. ਜਾਮੇ ਇਬਰਾਹਿਮ ਨੇ ਚਿਤਾਵਨੀ ਦਿੱਤੀ ਹੈ ਕਿ ਭਾਰਤ ਵਿਚ ਜਿਸ ਤਰ੍ਹਾਂ ਗੰਭੀਰ ਬਿਮਾਰੀਆਂ ਵੱਧਦੀਆਂ ਹਨ। ਉਨ੍ਹਾਂ ਦੀ ਰੋਕਥਾਮ ਅਤੇ ਉਪਚਾਰ ਤੇਜ਼ੀ ਨਾਲ ਕਰੇ। ਸੰਸਾਰ ਸਿਹਤ ਸੰਸਥਾ ਦੀ ਰਿਪੋਰਟ ਵਿਚ ਕੋਡ ਹੋਇਆ ਹੈ ਕਿ 2020 ਵਿਚ ਕਿ ਕੈਂਸਰ ਦੇ ਪਸਾਰ ਲਈ ਭਾਰਤ ਦਾ ਤੀਜਾ ਨੰਬਰ ਹੈ। ਇਸਦਾ ਮੁੱਖ ਕਾਰਨ ਖਾਣ-ਪੀਣ, ਗਲਤ ਜ਼ਿੰਦਗੀ ਜਿਊਣ ਦਾ ਤਰੀਕਾ, ਗਲੋਬਲਾਈਜ਼ੇਸ਼ਨ, ਗਲਤੀ ਦਾ ਦੋਹਰਾਓ ਅਤੇ ਵੱਧਦੀ ਜਨਸੰਖਿਆ ਹੈ। ਕੈਂਸਰ ਬਾਰੇ ਅਖਬਾਰਾਂ, ਮੈਡੀਕਲ ਵਿਭਾਗ ਅਤੇ ਸਰਕਾਰ ਦੇ ਜਾਗਰੂਕ ਕੈਂਪਾ ਰਾਹੀਂ ਉਪਰਾਲੇ ਹੋਣ ਦੇ ਬਾਵਜੂਦ ਵੀ ਜਿਸ ਰਫਤਾਰ ਨਾਲ ਕੈਂਸਰ ਰੋਗ ਵੱਧ ਰਿਹਾ ਹੈ, ਉਸ ਤੋਂ ਇਸਦੀ ਸੁਨਾਮੀ ਦੀ ਸੰਭਾਵਨਾ ਬਣੀ ਹੋਈ ਹੈ। ਇਹ ਵਿਸ਼ਾ ਚਿੰਤਾਜਨਕ ਹੈ।




ਇਸ ਬਿਮਾਰੀ ਦੇ ਸੰਭਾਵੀ ਖਤਰਿਆਂ ਲਈ ਭਾਰਤ ਨੂੰ ਕੈਂਸਰ ਦੀਆਂ ਦਵਾਈਆਂ, ਆਰਟੀਫੀਸ਼ਲ ਇੰਟੈਲੀਜੈਂਸ ਡਿਜ਼ੀਟਲ ਤਕਨੀਕਾਂ ਅਤੇ ਖੋਜਾਂ ਨਾਲ ਮੈਡੀਕਲ ਤਕਨੀਕ ਨੂੰ ਅੱਗੇ ਵਧਾਉਣਾ ਬਹੁਤ ਜ਼ਰੂਰੀ ਹੈ। ਭਾਰਤ ਵਿਚ ਆਦਤਾਂ ਅਤੇ ਸਰੀਰਕ ਅੰਗਾਂ ਕਰਕੇ ਕੈਂਸਰ ਦੀ ਸਮੱਸਿਆ ਮਰਦ ਅਤੇ ਔਰਤ ਦੀ ਬਰਾਬਰ ਜਿਹੀ ਹੀ ਹੈ। ਮਰਦਾਂ ਨੂੰ ਤੰਬਾਕੂ ਨਸ਼ਾ ਗਲਤ ਆਦਤਾਂ ਮਾਰਦੀਆਂ ਹਨ, ਜਦੋਂਕਿ ਔਰਤ ਨੂੰ ਇਸਦੇ ਨਾਲ-ਨਾਲ ਪ੍ਰਜਣਨ ਅੰਗਾਂ ਦਾ ਕੈਂਸਰ ਵੀ ਮਾਰਦਾ ਹੈ। ਭਾਰਤ ਵਿਚ ਇਸ ਰੋਗ ਦੀ ਮੌਤ ਦਰ 2020 ਵਿਚ 13.92 ਲੱਖ, 2021 ਵਿਚ 14.26 ਲੱਖ ਅਤੇ 2022 ਵਿਚ 14.61 ਲੱਖ ਤੱਕ ਸੀ। ਇਸ ਅੰਕੜੇ ਨਾਲ ਕੈਂਸਰ ਸੁਨਾਮੀ ਦੀ ਸ਼ੰਕਾ ਹੋਰ ਗੂੜੀ ਬਣੀ ਰਹਿੰਦੀ ਹੈ।

ਭਾਰਤੀ ਲੋਕਾਂ ਨੂੰ ਇਸ ਵਿਸ਼ੇ 'ਤੇ ਖਾਸ ਤਵੱਜੋਂ ਦੇਣ ਦੀ ਲੋੜ ਹੈ। ਸਰਕਾਰ ਨੇ 2012 ਤੋਂ ਕੈਂਸਰ ਰੋਗੀਆਂ ਲਈ ਰਾਹਤ ਕੋਸ਼ ਦਾ ਉਪਰਾਲਾ ਕੀਤਾ ਹੋਇਆ ਹੈ। ਪਰ ਇਸ ਨੂੰ ਰੋਕਣ ਅਤੇ ਗਲਤੀ ਸੁਧਾਰਨ ਦਾ ਧਿਆਨ ਨਹੀਂ ਦਿੱਤਾ। ਕੀਟਨਾਸ਼ਕਾਂ ਨੂੰ ਇਸ ਬਿਮਾਰੀ ਦੀ ਜੜ੍ਹ ਮੰਨਿਆ ਗਿਆ ਸੀ, ਕਾਰਨ ਭਾਵੇਂ ਹੋਰ ਵੀ ਹੋਣ। ਅਮਰੀਕਾ ਨੇ 1972 ਵਿਚ ਡੀ.ਡੀ.ਟੀ. 'ਤੇ ਪਾਬੰਦੀ ਲਾਈ, ਜਦੋਂਕਿ ਭਾਰਤ ਨੇ 1989-90 ਵਿਚ ਇਸ ਦਵਾਈ 'ਤੇ ਪਾਬੰਦੀ ਲਾਈ। ਸਾਡੇ ਦੇਸ਼ ਵਿਚ ਲੁੱਕ-ਛਿਪ ਕੇ ਫੇਰ ਵੀ ਚੱਲੀ ਗਈ। ਪੰਜਾਬ ਵਿਚ ਪਿਛਲੀ ਸਰਕਾਰ ਨੇ 20 ਕੀਟਨਾਸ਼ਕਾਂ 'ਤੇ ਪਾਬੰਦੀ ਲਾਈ ਸੀ, ਜੋ ਵਧੀਆ ਉਪਰਾਲਾ ਸੀ। ਭਾਰਤ ਵਿਚ ਪਦਾਰਥਵਾਦੀ ਦੌੜ ਨੇ ਇਸ ਬਿਮਾਰੀ ਦੀ ਵੱਧਦੀ ਦਰ ਅਤੇ ਮੌਤ ਦਰ ਨਾਲ ਸਿਹਤ ਪੱਖ ਲਈ ਭਵਿੱਖੀ ਵੰਗਾਰ ਖੜ੍ਹੀ ਕੀਤੀ ਹੋਈ ਹੈ। ਹਰੀ ਕ੍ਰਾਂਤੀ ਨੇ 5 ਗੁਣਾਂ ਫਸਲਾਂ ਤਾਂ ਵਧਾਈਆਂ ਪਰ ਨਾਂਹ ਪੱਖੀ ਪ੍ਰਭਾਵ ਵੇਲਾ ਬੀਤਣ ਤੋਂ ਬਾਅਦ ਖੋਜੇ। ਇਸਦਾ ਇਲਾਜ ਬਾਹਰਲੇ ਮੁਲਕਾਂ ਵਿਚ ਵੀ ਸੰਭਵ ਨਹੀਂ ਹੈ ਪਰ ਮੁੱਢਲੀ ਪਛਾਣ 'ਤੇ ਸਿਹਤਯਾਬੀ ਜਾਂ ਸਹਿਕਦੇ ਸਹਿਮੇਂ ਹੋਏ ਉਮਰ ਵਧਾਈ ਜਾ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਇਸ ਵਿਸ਼ੇ 'ਤੇ ਗੰਭੀਰ ਹਨ। ਪਰ ਮੁਕੰਮਲ ਇਲਾਜ ਲੱਭਣ ਲਈ ਅਸਮਰੱਥ ਹਨ। ਭਾਰਤ ਸਰਕਾਰ ਨੇ ਪੰਜਾਬ ਵਿਚ ਕੈਂਸਰ ਨਾਲ ਸਬੰਧਤ ਕਈ ਪ੍ਰਜੈਕਟ ਦਿੱਤੇ ਹਨ। ਆਮ ਤੌਰ 'ਤੇ ਇਸ ਬਿਮਾਰੀ ਦਾ ਨਾਂ ਹੀ ਮਾੜਾ ਮੰਨਿਆ ਜਾਂਦਾ ਹੈ। ਪਤਾ ਲੱਗਣ 'ਤੇ ਦਹਿਲ ਅਤੇ ਇਲਾਜ ਨਾਲ ਹੀ ਬੰਦਾ ਮਾਰਿਆ ਜਾਂਦਾ ਹੈ। ਸਾਡੇ ਦੇਸ਼ ਵਿਚ ਇਸਦੇ ਭਵਿੱਖੀ ਅਸਰ, ਅਲਾਮਤਾਂ ਅਤੇ ਸੁਨਾਮੀ ਰੋਕਣ ਲਈ ਬੇਹੱਦ ਉਪਰਾਲਿਆ ਦੀ ਜ਼ਰੂਰਤ ਹੈ। ਇਸ ਲਈ ਖਾਣ-ਪੀਣ, ਜੀਵਨ ਜੀਉਣ ਦੀ ਜਾਂਚ ਅਤੇ ਮੈਡੀਕਲ ਪੁਣਛਾਣ ਦੀ ਦੇਸ਼ ਵਾਸੀਆਂ ਨੂੰ ਖਾਸ ਜ਼ਰੂਰਤ ਹੈ। ਪਰਮਾਤਮਾ ਭਲਾ ਕਰੇ।

# ਕੀ ਪੰਜਾਬ ਵਿਚ ਝੋਨੇ ਦੀ ਕਾਸ਼ਤ ਘੱਟ ਕੀਤੀ ਜਾ ਸਕਦੀ ਹੈ?

ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)



ਆਜ਼ਾਦੀ ਤੋਂ ਬਾਅਦ ਜਿਵੇਂ-ਜਿਵੇਂ ਖੇਤੀ ਨੇ ਤਰੱਕੀ ਕੀਤੀ, ਕਣਕ ਦੇ ਨਾਲ-ਨਾਲ ਝੋਨੇ ਹੇਠ ਵੀ ਰਕਬਾ ਵੱਧਣ ਲੱਗਾ। ਸਾਲ 1950-51 ਵਿਚ ਝੋਨੇ ਹੇਠ ਰਕਬਾ ਇੱਕ ਲੱਖ ਵੀਹ ਹਜ਼ਾਰ ਹੈਕਟੇਅਰ ਸੀ ਅਤੇ ਕੁੱਲ ਪੈਦਾਵਾਰ 1.07 ਲੱਖ ਟਨ ਸੀ ਜਾਂ ਕਹਿ ਲਉ ਤਕਰੀਬਨ 3.5 ਕੁਇੰਟਲ ਪ੍ਰਤੀ ਏਕੜ। ਇਸ ਦੀ ਬੀਜਾਈ ਪੰਜਾਬ ਦੇ ਮਾਝਾ ਖੇਤਰ ਵਿਚ ਕੀਤੀ ਜਾਂਦੀ ਸੀ। ਕੱਦੂ ਝੋਟਿਆਂ ਨਾਲ ਹਲ ਵਾਹ ਕੇ ਹੀ ਕੀਤਾ ਜਾਂਦਾ ਸੀ। 1967-68 ਵਿਚ ਜਦੋਂ ਹਰੀ ਕ੍ਰਾਂਤੀ ਸ਼ੁਰੂ ਹੋਈ, ਉਸ ਵੇਲੇ ਇਸ ਫ਼ਸਲ ਹੇਠ ਰਕਬਾ 3 ਲੱਖ 14 ਹਜ਼ਾਰ ਹੈਕਟੇਅਰ ਸੀ ਅਤੇ ਪੈਦਾਵਾਰ 4 ਲੱਖ 15 ਹਜ਼ਾਰ ਟਨ। 1984-85 ਵਿਚ ਇਸ ਫ਼ਸਲ ਹੇਠ ਰਕਬਾ 16 ਲੱਖ 44 ਹਜ਼ਾਰ ਹੈਕਟੇਅਰ ਅਤੇ ਪੈਦਾਵਾਰ 50 ਲੱਖ 54 ਹਜ਼ਾਰ ਟਨ।

ਇਹ ਉਹ ਸਮਾਂ ਸੀ, ਜਦੋਂ ਦੇਸ਼ ਖੁਰਾਕ ਵਿਚ ਆਤਮ ਨਿਰਭਰ ਹੋ ਗਿਆ ਸੀ ਅਤੇ ਸਾਡੇ ਝੋਨੇ ਦੀ ਮੰਗ ਘੱਟਣ ਲੱਗੀ ਸੀ। ਦੇਸ਼ ਵਿਚ 1987 ਵਿਚ ਸੋਕਾ ਅਤੇ 1988 ਦੇ ਪੰਜਾਬ ਵਿਚ ਹੜ੍ਹਾਂ ਨੇ ਧਾਨ ਦੀ ਕਦਰ ਪਵਾਈ ਰੱਖੀ ਅਤੇ ਵੇਚਣ ਵਿਚ ਕੋਈ ਦਿੱਕਤ ਨਹੀਂ ਆਈ। ਭਾਵੇ ਸੂਬੇ ਪੱਧਰ 'ਤੇ ਡਾਈਵਰਸੀਫ਼ਿਕੇਸ਼ਨ ਦੀਆਂ ਗੱਲਾਂ 1984-85 ਤੋਂ ਚੱਲਦੀਆਂ ਰਹੀਆਂ ਪਰ ਕੇਂਦਰ ਸਰਕਾਰ ਵਲੋਂ ਕਦੇ ਵੀ ਕਣਕ-ਝੋਨੇ ਦੀ ਪੈਦਾਵਾਰ ਦੇ ਟੀਚੇ ਘਟਾਏ ਨਹੀਂ ਗਏ। ਕੇਂਦਰ ਦੇ ਖੇਤੀਬਾੜੀ ਮੰਤਰਾਲੇ ਨੇ ਦੇਸ਼ ਦੇ ਕਣਕ-ਝੋਨੇ ਦੀ ਪੈਦਾਵਾਰ ਦੇ ਟੀਚੇ 2022-23 ਲਈ ਵੀ ਵਧਾਏ ਹੀ ਹਨ। ਦੂਜੇ ਪਾਸੇ ਖੁਰਾਕ ਮੰਤਰਾਲਾ ਵੀਹਵੀਂ ਸਦੀ ਤੋਂ ਹੀ ਇਹ ਫਸਲਾਂ ਖਰੀਦਣ ਤੋਂ ਨਖਰੇ ਕਰੀ ਜਾਂਦਾ ਰਿਹਾ ਹੈ ਅਤੇ ਇਸ ਹਾੜੀ ਵਿਚ ਪਹਿਲੀ ਵਾਰ ਕਣਕ ਦੀ ਪੈਦਾਵਾਰ ਵਧਾਉਣ ਨੂੰ ਕਿਹਾ ਹੈ।

## ਝੋਨੇ ਹੇਠਾ ਰਕਬਾ ਕਿਉਂ ਵਧਿਆ:-

ਕਿਸੇ ਵੇਲੇ ਪੰਜਾਬ ਵਿਚ 7 ਲੱਖ ਹੈਕਟੇਅਰ ਰਕਬਾ ਸੇਮ ਹੇਠਾਂ ਸੀ। ਪਹਿਲਾ ਸੇਮ ਮਾਝੇ ਵਿਚ ਆਈ, ਫਿਰ ਦਰਿਆਵਾਂ ਦੇ ਨੇੜਲੇ ਇਲਾਕਿਆਂ ਵਿਚ ਆਈ, ਫਿਰ ਮਾਲਵੇ ਵੱਲ ਵਧੀ। 1961 ਵਿਚੋਂ ਹਰੀਕੇ ਤੋਂ ਨਿਕਲਦੀਆਂ ਨਹਿਰਾਂ ਨੇ ਬਲਦੀ 'ਤੇ ਤੇਲ ਪਾਉਣ ਵਾਲੀ ਗੱਲ ਕੀਤੀ। ਜਿਥੇ ਸੇਮ ਆ ਗਈ, ਉਥੇ ਕੱਲਰ ਵੀ ਬਣ ਜਾਂਦਾ ਹੈ। ਇਨ੍ਹਾਂ ਜ਼ਮੀਨਾਂ ਦੇ ਸੁਧਾਰ ਵਿਚ ਝੋਨੇ ਦੀ ਫ਼ਸਲ ਦਾ ਬਹੁਤ ਵੱਡਾ ਯੋਗਦਾਨ ਹੈ, ਕਿਉਂਕਿ ਬੰਜਰ ਜ਼ਮੀਨਾਂ ਵਹਿਕ ਹੋਈਆਂ ਸਨ, ਇਸ ਲਈ ਦੂਜੇ ਤੀਜੇ ਸਾਲ ਜਦੋਂ ਜ਼ਮੀਨਾਂ ਥੋੜੀਆਂ ਸੁਧਰ ਜਾਂਦੀਆ ਸਨ, ਤਾਂ ਪੈਦਾਵਾਰ ਵੀ ਦੂਜੀਆਂ ਜ਼ਮੀਨਾਂ ਨਾਲੋਂ ਜ਼ਿਆਦਾ ਦਿੰਦੀਆਂ ਸਨ। ਜਿਵੇਂ-ਜਿਵੇਂ ਲੋਕਾਂ ਨੂੰ ਝੋਨੇ ਦੇ ਝਾੜ ਦਾ ਪਤਾ ਲੱਗਦਾ ਗਿਆ, ਲੋਕਾਂ ਨੇ ਬੋਰ ਕਰਕੇ ਪਾਣੀ ਦਾ ਇੰਤਜ਼ਾਮ ਕਰਕੇ ਝੋਨੇ ਹੇਠ ਰਕਬਾ ਵਧਾਉਣਾ ਸ਼ੁਰੂ ਕਰ ਦਿੱਤਾ।



**ਬਿਜਲੀ ਦੇ ਕੁਨੈਕਸ਼ਨ** - ਬਿੱਜਲੀ ਦੇ ਬਿੱਲ ਲੱਗਦੇ ਸਨ। 1970-75 ਤੱਕ ਤਾਂ ਮੋਟਰਾਂ ਦੇ ਕੁਨੈਕਸ਼ਨ ਆਮ ਮਿਲ ਜਾਂਦੇ ਸਨ। ਉਸ ਤੋਂ ਬਾਅਦ ਸਰਕਾਰ ਨੇ ਇਕ ਸਕੀਮ ਕੱਢੀ। ਜੇ ਜ਼ਮੀਨ ਕੱਲਰ ਵਾਲੀ ਹੈ ਅਤੇ ਟਿਊਬਵੈਲ ਦਾ ਪਾਣੀ ਇਕ ਨੰਬਰ ਹੈ, ਤਾਂ ਕੁਨੈਕਸ਼ਨ ਪਹਿਲ ਦੇ ਆਧਾਰ 'ਤੇ ਮਿਲ ਜਾਂਦਾ ਸੀ। ਇਸੇ ਤਰ੍ਹਾਂ ਜਿਹੜਾ ਕਿਸਾਨ ਲਾਈਨ ਦਾ ਖਰਚਾ ਭਰ ਦਿੰਦਾ ਸੀ, ਉਸਨੂੰ ਭੀ ਤੁਰੰਤ ਕੁਨੇਕਸ਼ਨ ਮਿਲ ਜਾਂਦਾ ਸੀ ਜਾਂ ਇਕ-ਦੋ ਸਾਲ ਵਿਚ ਵਾਰੀ ਆ ਜਾਂਦੀ ਸੀ। ਕਿਉਂਕਿ ਬਿਜਲੀ ਬੋਰਡ ਨੂੰ ਬਿੱਲ ਮਿਲਦਾ ਸੀ। ਇਸ ਲਈ ਕੁਨੈਕਸ਼ਨ ਜਲਦੀ ਮਿਲ ਜਾਂਦਾ ਸੀ। ਪਾਣੀ ਦੇ ਇੰਤਜ਼ਾਮ ਨਾਲ ਝੋਨੇ ਹੇਠ ਰਕਬਾ ਵੱਧਦਾ ਗਿਆ। ਕੁਨੈਕਸ਼ਨਾਂ ਦੀ ਦਿੱਕਤ 1997 ਵਿਚ ਦੇ ਬਿਜਲੀ ਬਿੱਲ ਮਾਫ ਕਰਨ ਤੋਂ ਬਾਅਦ ਆਉਣ ਲੱਗੀ। ਮੰਗ ਵੱਧਦੀ ਗਈ ਪਰ ਸਰਕਾਰਾਂ ਨੇ ਹਰ ਵੋਟਾਂ ਤੋਂ ਪਹਿਲਾਂ ਆਪਣੇ ਚਹੇਤਿਆਂ ਨੂੰ ਕਿਸੇ ਨਾ ਕਿਸੇ ਕੈਟੇਗਰੀ ਵਿਚ ਪਾ ਕੇ ਕੁਨੈਕਸ਼ਨ ਦਿਤੇ ਪਰ ਜਿਨ੍ਹਾਂ ਨੇ ਕੋਈ ਸਿਫਾਰਸ਼ ਨਹੀਂ ਪਾਈ, ਉਹ ਲਿਸਟ ਅੱਜ ਵੀ ਸੰਨ 2000 ਤੋਂ ਪਿੱਛੇ ਹੀ ਖੜ੍ਹੀ ਹੈ। ਸਰਕਾਰਾਂ ਨੂੰ ਸਰਕਾਰੀ ਪੈਸੇ ਵੰਡਣ ਲੱਗਿਆਂ ਕੋਈ ਦਰਦ ਨਹੀਂ ਹੁੰਦਾ, ਜਿਨ੍ਹਾਂ ਨੇ ਇਸ ਸ਼ਰਤ 'ਤੇ ਕੁਨੈਕਸ਼ਨ ਲਏ ਸੀ ਕਿ ਸਾਨੂੰ ਕੁਨੈਕਸ਼ਨ ਦਿਉ, ਮੀਟਰ ਲਾਉ, ਅਸੀਂ ਬਿੱਲ ਦੇਵਾਂਗੇ। ਪਿਛਲੀ ਸਰਕਾਰ ਜਾਂਦੀ-ਜਾਂਦੀ, ਉਹ ਵੀ ਮਾਫ ਕਰ ਗਈ। ਖੇਤੀ ਵਿਚ ਮੰਗ ਕਿੰਨੀ ਘੱਟਦੀ ਹੈ, ਇਹ ਬਦਲਦੀ ਫਸਲ ਜਿਹੜੀ ਝੋਨੇ ਦੀ ਜਗ੍ਹਾ ਲਵੇਗੀ, ਉਸ 'ਤੇ ਨਿਰਭਰ ਕਰਦਾ ਹੈ।

**ਮਸ਼ੀਨਰੀ ਦੀ ਵਰਤੋਂ**- ਝੋਨੇ ਤੋਂ ਇਲਾਵਾ ਸਾਉਣੀ ਦੀ ਕੋਈ ਹੋਰ ਫਸਲ ਨਹੀਂ, ਜਿਹੜੀ ਮਸ਼ੀਨ ਨਾਲ ਕੱਟ ਕੇ ਖੇਤ ਤੋਂ ਸਿੱਧੀ ਮੰਡੀ ਜਾਂ ਸ਼ੈਲਰ ਵਿਚ ਪਹੁੰਚ ਜਾਵੇ। ਇਸ ਫ਼ਸਲ ਵਿਚ ਜ਼ਿਆਦਾ ਲੈਬਰ ਦੀ ਲੋੜ ਸਿਰਫ ਲਵਾਈ ਵੇਲੇ ਪੈਂਦੀ ਹੈ, ਬਾਕੀ ਫਸਲਾਂ ਮੱਕੀ, ਨਰਮਾ, ਕਪਾਹ, ਮੂੰਗੀ ਆਦਿ ਜੋ ਭੀ ਹਨ, ਉਨ੍ਹਾਂ ਦਾ ਇਕ ਤਾਂ ਝਾੜ ਵਿਚ ਕਾਫੀ ਉਤਰਾਅ-ਚੜ੍ਹਾਅ ਹੋ ਜਾਂਦਾ ਹੈ, ਦੂਜਾ ਭਾਅ ਵਿਚ ਅਤੇ ਤੀਜਾ ਕਟਾਈ ਵੇਲੇ ਕਿਸਾਨ ਨੂੰ ਲੇਬਰ 'ਤੇ ਖਰਚਾ ਜ਼ਿਆਦਾ ਪੈਂਦਾ ਹੈ ਅਤੇ ਸਮਾਂ ਵੀ ਵੱਧ ਲੱਗਦਾ ਹੈ।

**ਜ਼ਮੀਨੀ ਸੁਧਾਰ**- ਝੋਨੇ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜ਼ਮੀਨਾਂ ਵਿਚ ਸੁਧਾਰ। ਜ਼ਮੀਨ ਵਿਚੋਂ ਕੱਲਰ, ਸੇਮ ਦੂਰ, ਮੂੰਗਫਲੀ ਵਾਲੀ ਜ਼ਮੀਨ ਵਿਚੋਂ ਰੇਤ ਇਕੱਠਾ ਕਰਕੇ ਹੇਠੋਂ ਦਰਮਿਆਨੀ ਜ਼ਮੀਨ ਕੱਢ ਕੇ ਇਕ ਸਾਰ ਖੇਤ ਅਤੇ ਫਸਲ ਨਜ਼ਰ ਆਉਂਦੀ ਹੈ। ਬਰੂ, ਮਧਾਣਾ, ਬਾਥੂ ਅਤੇ ਸਵਾਂਕ ਵਰਗੇ ਨਦੀਨਾਂ ਦਾ ਖਾਤਮਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਉਤਪਾਦਕਤਾ ਵਿਚ ਵਾਧਾ ਹੋਇਆ।

**ਆਰਥਿਕਤਾ**- ਝੋਨੇ ਦੀ ਫਸਲ ਨੇ ਸਮੁੱਚੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਅਤੇ ਕਿਸਾਨ, ਮਜ਼ਦੂਰ, ਹਰ ਤਰ੍ਹਾਂ ਦੀ ਮਸ਼ੀਨਰੀ ਦੇ ਉਤਪਾਦਕ ਅਤੇ ਵਪਾਰੀ ਤੱਕ ਲਾਭ ਪਹੁੰਚਾਇਆ ਹੈ। ਸਰਕਾਰ ਨੂੰ ਵੀ ਇਸ ਤੋਂ ਚੋਖਾ ਲਾਭ ਪ੍ਰਾਪਤ ਹੋਇਆ ਹੈ ਕਿਉਂਕਿ ਇਹ ਦੌਲਤ ਦਾ ਮੁੱਢਲਾ ਸਰੋਤ ਹੈ, ਜਿਸ ਤੋਂ ਅੱਗੇ ਦੂਜੇ ਅਤੇ ਤੀਜੇ ਦਰਜੇ ਦੀ ਦੌਲਤ ਵੀ ਪੈਦਾ ਹੁੰਦੀ ਹੈ। ਅੱਜ ਪਿੰਡਾਂ ਵਿਚ ਕੋਠੀਆਂ, ਕਾਰਾਂ ਅਤੇ ਜ਼ਿੰਦਗੀ ਜਿਉਣ ਦੀਆਂ ਚੰਗੀਆਂ ਸਹੂਲਤਾਂ ਦਿਸ ਰਹੀਆਂ ਹਨ। ਇਨ੍ਹਾਂ ਵਿਚ ਝੋਨੇ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਪੇਸੈ ਨਾਲ ਕਿੰਨੀ ਇੰਡਸਟਰੀ ਅਤੇ ਵਪਾਰ ਵੱਧਿਆ ਅਤੇ ਸਰਕਾਰ ਨੂੰ ਸੇਲ ਟੈਕਸ, ਵੈਟ ਅਤੇ ਜੀ.ਐੱਸ.ਟੀ. ਵੀ ਮਾਲੀਏ ਦੇ ਰੂਪ ਵਿਚ ਮਿਲਿਆ, ਉਸ ਦਾ ਅੰਦਾਜ਼ਾ ਤੁਸੀਂ ਆਪ ਲਗਾ ਸਕਦੇ ਹੋ। ਥੋੜਾ ਜਿਹਾ ਡੂੰਘਾਈ ਨਾਲ ਸੋਚੋ, ਤਾਂ ਹਰ ਸ਼ਹਿਰੀ ਵੀ ਪਿੰਡਾਂ ਵਾਲਿਆਂ ਦੀ ਫਸਲ 'ਤੇ ਪਲਦਾ ਹੈ। ਜਿਹੜੀ ਵੀ ਫਸਲ ਅੱਜ ਝੋਨੇ ਦਾ ਬਦਲ ਬਣਦੀ ਹੈ, ਉਹ ਉਨੇ ਪੈਸੇ ਨਹੀਂ ਦਿੰਦੀ। ਆਮ ਲੋਕ ਪਹਿਲਾਂ ਹੀ ਮਹਿੰਗਾਈ ਤੋਂ ਪ੍ਰੇਸ਼ਾਨ ਹਨ। ਘਟੀ ਆਮਦਨ ਨੂੰ ਕਿਥੋਂ ਪੂਰਾ ਕੀਤਾ ਜਾਵੇਗਾ, ਸੋਚਣ ਦੀ ਲੋੜ ਹੈ।

**ਖੁਰਾਕੀ ਸਮੱਸਿਆ**:- ਝੋਨੇ ਦਾ ਝਾੜ ਸਾਉਣੀ ਦੀਆਂ ਬਾਕੀ ਅਨਾਜ ਵਾਲੀਆਂ ਜਾਂ ਦਾਲਾਂ ਵਾਲੀਆਂ ਫਸਲਾਂ ਨਾਲੋਂ ਝਾੜ ਔਸਤ ਦੁਗਣੇ ਤੋਂ ਵੱਧ ਹੈ। ਅਜਿਹੇ ਵਿਚ ਝੋਨੇ ਨੂੰ ਬੰਦ ਕਰਨਾ ਕੀ ਦੇਸ਼ ਨੂੰ ਦੁਬਾਰਾ ਭੁੱਖਮਰੀ ਵੱਲ ਧੱਕਣ ਦੇ ਬਰਾਬਰ ਹੋਵੇਗਾ। ਦੂਜਾ ਕਣਕ ਬਾਹਰੋਂ ਮਿਲ ਜਾਂਦੀ ਹੈ, ਚੋਲ ਘੱਟ ਮਿਲਦੇ ਹਨ। ਇਨ੍ਹਾਂ ਹੀ ਨਹੀਂ, ਅੱਜ ਦੇਸ਼ ਦੋਨੋਂ ਕਿਸਮਾਂ ਦੇ ਚੋਲ ਫਾਈਨ ਅਤੇ ਸੁਪਰਫਾਇਨ ਬਾਹਰ ਭੇਜ ਕੇ ਬਾਹਰਲੀ ਮੁਦਰਾ ਕਮਾ ਰਿਹਾ ਹੈ। ਅਜਿਹੇ ਵਿਚ ਸੂਬੇ ਅਤੇ ਦੇਸ਼ ਦੀ ਆਰਥਿਕਤਾ ਵੀ ਪ੍ਰਭਾਵਿਤ ਹੋਵੇਗੀ।

**ਰੋਜ਼ਗਾਰ**:- ਝੋਨੇ ਨੇ ਪਿੰਡਾਂ ਤੋਂ ਇਲਾਵਾ ਸ਼ਹਿਰਾਂ ਵਿਚ ਵੀ ਹਰ ਗਰੀਬ-ਅਮੀਰ ਨੂੰ ਰੋਜ਼ਗਾਰ ਦਿੱਤਾ ਹੈ, ਇਹ ਵੱਖਰੀ ਗੱਲ ਹੈ ਕਿ ਅਮੀਰਾਂ ਨੇ ਸ਼ੈਲਰਾਂ, ਆਟੋਮੋਬਾਇਲ ਏਜੰਸੀਆਂ ਅਤੇ ਸ਼ੋਅ ਰੂਮ ਆਦਿ ਖੋਲ੍ਹ ਲਏ ਅਤੇ ਮੱਧ ਵਰਗ ਅਤੇ ਗਰੀਬ ਉਨ੍ਹਾਂ ਦੇ ਅੱਗੋਂ ਸਬ ਏਜੰਟ ਅਤੇ ਮੁਲਾਜ਼ਮ ਬਣ ਗਏ। ਜੇ ਬਦਲਵੀਂ ਫਸਲ ਨਾਲ ਕਿਸਾਨ ਦੀ ਆਮਦਨ ਘੱਟੇਗੀ, ਤਾਂ ਸਮਝੋ ਸਮੁੱਚੇ ਪੰਜਾਬ ਦੀ ਆਮਦਨ ਘੱਟੇਗੀ।

**ਪਾਣੀ**:- ਜਿਥੋਂ ਤੱਕ ਪਾਣੀ ਦਾ ਸਵਾਲ ਹੈ, ਧਰਤੀ ਹੇਠਲੇ ਪਾਣੀ ਦੇ ਨੈਗਟਿਵ ਬੇਲੇਂਸ ਦੇ ਬਹੁਤ ਸਾਰੇ ਕਾਰਨ ਹਨ, ਜਿਨ੍ਹਾਂ ਵਿਚ ਸਭ ਤੋਂ ਵੱਡਾ ਕਾਰਨ ਹੈ ਪੰਜਾਬ ਵਿਚ ਘਣੀ ਖੇਤੀ। ਪਰ ਝੋਨੇ ਨੂੰ ਵੀ ਬਰੀ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਦਾ ਬਦਲ ਸੋਚ ਵਿਚਾਰ ਕੇ ਲੱਭਣਾ ਚਾਹੀਦਾ ਹੈ।

**ਮਹਿੰਗੀ ਮਸ਼ੀਨਰੀ**:- ਪਨੀਰੀ ਵਾਲੇ ਝੋਨੇ ਲਈ ਕੱਦੂ ਕਰਨਾ ਜ਼ਰੂਰੀ ਸੀ, ਟਰੈਕਟਰਾਂ ਨੂੰ ਖੁੱਬਣ ਤੋਂ ਬਚਾਉਣ ਲਈ ਰਿਮਾਂ ਨਾਲ ਲੋਹੇ ਦੇ ਗਾਰਡ ਲਾਏ ਗਏ। ਪਰ ਉਸ ਨਾਲ ਕਣਕ ਵਿਚ ਪਹਿਲਾਂ ਪਾਣੀ ਲਾਉਣ ਮਗਰੋ ਜਾਂ ਬਾਰਸ਼ ਦਾ ਪਾਣੀ ਘੱਟ ਜੀਰਦਾ ਸੀ। ਉਸ ਲਈ ਖੇਤੀ ਇੰਜੀਨੀਅਰਾਂ ਵਲੋਂ ਚਿਸਲਰ ਦਿੱਤਾ ਗਿਆ। ਇਕ ਹਲ ਨਾਲ ਕੰਮ ਨਹੀਂ ਸੀ ਨਿੱਬੜਦਾ, ਮਿਸਤਰੀਆਂ ਨੇ ਚੁੰਝੂ ਹਲ ਬਣਾ ਦਿੱਤੇ। ਉਸ ਤੋਂ ਮਗਰੋਂ ਪਰਾਲੀ ਵਿਚ ਵਾਉਣ ਲਈ ਵੱਡੇ-ਵੱਡੇ ਉਲਟਾਵੇਂ ਹੱਲ ਕੱਢ ਦਿੱਤੇ। ਇਸ ਦੇ ਨਾਲ ਤੇਲ ਬਚਾਉਣ ਲਈ ਅਤੇ ਵਹਾਈ ਘਟਾਉਣ ਲਈ ਜ਼ੀਰੋ ਟਿਲ ਡਰਿਲ ਕੱਢ ਦਿੱਤੀ। ਤਰਾਸਦੀ ਵੇਖੋ, ਇਕ ਪਾਸੇ ਡੂੰਘੀ ਵਹਾਈ, ਦੂਜੇ ਪਾਸੇ ਜ਼ੀਰੋ ਟਿਲ ਡਰਿਲ। ਕੰਬਾਈਨ ਦੇ ਵੱਡ ਵਿਚ ਜ਼ੀਰੋ ਟਿਲ ਡਰਿਲ ਚੱਲਦੀ ਨਹੀਂ ਸੀ। ਕੰਬਾਈਨਾਂ 'ਤੇ ਜ਼ਬਰਦਸਤੀ ਐੱਸ.ਐੱਮ.ਐੱਸ. ਲਵਾ ਦਿੱਤੇ। ਜ਼ੀਰੋ ਟਿਲ ਡਰਿਲ ਫੇਰ ਨਹੀਂ ਚਲੀ। ਹੈਪੀਸੀਡਰ ਵਰਗੀਆਂ ਭਾਰੀਆਂ ਮਸ਼ੀਨਾਂ ਕੱਢ ਦਿੱਤੀਆਂ, ਜਿਹੜੀਆਂ 65 ਹਾਰਸ ਪਾਵਰ ਤੋਂ ਘੱਟ ਵਾਲੇ ਟਰੈਕਟਰ ਦੀ ਲਿਫਟ ਹੀ ਨਹੀਂ ਚੱਕਦੀ। ਜੇ ਲਿਫਟ ਚੁੱਕਦੀ ਹੈ, ਤਾਂ ਟਰੈਕਟਰ ਅੱਗੋਂ ਚੁਕਿਆ ਜਾਂਦਾ ਹੈ। ਇਹੋ ਜਿਹੀਆਂ ਮਸ਼ੀਨਾਂ ਖਰੀਦਣ ਨੂੰ ਸਬਸਿਡੀ ਕਿਸਾਨਾਂ ਨੂੰ ਦਿੱਤੀ ਗਈ ਪਰ ਵਾਰੇ ਨਿਆਰੇ ਸੰਦ ਬਣਾਉਣ ਵਾਲਿਆਂ ਦੇ ਹੋ ਗਏ। ਇਸ ਤੋਂ ਅੱਗੇ ਪਰਾਲੀ ਦੀ ਸੰਭਾਈ ਲਈ ਬਿਜਲੀ ਬਣਾਉਣ ਵਾਲੇ ਕਾਰਖਾਨੇ ਲਗਵਾਏ ਗਏ। ਅੱਜ ਅਗਰ ਫਸਲੀ ਚੱਕਰ ਬਦਲਿਆ ਜਾਂਦਾ ਹੈ, ਤਾਂ ਇਹ ਸਾਰੀ ਮਸ਼ੀਨਰੀ ਬੇਕਾਰ ਹੋ ਜਾਵੇਗੀ।

**ਨਿਚੋੜ**:- ਝੋਨਾ ਇਹੋ ਜਿਹੀ ਫ਼ਸਲ ਹੈ, ਜਿਸਦਾ ਰਕਬਾ ਘਟਾਇਆ ਜਾ ਸਕਦਾ ਹੈ ਪਰ ਇਸ ਨੂੰ ਛੱਡਿਆ ਨਹੀਂ ਜਾ ਸਕਦਾ। ਜੇ ਛੱਡਿਆ ਨਹੀਂ ਜਾ ਸਕਦਾ, ਤਾਂ ਬਾਇਓਟੈਕਨੋਲੋਜੀ ਦੀ ਸਹਾਇਤਾ ਨਾਲ ਝੋਨੇ ਦੀਆਂ ਕਿਸਮਾਂ, ਘੱਟ ਪਾਣੀ ਲੈਣ ਵਾਲੀਆਂ, ਪਨੀਰੀ ਲਾਉਣ ਤੋਂ ਬਾਅਦ ਥੋੜੇ ਸਮੇਂ ਵਿਚ ਪੱਕਣ ਵਾਲੀਆਂ ਅਤੇ ਜਿਨ੍ਹਾਂ ਦਾ ਦਾਣਿਆਂ ਅਤੇ ਪਰਾਲੀ ਦਾ ਅਨੁਪਾਤ ਘੱਟ ਹੋਵੇ, ਉਹ ਇਜ਼ਾਦ ਕੀਤੀਆਂ ਜਾਣ, ਤਾਂ ਕਿ ਪਾਣੀ ਅਤੇ ਪ੍ਰਦੂਸ਼ਣ ਦੀਆਂ ਦੋਵੇਂ ਸਮੱਸਿਆਵਾਂ ਹੱਲ ਹੋਣ। ਇਸ ਕੰਮ ਲਈ ਮਿਸ਼ਨ ਮੋਡ ਤਹਿਤ ਮਾਹਿਰਾਂ ਦੀ ਇਕ ਟੀਮ ਬਣਾਈ ਜਾਵੇ, ਜਿਸ ਨੂੰ ਲੋੜ ਅਨੁਸਾਰ ਖੁੱਲ੍ਹਾ ਪੈਸਾ ਸਿੱਧਾ ਪ੍ਰਿੰਸੀਪਲ ਇੰਨਵੇਸਟੀਗੇਟਰ ਨੂੰ ਦਿੱਤਾ ਜਾਵੇ। ਜਿਹੜਾ ਰਕਬਾ ਝੋਨੇ ਹੇਠੋਂ ਬਦਲਣਾ ਹੈ, ਉਸਦੇ ਲਈ ਮਾਰਕੀਟ ਇੰਟੇਲੀਜੈਂਸ ਦੀ ਸਹਾਇਤਾ ਨਾਲ ਵੱਧ ਕੀਮਤ ਵਾਲੀਆਂ ਫ਼ਸਲਾਂ ਚੁਣੀਆਂ ਜਾਣ, ਜੋ ਬਾਹਰ ਭੇਜੀਆਂ ਜਾ ਸਕਣ। ਉਨ੍ਹਾਂ ਦੀ ਬਰਾਮਦ ਵਿਚ ਸਾਡੀਆਂ ਸਰਕਾਰੀ ਏਜੰਸੀਆਂ ਮਾਰਕਫੈੱਡ ਪੰਜਾਬ ਐਗਰੋ ਆਦਿ ਸਹਾਇਤਾ ਕਰਨ।

# "ਕਦੇ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ ਚਰਖਾ"

## (ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ)

ਮਲਕੀਤ ਸਿੰਘ ਗਿੱਲ
(ਭੱਠਲਾਂ)
ਪਿੰਡ ਭੱਠਲਾਂ ਜ਼ਿਲ੍ਹਾ ਬਰਨਾਲਾ
ਸੰਪਰਕ : 79865-28225
(Punjab Mail USA)



ਚਰਖਾ ਸਾਡੇ ਸੱਭਿਆਚਾਰ ਦਾ ਅਹਿਮ ਹਿੱਸਾ ਰਿਹਾ ਹੈ, ਜਿਸ ਨਾਲ ਬਹੁਤ ਸਾਰੇ ਲੋਕ ਗੀਤ, ਲੋਕ ਬੋਲੀਆਂ ਜੁੜੇ ਹੋਏ ਹਨ, ਜਿਵੇਂ "ਜੋਗੀ ਉੱਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ", "ਚਰਖਾ ਮੈਂ ਕੱਤਦੀ ਤੰਦ ਤੇਰੀਆਂ ਯਾਦਾਂ ਦੇ ਪਾਵਾਂ",

"ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ"।

ਤਿੰਨ ਕੁ ਦਹਾਕੇ ਪਹਿਲਾਂ ਚਰਖਾ ਤਕਰੀਬਨ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ ਅਤੇ ਸੁਆਣੀਆਂ ਇਸ 'ਤੇ ਬੜੇ ਹੀ ਚਾਅ ਅਤੇ ਪ੍ਰੇਮ ਨਾਲ ਪੂਣੀਆਂ ਕੱਤਦੀਆਂ ਸਨ। ਛੋਟੀ ਉਮਰ ਵਿਚ ਹੀ ਲੜਕੀਆਂ ਨੂੰ ਚਰਖਾ ਕੱਤਣਾ ਸਿਖਾ ਦਿੱਤਾ ਜਾਂਦਾ ਸੀ। ਪਹਿਲਾਂ ਕਪਾਹ ਨੂੰ ਪਿੰਜ ਕੇ ਲੋਗੜ ਬਣਾ ਲਿਆ ਜਾਂਦਾ ਸੀ। ਕਪਾਹ ਵੇਲਣਿਆਂ ਉੱਪਰ ਕਪਾਹ ਵੇਲਣ ਵੇਲੇ ਇਸਦੇ ਬੜੇਵੇਂ ਅਲੱਗ ਹੋ ਜਾਂਦੇ ਸਨ, ਫਿਰ ਲੋਗੜ ਨੂੰ ਪਿੰਜ ਕੇ ਰੂੰ ਬਣਾ ਲਈ ਜਾਂਦੀ ਸੀ। ਉਸ ਤੋਂ ਬਾਅਦ ਪੂਲ਼ੇ ਦੀਆਂ ਕਾਨੀਆਂ ਦੇ ਨਾਲ ਪੂਣੀਆਂ ਵੱਟੀਆਂ ਜਾਂਦੀਆਂ ਸਨ। ਫਿਰ ਪੂਣੀਆਂ ਨੂੰ ਚਰਖੇ 'ਤੇ ਕੱਤ ਕੇ ਗਲੋਟੇ ਬਣਾਏ ਜਾਂਦੇ ਸਨ। ਸੂਤ ਤਿਆਰ ਕਰ ਕੇ ਅੱਗੇ ਕਈ ਢੰਗਾਂ ਦਾ ਕੱਪੜਾ ਬੁਣਿਆ ਜਾਂਦਾ ਸੀ।

ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਜੀ ਵੀ ਚਰਖਾ ਕੱਤਦੇ ਸਨ ਕਿਉਂਕਿ ਉਹ ਚਾਹੁੰਦੇ ਸਨ ਕਿ ਦੇਸ਼ ਦਾ ਹੀ ਕੱਪੜਾ ਬੁਣ ਕੇ ਪਹਿਨੋ, ਵਿਦੇਸ਼ੀ ਕੱਪੜੇ ਪਾਉਣ ਤੋਂ ਗੁਰੇਜ਼ ਕਰੋ। ਘਰੇ ਖੱਦਰ ਦਾ ਕੱਪੜਾ ਬਣਾ ਕੇ ਆਮ ਤੌਰ 'ਤੇ ਭਾਰਤ ਵਿਚ ਪਹਿਨਿਆ ਜਾਂਦਾ ਸੀ।

ਜਦੋਂ ਜ਼ਿਆਦਾ ਪੂਣੀਆਂ ਇਕੱਠੀਆਂ ਹੋ ਜਾਂਦੀਆਂ ਸਨ, ਤਾਂ ਕਈ ਕਈ ਕੁੜੀਆਂ ਇਕੱਠੀਆਂ ਹੋ ਕੇ ਸੋਪ ਪਾਉਂਦੀਆਂ ਸਨ, ਜਿਸ ਵਿਚ ਪੂਣੀਆਂ ਵੰਡ ਕੇ ਕੱਤਿਆ ਜਾਂਦਾ ਸੀ। ਮੈਂ ਬਚਪਨ ਵਿਚ ਵੇਖਿਆ ਹੈ ਕਿ ਕਿਵੇਂ ਧੀਆਂ-ਭੈਣਾਂ ਇਕੱਠੀਆਂ ਹੋ ਕੇ ਛੋਪ ਪਾਉਂਦੀਆਂ ਸਨ, ਜਿਸ ਨੂੰ ਭਨਿਆਰ ਕਹਿੰਦੇ ਸੀ ਅਤੇ ਸਾਰੀ-ਸਾਰੀ ਰਾਤ ਗੀਤ ਗਾਉਂਦਿਆਂ ਚਰਖੇ ਕੱਤਦੀਆਂ ਸਨ।

ਤਕਰੀਬਨ ਹਰ ਪਿੰਡ ਵਿਚ ਮਿਸਤਰੀ ਚਰਖਾ ਬਣਾ ਲੈਂਦੇ ਸਨ। ਫਿਰ ਵੀ ਕੁਝ ਥਾਵਾਂ ਦੇ ਚਰਖੇ ਬਹੁਤ ਮਸ਼ਹੂਰ ਸਨ, ਜਿਵੇਂ ਕਿ ਸਾਡੇ ਨੇੜੇ ਧਨੌਲਾ ਲੌਂਗੋਵਾਲ ਭਦੌੜ, ਤੁੰਗਾਂ ਭੀਖੀ ਹੰਡਿਆਇਆ, ਬਰਨਾਲਾ ਅਤੇ ਸ਼ੇਰਪੁਰ ਦੇ ਬਣੇ ਚਰਖੇ ਮਸ਼ਹੂਰ ਸਨ। ਮੇਰੇ ਪਿੰਡ ਦੇ ਗਿਆਨੀ ਸਾਉਣ ਸਿੰਘ ਹਜੂਰਾ ਸਿੰਘ ਗੁਰਦਿਆਲ ਸਿੰਘ ਅਤੇ ਨੇਕ ਸਿੰਘ ਮਿਸਤਰੀ ਵੀ ਚਰਖੇ ਤਿਆਰ ਕਰਦੇ ਸਨ।

ਮੇਰੀ ਭੈਣ ਦੇ ਸਹੁਰੇ ਪਿੰਡ ਤੁੰਗਾਂ ਵਿਖੇ ਮੇਰੇ ਜੀਜਾ ਜੀ ਲਛਮਣ ਸਿੰਘ ਅਕਸਰ ਚਰਖੇ ਬਣਾਉਂਦੇ ਮੈਂ ਵੇਖਦਾ ਰਿਹਾ ਹਾਂ।



ਚਰਖੇ ਦੇ ਭਾਗਾਂ ਬਾਰੇ ਥੋੜ੍ਹੇ ਦਿਨ ਪਹਿਲਾਂ ਤਲਵੰਡੀ ਅਕਲੀਆ ਤੋਂ ਆਈ ਮੇਰੀ ਭੈਣ ਕਰਨੈਲ ਕੌਰ ਨੇ ਦੱਸਿਆ ਕਿ ਜਿਸ ਢਾਂਚੇ 'ਤੇ ਸਾਰਾ ਕੁਝ ਫਿੱਟ ਕੀਤਾ ਜਾਂਦਾ ਸੀ, ਉਸ ਨੂੰ ਫੱਲੜ੍ਹ ਕਿਹਾ ਜਾਂਦਾ ਸੀ। ਫਿਰ ਇਸ ਉੱਪਰ ਖਰਾਦ 'ਤੇ ਤਿਆਰ ਕਰਕੇ ਮੁੰਨੇ ਗੁੱਡੀਆਂ ਤਰਤੀਬ ਨਾਲ ਫਿੱਟ ਕਰਕੇ ਗੁੱਝ ਵਿਚ ਮੰਝੇਰੂ ਪਾਕੇ ਫੱਟ ਫਿੱਟ ਕਰ ਦਿੱਤੇ ਜਾਂਦੇ ਸਨ। ਫੱਟਾਂ ਉਪਰ ਮਜ਼ਬੂਤ ਧਾਗਿਆਂ ਦੀ ਕਸ਼ਣ ਪਾਈ ਜਾਂਦੀ ਸੀ। ਗੁੱਡੀਆਂ ਵਿਚ ਚਰਮਖਾਂ ਪਾ ਕੇ ਤੱਕਲੇ ਦੀ ਬੀੜ੍ਹ ਬੰਨ੍ਹ ਕੇ ਤੱਕਲਾ ਫਿੱਟ ਕਰਦੇ ਸਨ। ਫਿਰ ਮਾਲ ਪਾਈ ਜਾਂਦੀ ਸੀ।

ਫਿਰ ਚਰਖੇ 'ਤੇ ਹੱਥੜਾ ਫਿੱਟ ਕਰਕੇ ਇਹ ਬਿਲਕੁਲ ਤਿਆਰ-ਬਰ-ਤਿਆਰ ਹੋ ਜਾਂਦਾ ਸੀ। ਚਰਖਾ ਆਮ ਤੌਰ 'ਤੇ ਰਹੂੜਾ ਟਾਹਲੀ ਜਾਂ ਚੰਦਨ ਦੀ ਲੱਕੜ ਤੋਂ ਤਿਆਰ ਕੀਤਾ ਜਾਂਦਾ ਸੀ ਅਤੇ ਇਸ ਨੂੰ ਰੰਗ ਕਰਕੇ ਫੁੱਲ-ਬੂਟੀਆਂ ਨਾਲ ਸਜਾਇਆ ਜਾਂਦਾ ਸੀ। ਇਸ ਦੇ ਫੱਟਾਂ ਅਤੇ ਮੁੰਨਿਆਂ 'ਤੇ ਤਾਂਬੇ, ਪਿੱਤਲ ਦੇ ਫੁੱਲ ਮੋਰ ਬਣਾ ਕੇ ਅਤੇ ਹੋਰ ਕਈ ਤਰ੍ਹਾਂ ਦੀ ਸਜਾਵਟ ਕੀਤੀ ਜਾਂਦੀ ਸੀ।

ਲੜਕੀਆਂ ਦੇ ਵਿਆਹ ਸਮੇਂ ਦਾਜ ਵਿਚ ਚਰਖਾ, ਮੰਜਾ, ਸਾਈਕਲ ਦਾਜ ਵਿਚ ਦੇਣ ਦਾ ਆਮ ਹੀ ਰਿਵਾਜ਼ ਸੀ।

ਚਰਖਾ ਸੁਆਣੀਆਂ ਲਈ ਆਮਦਨ ਦਾ ਸਾਧਨ ਵੀ ਰਿਹਾ ਹੈ। ਕਈ ਲੋੜਵੰਦ ਭੈਣਾਂ ਲੋਕਾਂ ਦੀ ਰੂੰ ਕੱਤਕੇ ਗੁਜਾਰੇ ਜੋਗੇ ਪੈਸੇ ਕਮਾ ਲੈਂਦੀਆਂ ਸਨ।

ਅੱਜਕੱਲ੍ਹ ਆਧੁਨਿਕ ਮਸ਼ੀਨਾਂ ਨਾਲ ਲੈਸ ਵੱਡੀਆਂ ਮਿਲਾਂ ਰਾਹੀਂ ਕੱਪੜਾ ਤਿਆਰ ਹੋ ਰਿਹਾ ਹੈ। ਸਾਡੇ ਨੌਜਵਾਨ ਬਰਾਂਡਿਡ ਕੱਪੜੇ ਪਾਉਣ ਦੇ ਸ਼ੌਕੀਨ ਹੋ ਗਏ ਹਨ। ਬਹੁਤ ਤੇਜ਼ੀ ਨਾਲ ਵਿਦੇਸ਼ੀ ਕਾਰੋਬਾਰ ਸਾਡੇ ਦੇਸ਼ ਵਿਚ ਫੈਲ ਰਿਹਾ ਹੈ, ਜਿਸ ਕਰਕੇ ਘਰੇਲੂ ਵਸਤੂਆਂ ਅਲੋਪ ਹੋ ਰਹੀਆਂ ਹਨ ਅਤੇ ਅਸੀਂ ਮਹਿੰਗੀਆਂ ਚੀਜ਼ਾਂ ਖ਼ਰੀਦਣ ਲਈ ਮਜਬੂਰ ਹੋ ਗਏ ਹਾਂ। ਜਿੱਥੋਂ ਤੱਕ ਹੋ ਸਕੇ ਘਰੇ ਬਣਾਈਆਂ ਵਸਤੂਆਂ ਖਰੀਦ ਕੇ ਅਸੀਂ ਅਪਣੀ ਮਿਹਨਤ ਨਾਲ ਕੀਤੀ ਕਮਾਈ ਨੂੰ ਵੀ ਬਚਾ ਸਕਦੇ ਹਾਂ।

ਚਰਖਾ ਹੁਣ ਬੱਸ ਸਟੇਜਾਂ ਦਾ ਸ਼ਿੰਗਾਰ ਹੀ ਬਣਕੇ ਰਹਿ ਗਿਆ ਹੈ, ਨਾ ਉਹ ਚਰਖੇ ਹਨ, ਨਾ ਉਹ ਕੱਤਣ ਵਾਲੀਆਂ ਹਨ। ਸਾਨੂੰ ਸਾਡੇ ਸੱਭਿਆਚਾਰਕ ਵਿਰਸੇ ਦੀ ਸੰਭਾਲ ਕਰਨੀ ਚਾਹੀਦੀ ਹੈ। ਸੋ ਚਰਖਾ ਵੀ ਬੀਤੇ ਦੀ ਬਾਤ ਬਣ ਕਰ ਰਹਿ ਗਿਆ ਹੈ।

# 15 ਫਰਵਰੀ 1915 ਦੀ ਸਿੰਘਾਪੁਰ ਦੀ ਬਗਾਵਤ ਦੇ ਫੌਜੀ ਸੂਰਬੀਰਾਂ ਦਾ ਅਣਗੌਲਿਆ ਕਾਂਡ

-ਕੰਵਲਬੀਰ ਸਿੰਘ ਪਨੂੰ
ਨੌਸ਼ਹਿਰਾ ਪਨੂੰਆਂ, ਤਰਨ ਤਾਰਨ
ਮੋਬ : 987798068
(Punjab Mail USA)



ਭਾਰਤ ਨੂੰ ਅੰਗਰੇਜ਼ੀ ਸ਼ਾਸਨ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਚੱਲੇ ਸੰਘਰਸ਼ ਵਿਚ ਗਦਰ ਲਹਿਰ ਦੌਰਾਨ ਭਾਰਤੀ ਫੌਜੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਫੌਜੀ ਦੇਸ਼ ਭਗਤਾਂ ਨੇ ਜੱਦੋ-ਜਹਿਦ ਕਰਦਿਆਂ ਅਣਗਿਣਤ ਤਸੀਹੇ ਤੇ ਕਸ਼ਟ ਝੱਲੇ ਅਤੇ ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ। ਸੈਂਕੜੇ ਫੌਜੀਆਂ ਨੂੰ ਕੋਰਟ ਮਾਰਸ਼ਲ ਕਰਕੇ ਗੋਲੀਆਂ ਨਾਲ ਉਡਾਇਆ ਗਿਆ, 70 ਤੋਂ ਵੱਧ ਨੂੰ ਫਾਂਸੀ ਦਿੱਤੀ ਗਈ ਤੇ 190 ਤੋਂ ਉਪਰ ਨੂੰ ਉਮਰ ਕੈਦ ਤੇ ਜਲਾਵਤਨੀ, ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਇਸ ਲੇਖ ਵਿਚ ਅਸੀਂ ਸਿੰਘਾਪੁਰ ਦੀ ਛਾਉਣੀ ਵਿਚਲੀ 5ਵੀਂ ਲਾਈਟ ਇੰਨਫੈਂਟਰੀ (ਪਲਟਨ) ਦੇ ਬਹਾਦਰ ਫੌਜੀ ਯੋਧੇ ਜਿਨ੍ਹਾਂ ਨੇ ਵਿਦੇਸ਼ੀ ਧਰਤੀ 'ਤੇ ਹੋਣ ਦੇ ਬਾਵਜੂਦ ਵੀ 15 ਫਰਵਰੀ 1915 ਦੇ ਦਿਨ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਬਗਾਵਤ ਕਰਕੇ ਅੰਗਰੇਜ਼ੀ ਸ਼ਾਸਨ ਨੂੰ ਭਾਜੜਾਂ ਪਾ ਦਿੱਤੀਆਂ ਸਨ, ਦੀ ਵੀਰ ਗਾਥਾ ਬਿਆਨ ਕਰਨ ਜਾ ਰਹੇ ਹਾਂ।

ਆਜ਼ਾਦੀ ਸੰਘਰਸ਼ ਦੌਰਾਨ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿਚ ਵੱਖ-ਵੱਖ ਸਮੇਂ ਕਈ ਆਜ਼ਾਦੀ ਲਹਿਰਾਂ ਚੱਲੀਆਂ। ਉਨ੍ਹਾਂ ਵਿਚੋਂ ਇੱਕ ਆਜ਼ਾਦੀ ਲਹਿਰ ਸੀ, ਗਦਰ ਪਾਰਟੀ ਲਹਿਰ ਜਿਸਦਾ ਆਰੰਭ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਭਾਰਤ ਤੋਂ ਬਾਹਰ ਦੂਰ ਕੈਨੇਡਾ ਤੇ ਅਮਰੀਕਾ ਦੀ ਧਰਤੀ 'ਤੇ ਰੋਜ਼ੀ-ਰੋਟੀ ਤੇ ਚੰਗੇ ਭਵਿੱਖ ਲਈ ਗਏ ਭਾਰਤੀਆਂ ਦੁਆਰਾ ਕੀਤਾ ਗਿਆ। ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ। ਪਾਰਟੀ ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਅਤੇ ਗੈਰ ਫਿਰਕੂ ਰਾਜ ਦੀ ਸਥਾਪਨਾ ਕਰਨਾ ਸੀ, ਜਿਸਦੀ ਪ੍ਰਾਪਤੀ ਲਈ ਭਾਰਤ ਦੇ ਆਮ ਲੋਕਾਂ ਅਤੇ ਫੌਜੀਆਂ ਦੀ ਮਦਦ ਨਾਲ ਹਥਿਆਰਬੰਦ ਸੰਘਰਸ਼ ਕਰਨ ਦੀ ਲੋੜ ਸੀ। ਇਸ ਕਾਰਜ ਲਈ ਲੋਕ ਜਾਗ੍ਰਿਤੀ ਜ਼ਰੂਰੀ ਸੀ। ਗਦਰ ਪਾਰਟੀ ਵੱਲੋਂ ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਯੁੱਧ ਦੀਆਂ ਤਿਆਰੀਆਂ ਅਜੇ ਪੂਰੀਆਂ ਵੀ ਨਹੀਂ ਹੋਈਆਂ ਸਨ ਕਿ ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਛਿੜ ਗਿਆ। ਇਸ ਵਿਚ ਅੰਗਰੇਜ਼ ਬੁਰੀ ਤਰ੍ਹਾਂ ਫਸ ਗਏ। ਗਦਰੀ ਆਗੂਆਂ ਨੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਲਈ ਇਹ ਮੌਕਾ ਢੁੱਕਵਾਂ ਜਾਣਿਆ। ਪਾਰਟੀ ਨੇ 5 ਅਗਸਤ, 1914 ਨੂੰ ਐਲਾਨ-ਏ-ਜੰਗ ਕਰ ਦਿੱਤਾ। ਸੈਂਕੜੇ ਗਦਰੀ ਵੱਖ-ਵੱਖ ਜਹਾਜ਼ਾਂ ਰਾਹੀਂ ਭਾਰਤ ਵੱਲ ਚੱਲ ਪਏ। ਅਜੋਕੇ ਸੰਚਾਰ ਸਾਧਨਾਂ ਦੀ ਅਣਹੋਂਦ ਦੇ ਬਾਵਜੂਦ ਵੀ ਇਨ੍ਹਾਂ ਆਜ਼ਾਦੀ ਪਰਵਾਨਿਆਂ ਨੇ ਪੂਰਾ ਨੈੱਟਵਰਕ ਕਾਇਮ ਕਰ ਲਿਆ। ਬਹੁਤ ਸਾਰੇ ਗਦਰੀ ਪਲਟਣਾਂ ਵਿਚ ਭਰਤੀ ਹੋ ਗਏ। ਉਨ੍ਹਾਂ ਵੱਲੋਂ ਬਹੁਤ ਸਾਰੀਆਂ ਫੌਜੀ ਛਾਉਣੀਆਂ ਵਿਚ ਜਾ ਕੇ ਭਾਰਤੀ ਫੌਜੀਆਂ ਨੂੰ ਗਦਰ ਵਿਚ ਸਾਥ ਦੇਣ ਲਈ ਸਹਿਮਤ ਕਰ ਲਿਆ। ਦੇਸ਼ ਤੋਂ ਬਾਹਰ ਹਾਂਗਕਾਂਗ, ਸਿੰਘਾਪੁਰ, ਰੰਗੂਨ, ਪੀਨਾਂਗ ਆਦਿ ਵਿਚਲੀਆਂ ਭਰਤੀ ਫੌਜਾਂ ਵਿਚ ਵੀ ਗਦਰੀਆਂ ਦਾ ਚੰਗਾ ਪ੍ਰਭਾਵ ਬਣ ਚੁੱਕਾ ਸੀ। ਬਹੁਤ ਸਾਰੀਆਂ ਫੌਜੀ ਛਾਉਣੀਆਂ ਵਿਚ ਹੋਈਆਂ ਬਗਾਵਤਾਂ 'ਚੋਂ ਇੱਕ ਸੀ ਸਿੰਗਾਪੁਰ ਵਿਚਲੀ 5ਵੀਂ ਨੇਟਿਵ ਲਾਈਟ ਇੰਨਫੈਂਨਟਰੀ (ਪਲਟਨ) ਦੀ ਬਗਾਵਤ।



ਸਰਕਾਰੀ ਰਿਕਾਰਡ ਅਨੁਸਾਰ ਸਤੰਬਰ, ਅਕਤੂਬਰ 1914 ਦੌਰਾਨ ਬਾਹਰਲੇ ਦੇਸ਼ਾਂ ਤੋਂ ਆਏ ਗਦਰੀਆਂ ਹੀਰਾ ਸਿੰਘ ਚਰੜ, ਮੁਜਤਬਾ ਹੁਸੈਨ, ਜੀਵਨ ਸਿੰਘ ਫੇਲੋਕੇ ਤੇ ਗਿਆਨ ਚੰਦ ਮੋਰੀ ਮਰਲ ਅਦਿ ਨੇ ਸਿੰਘਾਪੁਰ ਦੀਆਂ ਪਲਟਨਾਂ ਵਿਚ ਗਦਰ ਦਾ ਪ੍ਰਚਾਰ ਕੀਤਾ, ਜਿਸਦੇ ਸਿੱਟੇ ਵਜੋਂ ਇਥੇ ਰਹਿੰਦੀ 5ਵੀਂ ਨੇਟਿਵ ਲਾਈਟ ਇੰਨਫੈਂਨਟਰੀ (ਪਲਟਨ) ਦੀ ਬਗਾਵਤ ਹੋਈ। ਇਸ ਪਲਟਨ ਦੇ ਬਹੁਤੇ ਜਵਾਨ ਪੰਜਾਬੀ ਮੁਸਲਮਾਨ ਸਨ। ਬਗਾਵਤ ਦੇ ਸਮੇਂ ਸਿੰਘਾਪੁਰ ਵਿਚ ਸਿਰਫ ਇਹ ਹੀ ਇੱਕ ਸਿਖਲਾਈ ਪ੍ਰਾਪਤ ਪਲਟਨ ਸੀ।

ਅਸਲ ਵਿਚ ਬਹਾਦਰ ਫੌਜੀਆਂ ਨੇ 15 ਫਰਵਰੀ 1915 ਸ਼ਾਮ ਨੂੰ 8 ਵਜੇ, ਜਦੋਂ ਅਫਸਰਾਂ ਨੇ ਖਾਣੇ 'ਤੇ ਬੈਠ ਜਾਣਾ ਸੀ, ਉਸ ਸਮੇਂ ਗਦਰ ਦੀ ਯੋਜਨਾ ਬਣਾਈ ਸੀ। ਇਸ ਬਾਰੇ ਅਫਸਰਾਂ ਨੂੰ ਕੁਝ ਸ਼ੱਕ ਹੋ ਗਿਆ ਤੇ 15 ਫਰਵਰੀ ਦੀ ਸਵੇਰ ਨੂੰ ਹੀ ਪਲਟਨ ਨੂੰ ਹੁਕਮ ਸੁਣਾ ਦਿੱਤਾ ਕਿ ਉਨ੍ਹਾਂ ਨੂੰ ਕੱਲ੍ਹ ਹੀ ਹਾਂਗਕਾਗ ਰਵਾਨਾ ਕਰਨਾ ਹੈ, ਇਸ ਲਈ ਅੱਜ ਹੀ ਸ਼ਾਮ ਨੂੰ ਹਥਿਆਰ ਜਮਾਂ ਕਰਾ ਦੇਣ। ਇਸ ਹਾਲਤ ਨੂੰ ਦੇਖ ਕੇ ਫੌਜੀਆਂ ਨੇ ਨੀਯਤ ਸਮੇਂ ਤੋਂ ਪਹਿਲਾਂ ਹੀ ਗਦਰ ਸ਼ੁਰੂ ਕਰਨ ਦਾ ਦਾ ਫੈਸਲਾ ਕੀਤਾ। 15 ਫਰਵਰੀ 1915 ਸੋਮਵਾਰ ਦਾ ਦਿਨ ਸੀ ਤੇ ਚੀਨੀ ਨਵੇਂ ਸਾਲ ਦਾ ਪਹਿਲਾ ਦਿਨ ਹੋਣ ਕਾਰਨ ਸਿੰਘਾਪੁਰ 'ਚ ਜਨਤਕ ਛੁੱਟੀ ਸੀ। ਸ਼ਹਿਰ ਦੇ ਲੋਕ ਨਵੇਂ ਸਾਲ ਦੀ ਪਟਾਖਿਆਂ ਦੀਆਂ ਲੜੀਆਂ 'ਚ ਆਪਣੇ ਘਰਾਂ ਦੀਆਂ ਉਪਰਲੀ ਮੰਜ਼ਿਲਾਂ ਦੀਆਂ ਬਾਰੀਆ 'ਚੋਂ ਹੇਠਾਂ ਗਲੀਆਂ ਵਿਚ ਛੋਟੇ ਪਟਾਖਿਆਂ ਦੀਆਂ ਲੜੀਆਂ ਚਲਾ ਰਹੇ ਸਨ। ਯੂਰਪੀਨ ਲੋਕ ਜਿਨ੍ਹਾਂ ਵਿਚ ਅੰਗਰੇਜ਼, ਜਰਮਨ, ਫਰੈਂਚ ਆਦਿ ਤੈਰਾਕੀ, ਟੈਨਿਸ ਜਾਂ ਪੋਲੋ ਆਦਿ ਦੇ ਮਨੋਰੰਜਨ 'ਚ ਲੱਗੇ ਹੋਏ ਸਨ। ਸ਼ਹਿਰ ਤੋਂ 5 ਕਿਲੋਮੀਟਰ ਦੂਰ ਐਲਗਜੈਂਡਰਾ ਬਾਰਕਾਂ ਵਿਚ 5ਵੀਂ ਲਾਈਟ ਇੰਨਫੈਂਟਰੀ ਦੇ ਜਵਾਨਾਂ ਦੀ ਵਿਦਾਇਗੀ ਦੀ ਯਾਦਗਰੀ ਪਰੇਡ ਸ਼ੁਰੂ ਹੋ ਚੁੱਕੀ ਸੀ, ਕਿਉਂਕਿ ਉਸ ਨੂੰ ਹੁਣ ਹਾਂਗਕਾਂਗ ਭੇਜਿਆ ਜਾ ਰਿਹਾ ਸੀ। ਇਹ ਸਗਾਗਮ ਕਰਨਲ ਮਾਰਟਿਨ ਦੀ ਅਗਵਾਈ ਹੇਠ ਹੋ ਰਿਹਾ ਸੀ। ਬ੍ਰਿਗੇਡੀਅਰ ਜਨਰਲ ਰਿਡਾਊਟ ਸਲਾਮੀ ਲਈ ਪਹੰਚ ਚੁੱਕਾ ਸੀ। ਰਿਡਾਊਟ ਨੂੰ ਰੈਜੀਮੈਂਟ 'ਤੇ ਕੱਝ ਸ਼ੱਕ ਸੀ, ਪਰੇਡ ਦੇ ਸਮੇਂ ਉਸ ਨੇ ਨੋਟ ਕੀਤਾ ਕਿ ਸੱਜੇ ਵਿੰਗ ਨੇ ਵਧੀਆ ਤਰੀਕੇ ਨਾਲ ਮਾਰਚ ਨਹੀਂ ਕੀਤਾ ਸੀ, ਜਵਾਨ ਆਪਸ 'ਚ ਗੱਲਬਾਤ ਕਰ ਰਹੇ ਸਨ। ਇਹ ਇੰਸਪੈਕਸ਼ਨ ਇੱਕ ਘੰਟਾ ਚੱਲੀ ਸੀ, ਉਪਰੰਤ ਜਨਰਲ ਰਿਡਾਊਟ ਆਪਣੀ ਸਰਕਾਰੀ ਰਿਹਾਇਸ਼ ਟੈਂਗਲਿਨ ਚਲਾ ਗਿਆ ਤੇ ਇੰਨਫੈਂਟਰੀ ਜਵਾਨ ਆਪਣੀ ਰਵਾਨਗੀ ਦੀ ਤਿਆਰੀ ਕਰਨ ਚਲੇ ਗਏ।

ਹੁੰਮਸ ਭਰੀ ਸ਼ਾਮ ਨੂੰ 3 ਵਜੇ ਜਦੋਂ ਅਧਿਕਾਰੀ ਫੌਜੀਆਂ ਤੋਂ ਹਥਿਆਰ ਜਮਾਂ ਕਰਵਾਉਣ ਲੱਗੇ, ਤਾਂ ਅਚਾਨਕ ਬਿਨਾਂ ਕਿਸੇ ਚੇਤਾਵਨੀ ਦੇ ਪੂਰੀ ਪਲਟਨ ਨੇ ਵਿਦਰੋਹ ਕਰ ਦਿੱਤਾ। ਸਭ ਤੋਂ ਪਹਿਲਾਂ ਨੌਜਵਾਨ ਸਿਪਾਹੀ ਇਸਮਾਇਲ ਖਾਂ ਨੇ ਸੰਤਰੀ ਦੀ ਪੋਸਟ ਛੱਡ ਦਿੱਤੀ ਤੇ ਇੱਕ ਗੋਲੀ ਚਲਾ ਕੇ ਬਗਾਵਤ ਦਾ ਸਿਗਨਲ ਦੇ ਦਿੱਤਾ। ਅਸਲਾ ਜਮ੍ਹਾ ਕਰਵਾਉਣ ਵਾਲੇ ਅੰਗਰੇਜ਼ ਨੂੰ ਗੋਲੀ ਮਾਰ ਦਿੱਤੀ। ਹੋਰ ਵੀ ਜਿਸ ਕਿਸੇ ਅੰਗਰੇਜ਼ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਉਸਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਬਾਰਕਾਂ 'ਤੇ ਕਬਜ਼ਾ ਕਰਕੇ ਫੌਜੀਆਂ ਨੇ ਆਪਣੇ ਆਪ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ। ਇੱਕ ਹਿੱਸਾ ਜਰਮਨ ਕੈਦੀਆਂ ਨੂੰ ਕੈਂਪ ਤੋਂ ਛੁਡਵਾਉਣ ਗਿਆ, ਤਾਂ ਕਿ ਉਨ੍ਹਾਂ ਨੂੰ ਵੀ ਨਾਲ ਰਲਾ ਲਿਆ ਜਾਵੇ। ਇਥੇ ਬਾਗੀਆਂ ਨੇ ਦੋ ਯੂਰਪੀਨ ਅਫਸਰ ਕੈਪਟਨ ਬਾਈਸ ਤੇ ਲੈਫਟੀਨੈਂਟ ਇਲੀਅਟ ਮਾਰ ਦਿੱਤੇ। ਜਰਮਨ ਕੈਦੀ ਜੇਲ੍ਹ ਤੋਂ ਬਾਹਰ ਕੱਢ ਲਏ, ਪਰ ਉਨ੍ਹਾਂ ਨੇ ਗਦਰੀ ਫੌਜੀਆਂ ਦਾ ਸਾਥ ਨਾ ਦਿੱਤਾ। ਦੂਸਰਾ ਹਿੱਸਾ ਪਲਟਨ ਦੇ ਹੈੱਡ ਕਵਾਟਰ ਉਤੇ ਕਬਜ਼ਾ ਕਰਨ ਤੁਰਿਆ ਜਾਵੇ। ਜਿਸ ਵਿਚ ਉਹ ਕਾਮਯਾਬ ਨਾ ਹੋ ਸਕੇ। ਤੀਸਰਾ ਹਿੱਸਾ ਵਲੰਟੀਅਰ ਕੋਰ ਨੂੰ ਰੋਕਣ ਸ਼ਹਿਰ ਵੱਲ ਗਿਆ। ਜਿਹੜਾ ਵੀ ਅੰਗਰੇਜ਼ ਫੌਜੀਆਂ ਦੇ ਸਾਹਮਣੇ ਆਇਆ , ਮਾਰ ਦਿੱਤਾ ਗਿਆ। ਫਿਰ ਉਨ੍ਹਾਂ ਨੇ ਸ਼ਹਿਰ ਦੇ ਥਾਣੇ 'ਤੇ ਕਬਜ਼ਾ ਕਰ ਲਿਆ। ਇਨ੍ਹਾਂ ਝੜਪਾਂ ਵਿਚ 8 ਅੰਗਰੇਜ਼ ਅਫਸਰ, 19 ਸਿਪਾਹੀ ਅਤੇ 17 ਸਿਵਲਿਅਨ ਮਾਰੇ ਗਏ।

ਅੰਗਰੇਜ਼ਾਂ ਨੇ ਵਾਇਰਲੈੱਸਾਂ ਰਾਹੀਂ ਨਾਲ ਲੱਗਦੇ ਸਮੁੰਦਰੀ ਘਾਟਾਂ ਤੋਂ ਜੰਗੀ ਜਹਾਜ਼ਾਂ ਨੂੰ ਆਪਣੇ ਬਚਾਅ ਲਈ ਸੱਦ ਲਿਆ। 16 ਤੇ 17 ਫਰਵਰੀ ਨੂੰ ਦੋ ਜੰਗੀ ਬੇੜੇ ਵੱਡੀ ਗਿਣਤੀ ਵਿਚ ਗੋਰੇ ਫੌਜੀਆਂ ਨੂੰ ਲੈ ਕੇ ਸਿੰਘਾਪੁਰ ਪੁੱਜ ਗਏ। ਗਦਰੀ ਫੌਜੀ ਭੁੱਖੇ ਪਿਆਸੇ ਕਿੰਨਾਂ ਕੁ ਚਿਰ ਟਾਕਰਾ ਕਰ ਸਕਦੇ, ਕਿਸੇ ਵੀ ਪਾਸਿਉਂ ਮਦਦ ਦੀ ਆਸ ਨਹੀਂ ਸੀ। ਉਨ੍ਹਾਂ ਨੇ 16 ਫਰਵਰੀ ਰਾਤ 'ਤੇ ਡੱਟ ਕੇ ਮੁਕਾਬਲਾ ਕੀਤਾ। ਅੰਗਰੇਜ਼ਾਂ ਨੇ ਬਾਗੀ ਫੌਜੀਆਂ ਨੂੰ ਮਾਰਨ ਜਾਂ ਫੜਾਉਣ 200 ਡਾਲਰ ਦਾ ਇਨਾਮ ਘੋਸ਼ਿਤ ਕਰ ਦਿੱਤਾ। 19 ਫਰਵਰੀ ਤੱਕ ਕਾਫੀ ਬਾਗੀਆਂ ਨੇ ਆਤਮ ਸਮਰਪਣ ਕਰ ਦਿੱਤਾ ਜਾਂ ਫੜ ਲਏ ਗਏ। ਫੜੇ ਗਏ ਬਹਾਦਰ ਬਾਗੀ ਫੌਜੀਆਂ ਦਾ ਕੋਰਟ ਮਾਰਸ਼ਲ ਕਰਕੇ ਇਨ੍ਹਾਂ ਵਿਚੋਂ 44 ਜਣਿਆਂ ਨੂੰ ਪਬਲਿਕ ਦੇ ਸਾਹਮਣੇ ਗੋਲੀਆਂ ਮਾਰਕੇ ਸ਼ਹੀਦ ਕੀਤਾ ਤੇ 3 ਨੂੰ ਫਾਂਸੀ ਦਿੱਤੀ ਗਈ। ਸ਼ਹੀਦ ਹੋਣ ਵਾਲਿਆਂ 'ਚ 2 ਅਫਸਰ 6 ਹਵਾਲਦਾਰ ਤੇ 39 ਸਿਪਾਹੀ ਰੈਂਕ ਦੇ ਸੂਰਬੀਰ ਸਨ। 162 ਨੂੰ ਉਮਰ ਕੈਦ ਤੇ ਹੋਰ ਸਖਤ ਸਜ਼ਾਵਾਂ ਦਿੱਤੀਆਂ ।

| | |
|---|---|
| **ਉਮਰ ਕੈਦ, ਜਲਾਵਤਨੀ** | 63 |
| **20 ਸਾਲ ਕੈਦ** | 9 |
| **15 ਸਾਲ ਕੈਦ** | 25 |
| **10 ਸਾਲ ਕੈਦ** | 34 |
| **7 ਸਾਲ ਕੈਦ** | 10 |
| **5 ਸਾਲ** | 3 |
| **3 ਸਾਲ ਕੈਦ** | 2 |
| **2 ਸਾਲ ਕੈਦ** | 9 |
| **1 ਸਾਲ ਕੈਦ** | 7 |

ਵਿਦਰੋਹੀਆਂ ਤੋਂ ਗਲਤੀ ਇਹ ਹੋਈ ਕਿ ਕੋਤਵਾਲੀ ਦੇ ਕਬਜ਼ੇ ਨੂੰ ਸਿੰਘਾਪੁਰ 'ਤੇ ਕਬਜ਼ਾ ਸਮਝ ਲਿਆ ਅਤੇ ਸਮੁੰਦਰੀ ਘਾਟ 'ਤੇ ਵੀ ਬਾਗੀ ਸਮੇਂ ਸਿਰ ਨਾ ਪੁੱਜ ਸਕੇ। ਜਰਮਨ ਸਿਪਾਹੀਆਂ ਨੇ ਵੀ ਸਾਥ ਨਾ ਦਿੱਤਾ। ਇਸ ਕਾਰਨ ਉਨ੍ਹਾਂ ਸੂਰਬੀਰਾਂ ਦੀ ਯੋਜਨਾ ਸਫਲ ਨਾ ਹੋਈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਦਰੀ ਸੂਰਬੀਰਾਂ ਵੱਲੋਂ 1912-13 ਵੇਲੇ ਭਾਰਤ ਦੀ ਪੂਰਨ ਆਜ਼ਾਦੀ ਦੇ ਮਿਸ਼ਨ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਸੰਘਰਸ਼ ਵਿਚ ਸਿੰਘਾਪੁਰ ਵਿਚ ਰਹਿ ਰਹੀ ਭਾਰਤੀ ਫੌਜ ਦੀ 5ਵੀਂ ਨੇਟਿਵ ਲਾਈਟ ਇੰਨਫੈਂਟਰੀ ਦੇ ਸੂਰਬੀਰਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ। ਪਰ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਇਤਿਹਾਸਕਾਰਾਂ ਤੇ ਰਾਜਨੀਤਿਕ ਲੋਕਾਂ ਨੇ ਅਣਗੌਲੇ ਕਰ ਰੱਖਿਆ ਹੈ, ਜਿਸ ਕਾਰਨ ਸਿਰਫ ਸੌ ਸਾਲ 'ਚ ਹੀ ਆਮ ਲੋਕਾਂ ਨੂੰ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਭੁੱਲ ਗਈਆਂ ਹਨ। ਇਸ ਲਈ ਲੋੜ ਹੈ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਦੁਨੀਆਂ ਸਾਹਮਣੇ ਲਿਆ ਕੇ ਢੁਕਵੀਆਂ ਯਾਦਗਰਾਂ ਸਥਾਪਿਤ ਕਰਨਾ।

# ਮਨੁੱਖੀ ਦੁਖਾਂਤ ਮਨੁੱਖ ਦੇ ਆਪਣੇ ਹੀ ਹੱਥੋਂ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



'ਆਦਮੀ ਮੇਂ ਲਾਖੋਂ ਜੌਹਰ ਹੋ,
ਅਗਰ ਆਦਮੀਅਤ ਨਹੀਂ ਤੋਂ ਕੁੱਛ ਭੀ ਨਹੀਂ।'
ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ।
ਰਾਹਤੇਂ ਔਰ ਭੀ ਹੈ, ਵਸਲ ਕੀ ਰਾਹਤ ਕੇ ਸਿਵਾ।

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੀਂ ਨਹੀਂ ਹੋਣਾ ਚਾਹੀਦਾ। ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਮਨੁੱਖ ਦੇ ਕੋਲ ਕੁਦਰਤੀ ਆਫਤਾਂ ਭਾਵ ਬਰਖਾ, ਹਨੇਰੀ, ਝੱਖੜ, ਗਰਮੀ, ਸਰਦੀ ਅਤੇ ਬਿਮਾਰੀਆਂ ਆਦਿ ਦਾ ਕੋਈ ਹੱਲ ਨਹੀਂ। ਪਰ ਮਨੁੱਖ ਮਨੁੱਖ ਦਾ ਤਾਂ ਬੁਰਾ ਨਾ ਕਰੇ। ਦੂਜਿਆਂ ਲਈ ਵੀ ਜੀਉਣਾ ਸਿੱਖੋ।

"ਜੀਵਨ ਉਸ ਕਾ ਜੀਵਨ ਹੈ,
ਜੋ ਔਰੋਂ ਕੋ ਜੀਵਨ ਦੇਤਾ ਹੈ।"

ਅਜਿਹਾ ਤਾਂ ਹੀ ਹੋ ਸਕਦਾ ਹੈ ਕਿ ਜੇ ਮਨੁੱਖ ਪੂਰਨ ਮਨੁੱਖ ਹੋਵੇ। ਭਾਵ ਮਨੁੱਖ ਵਿਚ ਮਨੁੱਖਤਾ ਹੋਵੇ। ਪਰ ਸਦੀਆਂ ਬੀਤ ਗਈਆਂ, ਅਜਿਹਾ ਨਹੀਂ ਹੋਇਆ। ਮਨੁੱਖ ਨੂੰ ਹੋਂਦ ਵਿਚ ਆਇਆਂ ਸਦੀਆਂ ਬੀਤ ਗਈਆਂ ਅਤੇ ਅਨੇਕਾਂ ਧਰਮ ਹੋਂਦ ਵਿਚ ਆਏ, ਜਿਵੇਂ ਈਸਾਈ, ਬੁੱਧ ਧਰਮ, ਇਸਲਾਮ ਅਤੇ ਆਧੁਨਿਕ ਸਿੱਖ ਧਰਮ ਜਿਹੜਾ ਹਿੰਦੂ ਧਰਮ ਦੀਆਂ ਊਣਤਾਈਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੇ ਸਥਾਪਤ ਕੀਤਾ ਸੀ। ਪਰ ਮਨੁੱਖ ਅਜੇ ਤੱਕ ਪੂਰਨ ਮਨੁੱਖ ਨਹੀਂ ਬਣਿਆ, ਜਿਸ ਕਰਕੇ ਅੱਜ ਦੁਨੀਆਂ ਵਿਚ ਕੀ ਕੁੱਝ ਹੋ ਰਿਹਾ ਹੈ। ਮਨੁੱਖ ਦੇ ਹੱਥੋਂ ਮਨੁੱਖ ਦਾ ਹੀ ਘਾਣ ਹੋ ਰਿਹਾ ਹੈ। ਇੱਕ ਸਿਰ, ਇੱਕ ਮੂੰਹ, ਇੱਕ ਨੱਕ, ਦੋ ਹੱਥ, ਦੋ ਪੈਰ, ਦੋ ਅੱਖਾਂ, ਦੋ ਬਾਹਵਾਂ ਅਤੇ ਦੋ ਲੱਤਾਂ ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ। ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਅਤੇ ਨੈਤਿਕਤਾ, ਅਹਿਸਾਸ ਅਤੇ ਜਜ਼ਬਾਤ ਹੋਣ।

ਸਦੀਆਂ ਬੀਤ ਗਈਆਂ ਨੇ ਜਦੋਂ ਗੁਰੂ ਸਾਹਿਬਾਨ ਜੀ ਨੇ ਮਨੁੱਖ ਨੂੰ ਸ਼ੁੱਭ ਅਮਲ ਕਰਨ ਦੀ ਸਿੱਖਿਆ ਦਿੱਤੀ ਸੀ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੇ ਫੁਰਮਾਇਆ ਸੀ ਕਿ "ਸ਼ੁਭ ਅਮਲਾਂ 'ਤੇ ਹੋਣੇਂ ਨੇ ਨਿਬੇੜੇ, ਤੇ ਜਾਤਿ ਕਿਸੇ ਪੁੱਛਣੀ ਨਹੀਂ"। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁਭ ਅਮਲਾਂ ਬਾਝਹੁ ਦੋਨੋਂ ਰੋਈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮ ਮੂਲੇ ਨਾ ਕੀਚੈ, ਜਿਤਿ ਅੰਤਿ ਪਛੋਤਾਈਐ।"

ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਸਮਾਪਤ ਨਹੀਂ ਹੋ ਸਕਦਾ, ਜਦੋਂ ਤੱਕ ਮਨੁੱਖ, ਮਨੁੱਖ ਨਹੀਂ ਬਣ ਜਾਂਦਾ। ਪਰ ਮਨੁੱਖ ਬਣਨਾ ਸੌਖਾ ਨਹੀਂ, ਜਿਵੇਂ ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ, ਮਿਹਨਤ ਜ਼ਿਆਦਾ। ਸਿੱਖ ਧਰਮ ਵਿਚ ਆਚਾਰ ਨੂੰ ਬਹੁਤ ਉੱਤਮ ਸਮਝਿਆ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਅੰਗਰੇਜ਼ੀ ਕਵੀ ਕੈਂਸਰ ਇਸ ਨੂੰ ਇਸ ਪ੍ਰਕਾਰ ਆਖਦੇ ਹਨ:

If wealth is lost, nothing is lost.

If health is lost, something is lost.

If Character is lost, everything is lost.

ਆਪਣੇ ਵਿਚ ਮਨੁੱਖਤਾ ਪੈਦਾ ਕਰੋ, ਭਾਵ ਮਨੁੱਖ ਦੇ ਕੰਮ ਚੰਗੇ ਹੋਣੇਂ ਚਾਹੀਦੇ ਹਨ। ਇਕ ਚੰਗਾ ਅਧਿਆਪਕ, ਡਾਕਟਰ, ਲੇਖਕ ਹੋਣਾ ਹੋਰ ਗੱਲ ਹੈ, ਇੱਕ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ।

ਮਨੁੱਖ ਦੀ ਪਛਾਣ ਮਨੁੱਖ ਦੇ ਕੰਮ ਤੇ ਬੰਦੇ ਦੀ ਸੰਗਤਿ ਹੁੰਦੀ ਹੈ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ: "ਕਰਤੂਤਿ ਪਸ਼ੂ ਕੀ ਮਾਨਸ ਜਾਤਿ॥" ਸਤਸੰਗਤਿ ਮਿਲੇ ਸੋ ਤਰਿਆ। ਜੇ ਤੁਸੀਂ ਅੰਮ੍ਰਿਤ ਨਹੀਂ ਛਕ ਸਕਦੇ ਅਤੇ ਸ਼ਰਾਬ ਵੀ ਨਹੀਂ ਛੱਡ ਸਕਦੇ ਪਰ ਬੰਦਾ ਬੰਦੇ ਦਾ ਬੁਰਾ ਨਾ ਕਰੇ, ਭਾਵ ਬਦੀ ਤੇ ਨੇਕੀ, ਚੰਗਾ ਤੇ ਮਾੜਾ, ਸੱਚ ਤੇ ਝੂਠ ਅਤੇ ਠੀਕ ਤੇ ਗਲਤ ਦੀ ਪਛਾਣ ਮਨੁੱਖ ਨੂੰ ਹੋਣੀ ਚਾਹੀਦੀ ਹੈ, ਜਿਵੇਂ ਗੁਰਬਾਣੀ ਵਿਚ ਮਨੁੱਖ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਹਨ, ਜਿਵੇਂ ਗੁਰਮੁਖਿ ਤੇ ਮਨਮੁਖਿ। ਹੁਣ ਤੱਕ ਜਿਹੜਾ ਵੀ ਮਾੜਾ ਹੋਇਆ ਹੈ, ਉਹ ਮਾੜਾ ਬੰਦਿਆਂ ਕਰਕੇ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੋਇਆ ਹੈ। ਜਿਸ ਦਿਨ ਮਨੁੱਖ ਪੂਰਨ ਬਣ ਗਿਆ, ਉਸ ਦਿਨ ਇਹ ਦੁਨੀਆਂ ਸਵਰਗ ਬਣ ਜਾਵੇਗੀ। ਇਨਸਾਫ ਚਾਹੁਣ ਵਾਲੇ ਲੋਕੋ, ਇਨਸਾਫ ਦੀ ਗੱਦੀ 'ਤੇ ਕਾਤਲ ਕਿਉਂ ਬੈਠਾਇਆ ?

# ਆਨਲਾਈਨ ਝੂਠ ਤੇਜ਼ੀ ਨਾਲ ਕਿਉਂ ਫੈਲਦੇ ਹਨ?



ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA



ਖਬਰਾਂ ਅਨੁਸਾਰ ਸੰਨ 2006 ਤੋਂ ਸੰਨ 2017 ਤੱਕ ਟਵਿੱਟਰ ਉੱਤੇ 30 ਲੱਖ ਲੋਕਾਂ ਨੇ ਇਕ ਲੱਖ ਛੱਬੀ ਹਜ਼ਾਰ ਝੂਠ ਫੈਲਾਏ। ਇਹ ਵੀ ਪਤਾ ਲੱਗਿਆ ਕਿ ਚੋਟੀ ਦੀਆਂ ਝੂਠੀਆਂ ਇਕ ਫੀਸਦੀ ਖ਼ਬਰਾਂ ਨੇ ਇਕ ਲੱਖ ਲੋਕਾਂ ਤੱਕ ਪਹੁੰਚ ਕੀਤੀ ਤੇ ਹਰ ਜਣੇ ਨੇ ਘੱਟੋ-ਘੱਟ 40 ਤੋਂ 100 ਵਾਰ ਅੱਗੇ ਸ਼ੇਅਰ ਕੀਤੀ। ਦੂਜੇ ਪਾਸੇ ਸੱਚੀ ਖ਼ਬਰ ਵੱਧੋ-ਵੱਧ ਇਕ ਹਜ਼ਾਰ ਲੋਕਾਂ ਨੇ ਅੱਗੋਂ ਟਵੀਟ ਕੀਤੀ। ਇਸ ਤੋਂ ਬਾਅਦ ਆਮ ਪਰ ਮਸਾਲੇਦਾਰ ਖ਼ਬਰਾਂ ਵੱਲ ਧਿਆਨ ਕੀਤਾ ਗਿਆ। ਅਜਿਹੀਆਂ ਖਬਰਾਂ 45 ਲੱਖ ਵਾਰ ਅੱਗੋਂ ਟਵੀਟ ਹੋਈਆਂ। ਇਹ ਸਾਰੀਆਂ ਖ਼ਬਰਾਂ ਵਧਾ-ਚੜ੍ਹਾ ਕੇ ਸੱਚ ਨੂੰ ਵਿਗਾੜ ਕੇ ਜਾਂ ਨਿਰੇ ਝੂਠ ਦੇ ਆਧਾਰ ਉੱਤੇ ਸਨ।

ਝੂਠੀਆਂ ਖ਼ਬਰਾਂ ਦੇ ਵੱਧ ਫੈਲਣ ਦੇ ਕਾਰਨ ਲੱਭਦਿਆਂ ਇਹ ਨੁਕਤਾ ਦਿਸਿਆ ਕਿ ਸਿਆਸਤ ਨਾਲ ਸਬੰਧਤ ਝੂਠੀਆਂ ਖ਼ਬਰਾਂ ਅੱਗ ਵਾਂਗ ਫੈਲਦੀਆਂ ਸਨ। ਦੂਜੇ ਨੰਬਰ ਉੱਤੇ ਝੂਠੇ ਅੱਤਵਾਦ ਨਾਲ ਸੰਬੰਧਤ, ਉਸ ਤੋਂ ਬਾਅਦ ਕੁਦਰਤੀ ਆਫਤਾਂ, ਫਿਰ ਸਾਇੰਸ ਵਿਚਲਾ ਝੂਠ ਤੇ ਫਿਰ ਗਲੀ ਮੁਹੱਲੇ ਜਾਂ ਵਿੱਤੀ ਸੰਕਟ ਦੀਆਂ ਝੂਠੀਆਂ ਖਬਰਾਂ।

ਦਰਅਸਲ ਝੂਠੀਆਂ ਖਬਰਾਂ ਗਲਪ ਕਹਾਣੀਆਂ ਵਾਂਗ ਸਾਡਾ ਧਿਆਨ ਖਿੱਚਦੀਆਂ ਹਨ ਕਿਉਂਕਿ ਉਸ ਵਿਚ ਡਰ, ਪਿਆਰ, ਤਣਾਓ, ਗੁੱਸਾ, ਘਬਰਾਹਟ, ਖ਼ੁਸ਼ੀ ਆਦਿ, ਸਭ ਦਾ ਮਿਸ਼ਰਨ ਮਿਲ ਜਾਂਦਾ ਹੈ, ਜਦਕਿ ਅਸਲ ਘਟਨਾਵਾਂ ਵਿਚ ਸਭ ਕੁੱਝ ਇਕ ਵਾਰ ਨਹੀਂ ਮਿਲਦਾ। ਸਿਆਸੀ ਖਬਰਾਂ ਇਸ ਲਈ ਵੱਧ ਧਿਆਨ ਖਿੱਚਦੀਆਂ ਹਨ, ਕਿਉਂਕਿ ਉਨ੍ਹਾਂ ਵਿਚਲੇ ਪਾਤਰ ਸਾਡੇ ਤੋਂ ਕਾਫੀ ਅਗਾਂਹ ਲੰਘ ਚੁੱਕੇ ਹੁੰਦੇ ਹਨ ਤੇ ਉਨ੍ਹਾਂ ਨੂੰ ਢਾਅ ਲੱਗਦੀ ਖ਼ਬਰ ਸਾਡੇ ਅੰਦਰ ਸਕੂਨ ਪਹੁੰਚਾਉਂਦੀ ਹੈ। ਸਿਆਸੀ ਉਥਲ-ਪੁਥਲ ਨਾਲ ਆਪਣੇ ਪੂੰਜੀ ਨਿਵੇਸ਼, ਨੌਕਰੀ, ਤਰੱਕੀ, ਵਪਾਰ ਆਦਿ ਦਾ ਬਹੁਤ ਕੁੱਝ ਜੁੜਿਆ ਹੋਣਾ ਵੀ ਅਜਿਹੀਆਂ ਖ਼ਬਰਾਂ ਵੱਲ ਛੇਤੀ ਧਿਆਨ ਖਿੱਚਦਾ ਹੈ। ਇਹੀ ਕਾਰਨ ਹੈ ਕਿ ਸਿਆਸੀ ਖੇਡ ਵਿਚ ਝੂਠੀਆਂ ਖ਼ਬਰਾਂ ਨਾਲ ਲੋਕਾਂ ਦਾ ਧਿਆਨ ਖਿੱਚ ਕੇ ਹੋਰ ਪਾਸੇ ਕੇਂਦ੍ਰਿਤ ਕਰਨ ਦੀ ਰੁਚੀ ਵਧਦੀ ਜਾ ਰਹੀ ਹੈ। ਇੰਝ ਅਸਲ ਮੁੱਦਿਆਂ ਤੋਂ ਪੂਰੀ ਤਰ੍ਹਾਂ ਭਟਕਾ ਕੇ ਲੋਕਾਂ ਨੂੰ ਸੌਖਿਆਂ ਗੁਮਰਾਹ ਕੀਤਾ ਜਾ ਸਕਦਾ ਹੈ।

ਮਿਸਾਲ ਵਜੋਂ, ਘੱਟ ਤਨਖਾਹ ਤੇ ਦੋ ਵੇਲੇ ਦੀ ਰੋਟੀ ਨਾ ਮਿਲਣ ਤੋਂ ਦੁਖੀ ਜਨਤਾ ਨੂੰ ਅਸਲ ਨੁਕਤੇ ਤੋਂ ਭਟਕਾਉਣ ਲਈ ਕਿਸੇ ਨੇਤਾ ਦੇ ਇਸ਼ਕ ਦੇ ਚੱਕਰ ਬਾਰੇ ਖ਼ਬਰ ਪੜ੍ਹਨ ਨੂੰ ਪਰੋਸ ਦਿੱਤੀ ਜਾਵੇ, ਤਾਂ ਉਹ ਇਨ੍ਹਾਂ ਸਿਆਸੀ ਉਲਝਣਾਂ ਵਿਚ ਹੀ ਫਸ ਕੇ ਰਹਿ ਜਾਂਦਾ ਹੈ।

ਝੂਠੀਆਂ ਖ਼ਬਰਾਂ ਨਾਲ ਸਟਾਕ ਮਾਰਕਿਟ ਵੀ ਖ਼ਰਬਾਂ ਦਾ ਘਾਟਾ ਸਹਿਣ ਲਈ ਮਜਬੂਰ ਹੋ ਜਾਂਦੀ ਹੈ।

ਹੁਣ ਤਾਂ ਇਹ ਸਭ ਵੇਖਦਿਆਂ ਝੂਠੇ ਬੰਬ ਦੀ ਖ਼ਬਰ, ਅੱਤਵਾਦੀ ਹਮਲੇ, ਪ੍ਰਧਾਨ ਮੰਤਰੀ ਦੇ ਝੂਠੇ ਐਕਸੀਡੈਂਟ ਤੋਂ ਲੈ ਕੇ ਕਿਸੇ ਮਹਾਂਮਾਰੀ ਬਾਰੇ ਭੈਅ ਫੈਲਾਉਣ ਲਈ ਝੂਠੀਆਂ ਖ਼ਬਰਾਂ ਦਾ ਅੰਬਾਰ ਲੱਗ ਚੁੱਕਿਆ ਹੈ।

ਇਸ ਵਾਸਤੇ ਅਨੇਕ ਬੰਦੇ ਬਾਕਾਇਦਾ ਨੌਕਰੀ ਉਤੇ ਲਾਏ ਜਾਂਦੇ ਹਨ, ਜਿਨ੍ਹਾਂ ਦਾ ਕੰਮ ਹੀ ਝੂਠੀਆਂ ਤੇ ਮਸਾਲੇਦਾਰ ਖ਼ਬਰਾਂ ਬਣਾ ਕੇ ਫੈਲਾਉਣਾ ਹੁੰਦਾ ਹੈ।

ਡੈਲ ਵਿਕੇਰੀਓ ਤੇ ਬੈਸੀ ਖੋਜੀਆਂ ਨੇ ਵਿਗਿਆਨ ਅਤੇ ਕਿਸੇ ਸ਼ਖ਼ਸੀਅਤ ਨੂੰ ਢਾਅ ਲਾਉਣ ਨਾਲ ਸਬੰਧਤ ਫੈਲਾਏ ਝੂਠ ਦੀਆਂ ਕਹਾਣੀਆਂ ਨੂੰ ਘੋਖਿਆ। ਉਨ੍ਹਾਂ ਨੇ ਖੋਜੀ ਫਰਿਗੇਰੀ ਵਲੋਂ 4000 ਝੂਠੀਆਂ ਖ਼ਬਰਾਂ ਉਤੇ ਕੀਤੀ ਖੋਜ ਨੂੰ ਆਧਾਰ ਬਣਾਇਆ, ਜਿਹੜੀਆਂ ਫੇਸਬੁੱਕ ਰਾਹੀਂ ਫੈਲਾਈਆਂ ਗਈਆਂ ਸਨ।

ਬਦਕਿਸਮਤੀ ਨਾਲ ਮਨੁੱਖੀ ਦਿਮਾਗ਼ ਵਾਰ ਵਾਰ ਸੁਣੇ ਝੂਠ ਨੂੰ ਸੱਚ ਮੰਨਣ ਲੱਗ ਪੈਂਦਾ ਹੈ। ਇਸੇ ਨੂੰ ਆਧਾਰ ਬਣਾ ਕੇ ਅਤੇ ਕਿਸੇ ਕੋਰਟ ਕੇਸ ਵਿਚ ਫਸਣ ਤੋਂ ਬਚਣ ਲਈ-"ਸੂਤਰਾਂ ਤੋਂ ਪਤਾ ਲੱਗਿਆ ਹੈ", "ਸੂਹ ਮਿਲੀ ਹੈ", ਵਰਗੀਆਂ ਸਤਰਾਂ ਨੂੰ ਝੂਠੀ ਖ਼ਬਰ ਤੋਂ ਪਹਿਲਾਂ ਜੋੜ ਲਿਆ ਜਾਂਦਾ ਹੈ। ਇੰਝ ਹੀ ਅਸਲ ਫੋਟੋ ਵਿਚ ਕੰਪਿਊਟਰ ਰਾਹੀਂ ਥੋੜਾ ਬਹੁਤ ਜੋੜ-ਤੋੜ ਕਰਕੇ ਸੌਖਿਆਂ ਹੀ ਹੋਰਨਾਂ ਨੂੰ ਭਰਮਾਇਆ ਜਾ ਸਕਦਾ ਹੈ। ਝੂਠੀ ਖ਼ਬਰ ਫੈਲਾਉਣ ਦੇ ਵੀ ਵੱਖੋ-ਵੱਖ ਢੰਗ ਹੁੰਦੇ ਹਨ:-

1) ਰਿਊਮਰ ਡਿਫਿਊਜ਼ਨ : ਇਸ ਅਧੀਨ ਕਿਸੇ ਝੂਠੀ ਖ਼ਬਰ ਨੂੰ ਇਕ ਬੰਦੇ ਤੋਂ ਸ਼ੁਰੂ ਕੀਤਾ ਜਾਂਦਾ ਹੈ ਤੇ ਫਿਰ ਉਸੇ ਖ਼ਬਰ ਨੂੰ 200 ਬੰਦਿਆਂ ਵਲੋਂ 'ਰੀ-ਟਵੀਟ' ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਲੋਕ ਆਪ ਹੀ ਇਸ ਨੂੰ ਅੱਗੋਂ ਟਵੀਟ ਕਰਨ ਲੱਗ ਪੈਂਦੇ ਹਨ।

2) ਰਿਊਮਰ ਕੈਸਕੇਡ :- ਇੱਕੋ ਝੂਠੀ ਕਹਾਣੀ ਨੂੰ ਥੋੜਾ ਜਿੰਨਾ ਬਦਲ ਕੇ ਕਿਸੇ ਹੋਰ ਵੱਲੋਂ ਵੱਖ ਟਵੀਟ ਕਰਵਾਇਆ ਜਾਂਦਾ ਹੈ। ਇੰਝ ਕਹਾਣੀ ਦਾ ਅਸਲ ਨੁਕਤਾ ਉਹੀ ਰੱਖਿਆ ਜਾਂਦਾ ਹੈ ਪਰ ਵਿਚ ਲਾਏ ਮਸਾਲੇ ਖੱਟੇ, ਮਿੱਠੇ ਜਾਂ ਤਿੱਖੇ ਕਰ ਦਿੱਤੇ ਜਾਂਦੇ ਹਨ। ਇਹੋ ਜਿਹੇ ਵੱਖੋ-ਵੱਖ ਟਵੀਟ ਝੂਠੀ ਖ਼ਬਰ ਨੂੰ ਹੋਰ ਪਕਿਆਈ ਵਿਚ ਲੈ ਜਾਂਦੇ ਹਨ। ਫਿਰ ਅਜਿਹੇ ਵੱਖੋ-ਵੱਖ ਝੂਠੇ ਟਵੀਟ ਕਾਫ਼ਲੇ ਵਾਂਗ ਅਸਰ ਵਿਖਾਉਂਦੇ ਹਨ ਤੇ ਅੱਗੋਂ ਹਰ ਵੱਖਰਾ ਟਵੀਟ 200 ਬੰਦਿਆਂ ਤੋਂ ਰੀ-ਟਵੀਟ ਕਰਵਾਇਆ ਜਾਂਦਾ ਹੈ, ਜੋ ਲੱਖਾਂ ਲੋਕਾਂ ਤੱਕ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਦੇ ਟਵੀਟ ਨੂੰ 'ਵਾਇਰਲ' ਦਾ ਨਾਂ ਦੇ ਕੇ ਅੰਤਰਰਾਸ਼ਟਰੀ ਖ਼ਬਰ ਬਣਾ ਦਿੱਤਾ ਜਾਂਦਾ ਹੈ।

ਅਜਿਹੇ ਟਵੀਟ ਕਈ ਵਾਰ ਪੁਸ਼ਤਾਂ ਤੱਕ ਉਸੇ ਝੂਠ ਨੂੰ ਅਗਾਂਹ ਤੋਰਦੇ ਸੱਚ ਵਿਚ ਤਬਦੀਲ ਹੋ ਜਾਂਦੇ ਹਨ।

ਰਿਊਮਰ ਕੈਸਕੇਡ ਆਮ ਤੌਰ 'ਤੇ 1000 ਬੰਦਿਆਂ ਤੋਂ ਇਕ ਅੱਧੇ ਦਿਨ ਦੇ ਫ਼ਾਸਲੇ 'ਤੇ ਸ਼ੁਰੂ ਕਰਵਾਏ ਜਾਂਦੇ ਹਨ। ਮਿਸਾਲ ਵਜੋਂ ਕਿਸੇ ਨੂੰ 'ਪੱਪੂ' ਸਾਬਤ ਕਰਨਾ ਹੋਵੇ, ਤਾਂ ਉਸ ਬਾਰੇ ਝੂਠੇ, ਮੂਰਖਤਾ ਵਾਲੇ ਨਿੱਕੇ-ਨਿੱਕੇ ਟਵੀਟ ਜਾਂ ਚੁਟਕਲਿਆਂ ਤੋਂ ਸ਼ੁਰੂ ਕਰਕੇ, ਉਸ ਵੱਲੋਂ ਬੋਲੇ ਸ਼ਬਦਾਂ ਵਿਚ ਰਤਾ ਹੇਰ-ਫ਼ੇਰ ਕਰਕੇ ਉਸ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵੇਲੇ ਸਿਆਸੀ ਖ਼ਬਰਾਂ ਦਾ ਜੋੜ-ਤੋੜ ਸਿਖਰਾਂ ਉੱਤੇ ਸੀ। ਇਸ ਦੀ ਸ਼ੁਰੂਆਤ 2013 ਤੋਂ ਹੋਈ ਤੇ ਸੰਨ 2015 ਤੱਕ ਇਹ ਕੰਮ ਪੂਰਾ ਜ਼ੋਰ ਫੜ ਗਿਆ। ਸੰਨ 2016 ਵਿਚ ਰਿਊਮਰ ਡਿਫਿਊਜ਼ਨ ਤੋਂ ਰਿਊਮਰ ਕੈਸਕੇਡ ਵੱਲ ਕੰਮ ਤੋਰ ਦਿੱਤਾ ਗਿਆ। ਉਸ ਦੌਰਾਨ ਰਿਕਾਰਡ ਤੋੜ ਕੈਸਕੇਡ ਕੀਤੇ ਗਈ, ਯਾਨੀ 45,000 ਤੋਂ ਵੀ ਵੱਧ।

ਇਨ੍ਹਾਂ ਵਿਚ ਹੀ ਸਾਇੰਸ, ਵੱਡੀਆਂ ਸ਼ਖ਼ਸੀਅਤਾਂ, ਵਪਾਰ, ਅੱਤਵਾਦੀ ਸੰਗਠਨਾਂ ਆਦਿ ਬਾਰੇ ਵੀ ਅਨੇਕ ਝੂਠ ਫੈਲਾਏ ਗਏ, ਤਾਂ ਜੋ ਲੋਕ ਸੱਚ-ਝੂਠ ਵਿਚ ਫਰਕ ਕਰ ਹੀ ਨਾ ਸਕਣ ਤੇ ਉਲਝਦੇ ਤੁਰੀ ਜਾਣ।

ਇਸ ਤੋਂ ਬਾਅਦ ਦੂਜਾ ਨੁਕਤਾ ਸਾਹਮਣੇ ਆਇਆ, ਜਿਸ ਵਿਚ ਇੱਕੋ ਥਾਂ ਤੋਂ 'ਪੂਰਨ ਸੱਚ', 'ਅੱਧਾ ਸੱਚ', ਅੱਧਾ ਝੂਠ' ਤੇ 'ਕੋਰਾ ਝੂਠ' ਟਵੀਟ ਕਰਵਾਇਆ ਗਿਆ। ਇਹ ਵੇਖਣ ਨੂੰ ਮਿਲਿਆ ਕਿ ਇਸ ਤਰ੍ਹਾਂ ਦੇ ਰਲਗੱਡ ਟਵੀਟਾਂ ਵਿਚ ਲੋਕ ਪੂਰੀ ਤਰ੍ਹਾਂ ਉਲਝ ਜਾਂਦੇ ਹਨ ਤੇ ਕਦੇ ਵੀ ਪੂਰਾ ਝੂਠ ਫੜ ਨਹੀਂ ਸਕਦੇ। ਇਹ ਨੁਕਤਾ ਸੰਨ 2017 ਵਿਚ ਪੂਰਾ ਜ਼ੋਰ ਫੜ ਗਿਆ।

ਇਸ ਤਰ੍ਹਾਂ ਦੇ ਟਵੀਟਾਂ ਵਿਚੋਂ ਵੀ ਅੱਧਾ ਝੂਠ ਤੇ ਕੋਰਾ ਝੂਠ ਅੱਗੋਂ ਵੱਧ ਟਵੀਟ ਕੀਤੇ ਗਏ ਪਰ ਲੋਕਾਂ ਵਲੋਂ 'ਨਿਰੇ ਝੂਠ' ਨੂੰ ਬਾਕੀਆਂ ਨਾਲੋਂ 19 ਗੁਣਾ ਵੱਧ ਟਵੀਟ ਕੀਤਾ ਗਿਆ ਤੇ ਘੰਟਿਆਂ ਵਿਚ ਹੀ ਇਕ ਲੱਖ ਲੋਕਾਂ ਤੱਕ ਪਹੁੰਚ ਗਿਆ। ਟੀ.ਵੀ. ਜਾਂ ਅਖ਼ਬਾਰਾਂ ਨਾਲੋਂ ਵੀ ਵੱਧ ਝੂਠੇ ਟਵੀਟ ਦੀ ਪਹੁੰਚ ਵੇਖੀ ਗਈ।

ਇਸ ਦੇ ਉਲਟ ਸੱਚੀ ਖ਼ਬਰ ਛੇ ਗੁਣਾਂ ਵੱਧ ਸਮੇਂ ਬਾਅਦ ਵੀ ਸਿਰਫ 1500 ਲੋਕਾਂ ਤੱਕ ਪਹੁੰਚਦੀ ਦਿਸੀ। ਇੱਕੋ ਵੇਲੇ ਦੋ ਵੱਖੋ-ਵੱਖ ਜਣਿਆਂ ਤੋਂ ਇੱਕੋ ਖ਼ਬਰ ਦੇ ਸੱਚੇ ਤੇ ਝੂਠੇ ਪਹਿਲੂ ਟਵੀਟ ਕਰਵਾਏ ਗਏ। ਕਮਾਲ ਹੀ ਹੋ ਗਈ, ਜਦੋਂ ਇਹ ਖ਼ਬਰਾਂ 1:10 ਦੇ ਹਿਸਾਬ ਨਾਲ ਫੈਲੀਆਂ ਲੱਭੀਆਂ। ਯਾਨਿ ਲੋਕਾਂ ਨੇ ਝੂਠ ਨੂੰ ਵੱਧ ਸ਼ੌਂਕ ਨਾਲ ਪੜ੍ਹਿਆ ਤੇ ਅੱਗੋਂ 10 ਗੁਣਾ ਵੱਧ ਟਵੀਟ ਕਰ ਕੇ 1000 ਗੁਣਾਂ ਵੱਧ ਲੋਕਾਂ ਤੱਕ ਪਹੁੰਚਾ ਦਿੱਤਾ।

ਸਪੱਸ਼ਟ ਹੋ ਗਿਆ ਕਿ ਕਿਸੇ ਦੀ ਉਮਰ ਭਰ ਦੀ ਕਮਾਈ ਸ਼ੋਹਰਤ ਨੂੰ ਪਲਾਂ ਵਿਚ ਹੀ ਢਾਹਿਆ ਜਾ ਸਕਦਾ ਹੈ। ਅਜਿਹੇ ਨੈੱਟਵਰਕ ਹੁਣ ਸੈਂਕੜਿਆਂ ਦੀ ਗਿਣਤੀ ਵਿਚ ਕੰਮ ਕਰ ਰਹੇ ਹਨ, ਜਿੱਥੇ ਅੱਗੋਂ ਹਜ਼ਾਰਾਂ ਲੋਕ ਇਸ ਕੰਮ ਵਿਚ ਲਾਏ ਹੋਏ ਹਨ, ਜਿਨ੍ਹਾਂ ਦਾ ਕੰਮ ਸਿਰਫ਼ ਟਵੀਟ ਨੂੰ ਅਗਾਂਹ ਤੋਰਨਾ ਹੈ, ਜੋ ਕਰੋੜਾਂ ਲੋਕਾਂ ਤੱਕ ਝੱਟਪਟ ਪਹੁੰਚ ਜਾਂਦਾ ਹੈ।

ਜਦੋਂ ਝੂਠ ਫੜਿਆ ਜਾਵੇ:- ਜਦੋਂ ਕਿਸੇ ਇਕ ਜਣੇ ਵਲੋਂ ਕੀਤੇ ਝੂਠੇ ਟਵੀਟ ਜਾਂ ਫੇਸਬੁੱਕ ਉੱਤੇ ਲਿਖੇ ਝੂਠ ਦੋ ਕੁ ਵਾਰ ਫੜੇ ਜਾਣ ਅਤੇ ਝੂਠੇ ਸਬਤ ਹੋ ਜਾਣ ਤਾਂ ਇਹ ਵੇਖਣ ਵਿਚ ਆਇਆ ਕਿ ਲੋਕ ਉਸ ਵਲੋਂ ਕੀਤੇ ਇਕ ਅੱਧ ਸੱਚੇ ਟਵੀਟ ਵੀ ਮੰਨਣੋਂ ਹੱਟ ਜਾਂਦੇ ਹਨ। ਇਸੇ ਲਈ ਝੂਠ ਫੈਲਾਉਣ ਵਾਲੇ ਲਗਾਤਾਰ ਕੁਝ ਸੱਚ ਤੇ ਬਾਕੀ ਸਾਰਾ ਝੂਠ ਰਲਗੱਡ ਕਰਕੇ ਅਨੇਕ ਥਾਵਾਂ ਤੋਂ ਇੱਕੋ ਵੇਲੇ ਝਮੇਲਾ ਪਾ ਕੇ ਰੱਖ ਦਿੰਦੇ ਹਨ ਕਿ ਇਕ ਆਮ ਬੰਦਾ ਇਸ ਵਿਚਲੇ ਕਿੰਨੇ ਫੀਸਦੀ ਸੱਚ ਜਾਂ ਕਿੰਨਾ ਝੂਠ, ਲੱਭ ਹੀ ਨਹੀਂ ਸਕਦਾ।

ਇਕ ਥਿਊਰੀ ਦੇ ਅਨੁਸਾਰ ਅਜਿਹੇ ਝੂਠ ਸੱਚ ਦਾ ਮਿਸ਼ਰਨ ਆਮ ਤੌਰ 'ਤੇ ਲੋਕ ਰਾਇ ਤਬਦੀਲ ਕਰਨ, ਸਿਆਸੀ ਲਾਹਾ ਲੈਣ ਜਾਂ ਵਪਾਰ ਵਧਾਉਣ ਲਈ ਕੀਤਾ ਜਾ ਰਿਹਾ ਹੈ।

ਮਿਸਾਲ ਵਜੋਂ ਇਹੋ ਜਿਹਾ ਇਸ਼ਤਿਹਾਰ, "ਇਹ ਫੈਸ਼ਨ ਤਾਂ ਟਰੈਂਡਿੰਗ ਵਿਚ ਹੈ! ਤੈਨੂੰ ਪਤਾ ਹੀ ਨਹੀਂ?" ਇਹ ਕੋਰਾ ਝੂਠ ਹੋਣ ਦੇ ਬਾਵਜੂਦ ਅਣਗਿਣਤ ਲੋਕਾਂ ਨੂੰ ਉਸ ਪਾਸੇ ਖਿੱਚੇਗਾ ਤੇ ਬਦੋਬਦੀ ਖ਼ਰੀਦਣ ਉੱਤੇ ਮਜਬੂਰ ਕਰੇਗਾ।

ਇਸ ਵਿਚ ਮਨੁੱਖੀ ਮਨ ਦੇ ਦੋ ਪੱਖ ਛੋਹੇ ਗਏ। ਪਹਿਲਾ, ਇਹ ਫੈਸ਼ਨ ਅਣਗਿਣਤ ਲੋਕ ਪਹਿਲਾਂ ਹੀ ਅਪਣਾ ਚੁੱਕੇ ਹਨ ਤੇ ਮੈਨੂੰ ਪਤਾ ਹੀ ਨਹੀਂ। ਦੂਜੇ, ਕਿਤੇ ਮੈਂ ਸਭ ਤੋਂ ਵੱਖ ਪਿਛਾਂਹ ਰਹਿ ਕੇ ਮਜ਼ਾਕ ਦਾ ਪਾਤਰ ਹੀ ਨਾ ਬਣ ਜਾਵਾਂ! ਇਸ ਹੀਣ ਭਾਵਨਾ ਨੂੰ ਘਟਾਉਣ ਲਈ ਬੰਦਾ ਉਹੀ ਟਵੀਟ ਅਗਾਂਹ ਕਰ ਦਿੰਦਾ ਹੈ ਕਿ ਮੈਨੂੰ ਪਤਾ ਹੈ ਤੇ ਮੈਂ ਵੀ ਇਸ ਦਾ ਹਿੱਸਾ ਹਾਂ।

ਇਕ ਖੋਜ ਅਧੀਨ ਟਵਿਟਰ ਨੇ 5 ਹਜ਼ਾਰ ਲੋਕ ਸ਼ਾਮਲ ਕੀਤੇ, ਜਿਨ੍ਹਾਂ ਵਿਚ ਸੱਚ-ਝੂਠ ਲਿਖਣ ਵਾਲੇ ਸਾਰੇ ਹੀ ਬਿਨਾਂ ਕਿਸੇ ਚੋਣ ਦੇ ਜੋੜ ਲਏ ਗਏ। ਉਨ੍ਹਾਂ ਵਿਚੋਂ ਛਾਣਬੀਣ ਕੀਤੇ ਬਗ਼ੈਰ 25 ਹਜ਼ਾਰ ਟਵੀਟ ਕੱਢੇ ਜਿਹੜੇ ਦੋ ਮਹੀਨੇ ਪਹਿਲਾਂ ਤੋਂ ਇਨ੍ਹਾਂ ਨੇ ਵੇਖੇ ਹੋਏ ਸਨ। ਫਿਰ ਇਹ ਲੱਭਿਆ ਗਿਆ ਕਿ ਇਨ੍ਹਾਂ ਵਿਚੋਂ ਕਿੰਨੇ ਰੀ-ਟਵੀਟ ਕੀਤੇ ਗਏ। ਲਗਭਗ 200 ਤੋਂ ਵੱਧ ਵੱਖੋ-ਵੱਖਰੇ ਵਿਸ਼ਿਆਂ ਉੱਤੇ ਕੀਤੇ ਗਏ ਟਵੀਟ ਸਨ ਤੇ ਵੱਖੋ-ਵੱਖ ਜ਼ੁਬਾਨਾਂ ਵਿਚਲੇ ਲੋਕ ਸ਼ਾਮਲ ਕੀਤੇ ਗਏ ਸਨ।

ਸਾਰੇ ਹੀ ਤੱਥਾਂ ਨੂੰ ਵੇਖਦੇ ਹੋਏ ਇਹ ਨਿਚੋੜ ਨਿਕਲਿਆ, ਜੋ "ਨੈਸ਼ਨਲ ਰਿਸਰਚ ਕਾਊਂਸਲ ਕੈਨੇਡਾ" ਅਨੁਸਾਰ 8 ਕਿਸਮਾਂ ਦੇ ਹਾਵ-ਭਾਵ ਉਜਾਗਰ ਕਰ ਸਕਦੀਆਂ ਹਨ, ਉਹੀ ਖ਼ਬਰਾਂ ਸਭ ਤੋਂ ਵੱਧ ਰੀ-ਟਵੀਟ ਹੋ ਕੇ ਲੱਖਾਂ ਲੋਕਾਂ ਤੱਕ ਪਹੁੰਚਦੀਆਂ ਹਨ। ਇਨ੍ਹਾਂ ਵਿਚ ਗੁੱਸਾ, ਭੈਅ, ਉਮੀਦ, ਵਿਸ਼ਵਾਸ, ਹੈਰਾਨੀ, ਉਦਾਸੀ, ਖੁਸ਼ੀ ਤੇ ਨਫ਼ਰਤ ਸ਼ਾਮਲ ਸਨ।

ਲਗਭਗ 32 ਹਜ਼ਾਰ ਅਜਿਹੇ ਟਵੀਟ ਜਿਹੜੇ ਇਨ੍ਹਾਂ ਅੱਠ ਕਿਸਮਾਂ ਦੇ ਹਾਵ-ਭਾਵ ਨਾਲ ਲਬਰੇਜ਼ ਸਨ, ਉਹੀ ਸਭ ਤੋਂ ਵੱਧ ਲੋਕਾਂ ਤੱਕ ਰੀ-ਟਵੀਟ ਹੋ ਕੇ ਪਹੁੰਚੇ।

ਸਪੱਸ਼ਟ ਹੋ ਗਿਆ ਕਿ ਸੱਚੀਆਂ ਘਟਨਾਵਾਂ ਜਾਂ ਖਬਰਾਂ ਇਹ ਅੱਠ ਹਾਵ-ਭਾਵ ਉਜਾਗਰ ਨਹੀਂ ਕਰ ਸਕਦੀਆਂ ਤੇ ਇਸੇ ਲਈ ਜ਼ਿਆਦਾ ਦੇਰ ਜ਼ਿਹਨ ਵਿਚ ਨਹੀਂ ਟਿਕਦੀਆਂ।

ਇੰਝ ਹੀ ਕਿਸੇ ਦੀ ਸਿਫ਼ਤ-ਸਲਾਹ ਸੁਣ ਕੇ ਅਚੇਤ ਮਨ ਕਿਤੇ ਨਾ ਕਿਤੇ ਆਹਤ ਹੋ ਜਾਂਦਾ ਹੈ ਤੇ ਸ਼ਾਂਤ ਹੋਣ ਲਈ ਕਿਸੇ ਨਿਖੇਧੀ ਜਾਂ ਢਾਅ ਲਾਉਣ ਵਾਲੀ ਗੱਲ ਲੱਭਣ ਵੱਲ ਲੱਗ ਜਾਂਦਾ ਹੈ। ਜਿਉਂ ਹੀ ਕੋਈ ਨੁਕਤਾ ਲੱਭੇ ਤਾਂ ਉਸ ਵਿਚ ਮਿਰਚ-ਮਸਾਲਾ ਲਾ ਕੇ ਮਨ ਅੰਦਰਲਾ ਗ਼ੁਬਾਰ ਕੱਢ ਕੇ ਦੂਜੇ ਨੂੰ ਦਾਗ਼ੀ ਸਾਬਤ ਕਰ ਦਿੱਤਾ ਜਾਂਦਾ ਹੈ! ਫਿਰ 'ਰੀ-ਟਵੀਟ' ਜਾਂ 'ਸ਼ੇਅਰ' ਦਾ ਚੱਕਰਵਿਊ ਸ਼ੁਰੂ!

ਮੈਸਾਚਿਊਸਟ ਇੰਸਟੀਚਿਊਟ ਔਫ ਟੈਕਨੌਲੋਜੀ ਤੇ ਵੈਲਸਲੇ ਕਾਲਜ ਨੇ ਰਲ ਕੇ ਅੰਗਰੇਜ਼ੀ ਵਿਚ ਕੀਤੇ 30 ਲੱਖ ਟਵੀਟਾਂ ਉਤੇ ਖੋਜ ਕੀਤੀ, ਜੋ ਸੰਨ 2016 ਤੋਂ 2018 ਤੱਕ ਚੱਲੀ ਸੀ। ਉਨ੍ਹਾਂ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਕ ਫੀਸਦੀ ਸੱਚ ਨਾਲ 99 ਫੀਸਦੀ ਝੂਠ ਰਲਾ ਕੇ ਜ਼ਿਆਦਾ ਲੋਕਾਂ ਤੱਕ ਪਹੁੰਚ ਕਰਦਾ ਹੈ ਤੇ ਉਨ੍ਹਾਂ ਦੇ ਸੋਚਣ ਸਮਝਣ ਦੇ ਸੈਂਟਰ ਨੂੰ ਆਪਣੇ ਕਾਬੂ ਵਿਚ ਕਰ ਕੇ ਲੋਕ ਰਾਇ ਤਬਦੀਲ ਕਰਨ ਵਿਚ ਮਦਦ ਕਰਦਾ ਹੈ।

ਹੁਣ ਆਪਾਂ ਸਾਰੇ ਵੇਖ ਰਹੇ ਹਾਂ ਕਿ ਚੁਫ਼ੇਰੇ ਕੂੜ ਹੀ ਕੂੜ ਦਾ ਪਸਾਰਾ ਹੈ। ਇਸ ਵਿਚ ਸੱਚ ਪਿਸ ਕੇ ਰਹਿ ਚੁੱਕਿਆ ਹੈ। ਝੂਠ ਦੀਆਂ ਡੂੰਘੀਆਂ ਜੜ੍ਹਾਂ ਸਮਾਜ ਨੂੰ ਖੋਖਲਾ ਕਰ ਚੁਕੀਆਂ ਹਨ। ਨਿੱਕੀ ਤੋਂ ਨਿੱਕੀ ਗੱਲ ਦਾ ਆਧਾਰ ਵੀ ਝੂਠ ਉਤੇ ਟਿਕਿਆ ਹੈ ਤੇ ਝੂਠ ਹੁਣ ਸੱਚ ਨੂੰ ਚੱਬਣ ਵੀ ਲੱਗ ਚੁੱਕਿਆ ਹੈ।

ਸਿਰਫ਼ ਇੱਕੋ ਗੱਲ ਦਾ ਇੰਤਜ਼ਾਰ ਹੈ :-

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

(ਸ੍ਰੀ ਗੁਰੂ ਨਾਨਕ ਦੇਵ ਜੀ-ਅੰਗ 953)

---

# ਧੇਲੀ ਦੀ ਹਵੇਲੀ

## ਵਿਅੰਗ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹੇ ਦੀ ਲਗਦੀ ਹੱਦ 'ਤੇ ਵੱਸੇ ਕਸਬਾ ਨੁਮਾ ਪਿੰਡ ਵਿਚ ਇੱਕ ਮਾਰਵਾੜੀ ਸੇਠ ਰਹਿੰਦਾ ਸੀ। ਬਹੁਤ ਲੰਬੀ ਪੱਗ, ਛੋਟੀਆਂ-ਛੋਟੀਆਂ ਬੂਟੀਆਂ ਵਾਲੀ ਛੀਟ ਦੇ ਕੱਪੜੇ ਦੀ ਬੰਨ੍ਹੀ ਹੋਈ ਟੋਪੀ ਵਾਂਗ ਰੋਜ਼ ਹੀ ਸਿਰ 'ਤੇ ਧਰ ਲੈਂਦਾ। ਗਲ਼ ਵਿਚ ਮਾਲਾ, ਉਂਗਲਾਂ ਵਿਚ ਨਗਾਂ ਵਾਲੀਆਂ ਮੁੰਦਰੀਆਂ, ਹਰ ਵੇਲੇ ਮੂੰਹ ਵਿਚ ਰਾਮ-ਰਾਮ ਕਰੀ ਜਾਣ ਵਾਲੇ ਬਾਬੇ ਨੂੰ ਮਾਰਵਾੜੀ ਦੀ ਜਗ੍ਹਾ ਮਰਾੜੀ ਸੇਠ ਹੀ ਕਹਿੰਦੇ। ਕੁਝ ਤਾਂ ਅੰਗੂਠੇ ਵਾਲਾ ਬਾਬਾ ਕਿਹਾ ਕਰਦੇ। ਥੋੜ੍ਹਾ ਜਿਹਾ ਉਧਾਰ ਦੇਣ ਉਪਰੰਤ ਵੀ ਅੰਗੂਠਾ ਲਵਾਉਣਾ ਨਹੀਂ ਸੀ ਭੁੱਲਦਾ। ਉਸ ਕੋਲੋਂ ਲੋਕਾਂ ਦੀ ਹਰ ਲੋੜ ਪੂਰੀ ਹੋ ਜਾਂਦੀ ਸੀ, ਬੇਸ਼ੱਕ ਵਿਆਜ ਵਾਲਾ ਟੀਕਾ ਮੋਟੀ ਸੂਈ ਨਾਲ ਲਾਉਂਦਾ ਸੀ ਪਰ ਵੇਲੇ-ਕੁਵੇਲੇ ਹਰ ਆਦਮੀ ਦੀ ਗਰਜ ਪੂਰੀ ਕਰ ਦੇਣ ਕਾਰਨ ਲੋਕ ਉਸ ਦਾ ਮਾਣ-ਸਨਮਾਨ ਕਰਦੇ ਸਨ। ਪਿੰਡ ਦੇ ਮੁੰਡਿਆਂ ਨੇ ਲਾਊਡ ਸਪੀਕਰ 'ਤੇ ਚਲਦਾ ਗਾਣਾ ਸੁਣ ਕੇ (ਧੇਲੀ ਦੀ ਹਵੇਲੀ) ਅਤੇ ਜਾ ਕੇ ਮਰਾੜੀ ਸ਼ਾਹ ਨੂੰ ਪੁੱਛਿਆ ਕਿ ਕੀ ਇਹ ਸੱਚ ਹੈ ਕਿ ਧੇਲੀ ਦੀ ਹਵੇਲੀ ਵਿਕ ਜਾਂਦੀ ਹੈ? ਮਰਾੜੀ ਸ਼ਾਹ ਨੇ ਕਿਹਾ, ਹੁਣ ਤਾਂ ਨਹੀਂ ਪਰ ਸੌ ਕੁ ਸਾਲ ਪਹਿਲਾਂ ਤੱਕ ਇਹ ਕੁਝ ਹੁੰਦਾ ਰਿਹਾ ਸੀ। ਕਿਸੇ ਅਨਪੜ੍ਹ ਕਿਸਾਨ ਨੇ ਸ਼ਾਹੂਕਾਰ ਕੋਲ ਜਾਣਾ ਕਿ ਮੈਨੂੰ ਧੇਲੀ ਦੀ ਲੋੜ ਹੈ, ਤਾਂ ਸ਼ਾਹੂਕਾਰ ਨੇ ਉਸ ਨੂੰ ਅੱਠ ਆਨੇ ਦੇਣੇ ਤੇ ਉਸ ਨੂੰ ਕਹਿਣਾ ਆਹ ਧੇਲੀ ਤੈਨੂੰ ਮੈਂ ਦਿੱਤੀ ਤੇ ਧੇਲੀ ਤੂੰ ਮੇਰੇ ਕੋਲੋਂ ਲਈ ਇਹ ਇੱਕ ਰੁਪਈਆ ਹੋ ਗਿਆ, ਅੰਗੂਠਾ ਲਾ ਦੇ, ਨਾਲ ਸ਼ਰਤ ਰੱਖ ਲੈਣੀ ਕਿ ਜਿੰਨੀਆਂ ਫਸਲਾਂ ਲੰਘ ਜਾਣ, ਧੇਲੀ-ਧੇਲੀ ਨਾਲ ਜੁੜਦੀ ਜਾਵੇਗੀ। ਇਸੇ ਤਰ੍ਹਾਂ ਜਦੋਂ ਧੇਲੀ ਦੇ ਵੀਹ ਕੁ ਰੁਪਏ ਬਣ ਜਾਣ, ਤਾਂ ਉਸ ਨੂੰ ਕਹਿਣਾ ਕਿ ਇਹ ਹਵੇਲੀ ਮੇਰੇ ਨਾਮ ਕਰਦੇ, ਵਰਨਾਂ ਵਿਆਜ ਬਹੁਤ ਪਵੇਗਾ। ਇਹ ਤਾਂ ਗੱਲ ਬਹੁਤ ਗਰੀਬੀ, ਗੁਰਬਤ ਅਤੇ ਅਨਪੜ੍ਹਤਾ ਭਰੇ ਹਾਲਾਤਾਂ ਦੀ ਹੈ ਪਰ ਹੁਣ ਤਾਂ ਇਹ ਕੰਮ ਗੌਤਮ ਅਡਾਨੀ ਨੇ ਅੱਜ ਦੇ ਸਮੇਂ ਵਿਚ ਕਰਕੇ ਵਿਖਾ ਦਿੱਤਾ ਕਿ ਆਹ ਮੇਰੀ ਪੁਰਾਣੀ ਸਿਲਾਈ ਮਸ਼ੀਨ ਪੰਜ ਸੌ ਰੁਪਏ ਦੀ ਹੈ ਅਤੇ ਪੰਜ ਸੌ ਰੁਪਏ ਦੀ ਮੈਂ ਖਰੀਦੀ ਹੈ, ਇੱਕ ਹਜ਼ਾਰ ਰੁਪਏ ਦੀ ਹੋ ਗਈ। ਇਸ ਉਤੇ ਨੌਂ ਹਜ਼ਾਰ ਰੁਪਏ ਕਰਜ਼ਾ ਚੁੱਕ ਲਿਆ, ਮਸ਼ੀਨ ਦਸ ਹਜ਼ਾਰ ਦੀ ਹੋ ਗਈ। ਫਿਰ ਵੱਡੇ ਆਕਾਵਾਂ ਦੀ ਮਿਹਰ ਨਾਲ ਉਸ ਮਸ਼ੀਨ ਦਾ ਸਰਕਾਰੀ ਮੁੱਲ ਤੇਰਾਂ ਸੌ ਰੁਪਏ ਪਾ ਕੇ ਬੈਂਕ ਦੇ ਪੱਲੇ ਪਾ ਦਿੱਤੀ। ਬੈਂਕ ਨੇ ਉਹੋ ਮਸ਼ੀਨ ਤਿੰਨ ਸੌ ਰੁਪਏ ਦੀ ਕਬਾੜੀਆਂ ਨੂੰ ਵੇਚ ਕੇ ਸਤਾਸੀ ਸੌ ਰੁਪਏ ਘਾਟਾ ਸ਼ੋਅ ਕਰ ਦਿੱਤਾ ਤੇ ਅਡਾਨੀ ਸਾਹਿਬ ਨੇ ਉਸੇ ਸਤਾਸੀ ਸੌ ਨਾਲ ਹੋਰ ਹਵੇਲੀ ਖਰੀਦ ਲਈ, ਚਲੋ ਇਹ ਰੱਬੋਂ ਹੀ ਭਾਂਡਾ ਛੇਤੀ ਭੱਜ ਗਿਆ। ਵਰਨਾਂ ਬਹੁਤੇ ਪੰਜਾਬੀਆਂ ਦੀਆਂ ਹਵੇਲੀਆਂ ਧੇਲੀਆਂ ਵਿਚ ਹੀ ਵਿਕ ਜਾਣੀਆਂ ਸਨ।

## ਸਾਵਣ

ਆਉਂਦਾ ਸਾਵਣ ਮਹੀਨਾ,
ਨਾਲ ਖੁਸ਼ੀਆਂ ਦੇ ਭਰਿਆ।
ਖੁਸ਼ੀ ਚਾਰੋਂ ਪਾਸੇ ਨੱਚੇ,
ਲੜ ਖੁਸ਼ੀਆਂ ਦਾ ਫੜਿਆ।
ਪਾਉਂਦੇ ਪੈਲਾਂ ਖੁਸ਼ੀਆਂ 'ਚ ਮੋਰ,
ਗੀਤ ਬੱਚਿਆਂ ਨੇ ਪੜ੍ਹਿਆ।
ਬਣੀ ਖੀਰ ਪੱਕੇ ਪੂੜੇ,
ਮਾਹੌਲ ਮੌਜਾਂ ਵਾਲਾ ਬਣਿਆ।
ਬੱਚੇ ਬੈਠੇ ਵਿਚ ਕਤਾਰਾਂ,
ਸੋਹਿਦੀ ਬਾਤ ਬੱਚੇ ਰਲਿਆ।
ਲੰਮੀਆਂ ਹੇਕਾਂ ਲਾ ਕੇ ਬੱਚੇ,
ਗੀਤ ਖੁਸ਼ੀ ਦੇ ਗਾਉਂਦੇ।
ਵਿਚ ਸ਼ਬਦਾਂ ਅੰਕਤ ਕੀਤਾ,
ਸਾਵਨ ਕੁੜੀਆਂ ਮਿਲਾਉਂਦੇ।
ਬੂੰਦਾਂ ਬਾਂਦੀ ਹੋਈ ਜਾਵੇ,
ਰੱਬ ਨੇ ਮੰਜ਼ਰ ਬਣਾਇਆ।
'ਜਗਜੀਤ ਸਿੰਘਾ' ਬਾਦਲ ਛਾਏ,
ਸਾਵਣ ਨੇ ਰੰਗ ਬਣਾਇਆ।

-ਜਗਜੀਤ ਸਿੰਘ ਝੱਤਰਾ,
ਫਿਰੋਜ਼ਪੁਰ।
ਮੋਬ : 78144-90249
(Punjab Mail USA)



## ਮੌਸਮ-ਏ-ਬਹਾਰ

ਮਸਤ ਬਹਾਰਾਂ ਦਾ ਮੌਸਮ ਹੈ, ਖਿੜ ਰਹੇ ਨੇ ਫੁੱਲ ਅਨੇਕ,
ਕਾਦਰ ਹੱਸਦਾ ਦੇਖ ਸ੍ਰਿਸ਼ਟੀ, ਭਰ ਭਰ ਕੇ ਰੰਗ ਅਨੇਕ।

ਚਿੱਟੇ, ਪੀਲੇ, ਨੀਲੇ, ਉਨਾਭੀ, ਗੁਲਨਾਰੀ, ਲਾਲ ਗੁਲਾਬ,
ਹੋਈ ਹੁਸੀਨ ਕੁਦਰਤ ਰਾਣੀ, ਦੇਖੋ ਡੁੱਲ੍ਹਦਾ ਜਾਏ ਸ਼ਬਾਬ।

ਪੱਤਿਆਂ ਬਿਨਾ ਲੱਦੇ ਨੇ ਬੂਟੇ, ਜਿਉਂ ਬਰਫ਼ ਦੇ ਲੱਗੇ ਢੇਰ,
ਫੁੱਲਾਂ ਆਪਣਾ ਰੂਪ ਵਟਾ ਕੇ, ਫ਼ਲਾਂ 'ਚ ਰੱਸ ਭਰਨੇ ਫੇਰ।

ਧਰਤ ਸੁਹਾਵੀ ਮਨ ਸੁਹਾਵਾ, ਕਾਇਨਾਤ ਬਹੁ ਰੰਗੀ ਤਦ,
ਬਬੀਹਾ ਪੀਉ ਪੀਉ ਕਰਦਾ, ਕੱਟੇ ਬਿਰਹਣ ਰਾਤਾਂ ਜਦ।

ਰੁੱਤ ਸੁਹਾਵਣੀ ਡੱਸਦੀ ਜਾਪੇ, ਨਾਗਿਨ ਬਣ ਵਿਹੁ ਘੋਲੇ,
ਡਾਹਲੀ ਉੱਤੇ ਚਹਿਕਦੇ ਪੰਛੀ, ਗਾਉਂਦੇ ਰੱਬ ਦੇ ਸੋਹਿਲੇ।

ਬੇਕਰਾਰੀ ਪੀਆ ਮਿਲਣ ਦੀ, ਪਲ ਪਲ ਯਾਦ ਤੜਫਾਵੇ,
ਕਰਦੇ ਕਲੋਲ ਪੰਛੀਆਂ ਤੱਕੋ, ਫਿਰ ਡਾਢਾ ਮਨ ਤਰਸਾਵੇ।

ਸੇਵਾ ਸਿੰਘ "ਨੂਰਪੁਰੀ"
ਫ਼ੋਨ : +91-62809-00826
(Punjab Mail USA)



## ਕਿਤਾਬ ਦੀ ਕੀਮਤ

ਜਿਹੜੇ ਜਾਣ ਕਿਤਾਬ ਦੀ ਗਹਿਰਾਈ ਅੰਦਰ
ਉਹ ਗਿਆਨ ਦੇ ਬਾਦਸ਼ਾਹ ਬਣ ਜਾਂਦੇ।
ਪੜ੍ਹ ਲੈਣ ਜੋ ਰਮਜ਼ਾਂ ਲੇਖਕ ਦੀਆਂ
ਉਹ ਫ਼ਲਸਫ਼ੇ ਜ਼ਿੰਦਗੀ ਵਾਲੇ ਵੀ ਪੜ੍ਹ ਜਾਂਦੇ।
ਇੱਕ ਕਿਤਾਬ ਦੀ ਕੀਮਤ ਕੋਹਿਨੂਰ ਵੀ ਨਈਂ
ਬੇਸ਼ਕੀਮਤੀ ਹੀਰਿਆਂ ਦਾ ਨੂਰ ਵੀ ਨਈਂ।
ਇਹ ਤਾਂ ਆਸ਼ਕ ਏ ਸੱਚੇ ਪਾਠਕਾਂ ਦੀ
ਇਹਦੇ ਜੇਹੀ ਕੋਈ ਜੱਗ 'ਤੇ ਹੂਰ ਵੀ ਨਈਂ।
ਭਾਰ ਪੰਨਿਆਂ ਦਾ ਇਹ ਭਾਵੇਂ ਢੋਈ ਬੈਠੀਆਂ
ਸਾਗਰ ਗਿਆਨ ਵਾਲਾ ਅੰਦਰ ਸਮੋਈ ਬੈਠੀਆਂ।
ਪੜ੍ਹਨਾ ਲੱਗੇ ਭਾਵੇਂ ਸਾਨੂੰ ਅੱਜ ਔਖਾ ਜੀ
ਪਰ ਹਰ ਮੁਸ਼ਕਿਲ ਦਾ ਹੱਲ ਇਹ ਲੁਕੋਈ ਬੈਠੀਆਂ।
ਸੱਜ ਜਾਂਦੀਆਂ ਨਈਂ ਇਹ ਵੀ ਐਵੇਂ ਖਾਨਿਆਂ ਦੇ ਵਿਚ
ਸਮਾਂ ਸੰਘਰਸ਼ ਵਾਲਾ ਇਹ ਵੀ ਜਰਦੀਆਂ ਨੇ।
'ਅਮਨ' ਤੂੰ ਵੀ ਪੜ੍ਹ ਕੇ ਐਵੇਂ ਵਾਹ-ਵਾਹ ਨਾ ਕਰੇਂ
ਸੱਚੀਆਂ ਕਲਮਾਂ ਦਾ ਪਾਣੀ ਇਹ ਵੀ ਭਰਦੀਆਂ ਨੇ।
ਸੱਚੀਆਂ ਕਲਮਾਂ ਦਾ ਪਾਣੀ ਇਹ ਵੀ ਭਰਦੀਆਂ ਨੇ।

-ਅਮਨਪ੍ਰੀਤ ਕੌਰ
ਸੰਪਰਕ: 73470-43862
(Punjab Mail USA)

## ਲੋਕਾਂ ਦੇ ਕਦੇ ਦਿਨ ਨਾ ਬਦਲੇ ਬਦਲ ਗਈਆਂ ਸਰਕਾਰਾਂ ਨੇ

ਉੱਨੀ ਸੌ ਸੰਤਾਲੀ ਨੂੰ ਸਾਡਾ
ਦੇਸ਼ ਆਜ਼ਾਦ ਸੀ ਹੋਇਆ,
ਗੋਰਿਆਂ ਦੀ ਕਰਵਾ ਕੇ ਛੁੱਟੀ
ਕਾਲਾ ਕਾਬਜ ਹੋਇਆ,
ਟੋਟੇ ਹੋ ਗਿਆ ਮੁਲਕ ਅਸਾਂ ਦਾ
ਮੱਚੀਆਂ ਹਾਹਾ-ਕਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ
ਬਦਲ ਗਈਆਂ ਸਰਕਾਰਾਂ ਨੇ।

ਕਰਨੀ ਕਹਿੰਦੇ ਦੂਰ ਗਰੀਬੀ
ਹਰ ਵਾਰੀ ਖਾਧੀਆਂ ਕਸਮਾਂ ਨੇ,
ਗੱਲਾਂ ਬਾਤਾਂ ਨਾਲ ਨਹੀਂ ਭਰਨਾ
ਸਾਡੇ ਅੱਲੇ ਜ਼ਖ਼ਮਾਂ ਨੇ,
ਟਾਟੇ, ਬਿਰਲੇ ਅਤੇ ਅੰਬਾਨੀ
ਲੁੱਟਦੇ ਮੌਜ ਬਹਾਰਾਂ ਨੇ।
ਲੋਕਾਂ ਦੇ ਦਿਨ ਕਦੇ ਨਾ ਬਦਲੇ.....।

ਅੰਗਰੇਜ਼ ਚੰਗੇ ਸੀ ਇਨ੍ਹਾਂ ਨਾਲੋਂ
ਲੋਕ ਆਮ ਹੀ ਕਹਿੰਦੇ ਨੇ,
ਮਾਰ ਹੱਕਾਂ 'ਤੇ ਡਾਕੇ ਸਾਡੇ
ਜੇਬਾਂ ਭਰਦੇ ਰਹਿੰਦੇ ਨੇ,
ਕਿਰਤੀਆਂ ਅਤੇ ਕਿਸਾਨਾਂ ਉੱਤੇ
ਨਿੱਤ ਪੈਂਦੀਆਂ ਮਾਰਾਂ ਨੇ ।
ਲੋਕਾਂ ਦੇ ਦਿਨ ਕਦੇ ਨਾ ਬਦਲੇ.....।

ਕਦੇ ਪੰਜਾ ਹੋ ਜਾਂਦਾ ਭਾਰੂ
ਕਦੇ ਕਮਲ ਪਿਆ ਖਿਲਦਾ ਏ,
ਸੜਕਾਂ 'ਤੇ ਪਈ ਰੁਲੇ ਜਵਾਨੀ
ਹੱਕ ਨਾ ਪੂਰਾ ਮਿਲਦਾ ਏ,
"ਐੱਨ.ਡੀ.ਏ." ਕਦੇ "ਯੂ.ਪੀ.ਏ." ਬਣ ਕੇ
ਬਦਲ ਰਹੇ ਦਸਤਾਰਾਂ ਨੇ।
ਲੋਕਾਂ ਦੇ ਦਿਨ ਕਦੇ ਨਾ ਬਦਲੇ.....।

ਲੱਕ ਤੋੜਿਆ ਮਹਿੰਗਾਈ ਨੇ
ਹਰ ਪਾਸੇ ਬੇ-ਵਸੀਆਂ ਨੇ,
ਕਿਸਾਨ ਦੇਸ਼ ਦੇ ਹਰ ਸੂਬੇ ਵਿਚ
ਕਰਦੇ ਨਿੱਤ ਖੁਦਕਸ਼ੀਆਂ ਨੇ,
ਮਿਲਦਾ ਨਾ ਮੁੱਲ ਜਿਨਸ ਦਾ ਪੂਰਾ
ਲੁੱਟ ਲਏ ਸ਼ਾਹੂਕਾਰਾਂ ਨੇ।
ਲੋਕਾਂ ਦੇ ਦਿਨ ਕਦੇ ਨਾ ਬਦਲੇ.....।

ਪੜ੍ਹ ਲਿਖ ਕੇ ਰੁਜ਼ਗਾਰ ਨਾ ਮਿਲਦਾ
ਵਧਗੀ ਬੇਰੁਜ਼ਗਾਰੀ ਏ,
ਮੁੰਡੇ ਕੁੜੀਆਂ ਤਾਹੀਓਂ ਖਿੱਚੀ
ਵਿਦੇਸ਼ਾਂ ਵੱਲ ਤਿਆਰੀ ਏ,
"ਗਿੱਲ ਮਲਕੀਤ" ਨੇ ਭਾਵੁਕ ਹੋ ਕੇ
ਲਿਖੀਆਂ ਇਹ ਵਿਚਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ
ਬਦਲ ਗਈਆਂ ਸਰਕਾਰਾਂ ਨੇ।

ਮਲਕੀਤ ਸਿੰਘ ਗਿੱਲ (ਭੱਠਲਾਂ)
79865-28225
(Punjab Mail USA)



## ਤੁਸੀਂ ਕੁੱਝ ਵੀ ਕਹੋ

ਤੁਸੀਂ
ਜੋ ਕੁੱਝ ਵੀ ਕਹਿਣਾ ਹੈ
ਕਹਿੰਦੇ ਰਹੋ
ਵਗਦੇ ਵਹਿਣਾਂ 'ਚ
ਝੱਗ ਛੱਡਦੀਆਂ ਲਹਿਣਾਂ 'ਚ
ਲਹਿੰਦੇ ਰਹੋ
ਵਹਿੰਦੇ ਰਹੋ
ਕੌਣ ਰੋਕਦਾ ਹੈ
ਕੌਣ ਟੋਕਦਾ ਹੈ
ਲੱਗੇ ਰਹੋ
ਬਣ ਢੱਗੇ ਰਹੋ
ਇਸ ਨਾਲ
ਕੀ ਫਰਕ ਪੈਂਦਾ ਹੈ
ਸਮਾਂ ਸਹਿੰਦਾ ਹੈ
ਹੋਂਦ ਹੀਣਾ ਦਾ ਬੋਝ
ਕੌਣ ਕੱਢੇ
ਥੋਡੀ ਕੋਹਝ
ਹਰ ਰੋਜ਼
ਤੁਸੀਂ ਹਿੱਕ 'ਤੇ ਆ
ਚੜ੍ਹਦੇ ਹੋ
ਸਮੇਂ ਦੀਆਂ ਕਹਾਣੀਆਂ 'ਤੇ
ਵਗਦੇ ਨਿਰਛਲ ਪਾਣੀ 'ਤੇ
ਤਰਦੇ ਹੋ
ਥੋਡੀ ਬੌਝਲ ਲਾਸ਼
ਬਣ ਖੜ੍ਹਦੀ ਹੈ ਖਾਸ
ਵੱਟ ਵਟੱਈਏ ਲਈ
ਤਹੱਈਏ ਲਈ
ਦਈਏ ਲਈ
ਤਾਂ ਕਿ
ਚਰਚਾ ਹੁੰਦਾ ਰਹੇ
ਉਨ੍ਹਾਂ ਦਾ
ਤੇ
ਖਰਚਾ ਹੁੰਦਾ ਰਹੇ
ਉਨ੍ਹਾਂ ਦਾ
ਜੋ ਹੁੰਦੇ ਨਹੀਂ
ਬੋਝਲ ਬਦਨਾਂ ਦੇ ਮੇਚਦੇ
ਕਵਿਤਾ ਨਹੀਂ ਵੇਚਦੇ
ਰੋਟੀਆਂ ਨਹੀਂ ਸੇਕਦੇ
ਕਿਤਾਬਾਂ ਨੂੰ ਬਾਲਣ ਸਮਝ
ਤੇ ਨਾਂ ਹੀ
ਬਣਦੇ ਹਨ
ਤਣਦੇ ਹਨ
ਸਤ੍ਹਾ ਦੇ ਮੇਚ ਦੇ
ਤੁਸੀਂ ਕੁੱਝ ਵੀ ਕਹਿੰਦੇ ਰਹੋ
ਇਨਾਮ
ਸਨਮਾਨ ਲੈਂਦੇ
ਦੇਂਦੇ ਰਹੋ
ਸਭ ਨੂੰ ਪਤਾ ਹੈ
ਕਿਸੇ ਨੂੰ ਸ਼ੱਕ
ਨਾ ਰਤਾ ਹੈ
ਕਿ ਕੌਣ ਕੀ ਹੈ
ਇਹ ਗੱਲ ਵੱਖਰੀ ਹੈ
ਕੋਈ ਕਰਦਾ
ਨਹੀਂ 'ਸੀ' ਹੈ
ਪਾਈ ਜੋ ਲੀਹ ਹੈ
ਤੁਸੀਂ
ਉਸ ਨੂੰ
ਸਮੇਟਣ ਲਈ
ਮੇਟਣ ਲਈ
ਪਰਤ ਰਿਹਾ ਹੈ ਵਕਤ
ਲਾ ਕੇ ਸ਼ਰਤ
ਤੁਸੀਂ ਦੇਖਦੇ ਰਹਿਣਾ
ਇਹੀ ਹੈ
ਬੱਸ ਮੇਰਾ ਕਹਿਣਾ।

ਬੜੇ ਮਹਾਨ ਹੁੰਦੇ ਨੇ
ਵਕਤ ਦੀ ਸ਼ਾਨ ਹੁੰਦੇ ਨੇ
ਉਹ
ਜੋ
ਨਹੀਂ ਵੇਚਦੇ
ਰੂਹ ਰੱਤੀਆਂ
ਸੱਚੀਆਂ ਸੁੱਚੀਆਂ
ਕਵਿਤਾਵਾਂ ਤੇ ਕਿਤਾਬਾਂ ਨੂੰ
ਸੰਗ ਖ਼ਾਬਾਂ ਨੂੰ
ਤੇ
ਠੋਕਰ ਮਾਰ
ਲੰਘ ਜਾਂਦੇ ਨੇ
ਝੂਠੇ ਰੁਤਬੇ
ਹੈਰਾਨੀ ਨਾਲ
ਸ਼ੈਤਾਨੀ ਨਾਲ
ਭਰੇ ਖਿਤਾਬਾਂ ਨੂੰ
ਯਾਦ ਰੱਖਣਾ
ਸਤ੍ਹਾ ਕੋਈ ਵੀ ਹੋਵੇ
ਜਦ ਇਨਾਮ ਦੇਂਦੀ ਹੈ
ਇਵਜ਼ 'ਚ
ਇਮਾਨ ਲੈਂਦੀ ਹੈ
ਸੱਚਮੁੱਚ
ਬੜੇ ਮਹਾਨ ਹੁੰਦੇ ਨੇ ਉਹ
ਰੂਹ ਰੱਤੀਆਂ
ਸੱਚੀਆਂ ਸੁੱਚੀਆਂ
ਕਵਿਤਾਵਾਂ ਤੇ ਕਿਤਾਬਾਂ
ਨਹੀਂ ਵੇਚਦੇ ਜੋ।

- ਡਾ. ਮੇਹਰ ਮਾਣਕ
(Punjab Mail USA)

## ਮੱਥੇ 'ਚ ਚਿਣਗ ਆਉਣੀ

ਮੱਥੇ 'ਚ ਚਿਣਗ ਆਉਣੀ, ਵਿੱਦਿਆ ਦਾ ਪਾ ਕੇ ਗਹਿਣਾ।
ਮੱਸਿਆ ਦੀ ਰਾਤ ਵੇਲੇ, ਜਗਦਾ ਹੈ ਜਿਉਂ ਟਟਹਿਣਾ।

ਆਈ ਹੈ ਜੇ ਖ਼ਿਜ਼ਾਂ ਤਾਂ, ਮਾਤਮ ਮਨਾਉਣਾ ਛੱਡੀਏ
ਮੁੜ ਕੇ ਬਹਾਰ ਆਉਣੀ, ਚਿੜੀਆਂ ਬਰੋਟੇ ਬਹਿਣਾ।

ਕੱਖਾਂ ਦੀ ਕੁੱਲੀ ਬਹਿ ਕੇ, ਦਾਤੇ ਦਾ ਸ਼ੁਕਰ ਕਰੀਏ
ਮਿਟ ਜਾਣਾ ਸਲਤਨਤ ਨੇ, ਤੇ ਬੁਰਜੀਆਂ ਨੇ ਢਹਿਣਾ।

ਸਾਦਾ ਜੇ ਹੋਵੇ ਰਹਿਣੀ, ਕਥਨੀ ਤੇ ਉੱਠਣੀ-ਬਹਿਣੀ
ਆਏ ਕਦੇ ਜਾਂ ਮੁਸ਼ਕਿਲ, ਅਸੀਂ ਜਾਣਦੇ ਹਾਂ ਖਹਿਣਾ।

ਨਾ ਚਿਤਵੀਏ ਬੁਰਾਈ, ਸਰਬੱਤ ਦੀ ਖ਼ੈਰ ਮੰਗੋ
ਦੱਸਿਆ ਗੁਰਾਂ ਨੇ ਸਾਨੂੰ : ਚੜ੍ਹਦੀ ਕਲਾ 'ਚ ਰਹਿਣਾ।

ਕਰਜ਼ੇ ਦਾ ਖਹਿੜਾ ਛੱਡੋ, ਪੰਜੇ ਵਿਕਾਰ ਕੱਢੋ
'ਇੱਕੋ' 'ਤੇ ਟੇਕ ਰੱਖੀਏ, 'ਇੱਕੋ' ਦਾ ਮੰਨੀਏ ਕਹਿਣਾ।

ਵਿਰਸਾ ਮਹਾਨ ਸਾਡਾ, ਜੁੜ ਨਾਲ ਇਹਦੇ ਰਹੀਏ
ਨਾਨਕ ਦੇ ਅੰਗ ਲੱਗ ਕੇ, ਅੰਗਦ ਬਣੇ ਸੀ ਲਹਿਣਾ।

ਚੱਲਣਾ ਹੈ ਕੰਮ ਸਮੇਂ ਦਾ, ਚੱਲਦਾ ਹੈ ਇਹ ਨਿਰੰਤਰ
ਦਰਿਆ ਕਦੇ ਨਾ ਰੁਕਿਆ, ਹੈ ਕੰਮ ਇਹਦਾ ਵਹਿਣਾ।

ਸਾਜ਼ਿਸ਼ ਰਚੇ ਹਕੂਮਤ, ਜਾਂ ਤੋੜ ਦੇਵੇ ਕਸਮਾਂ
ਹੈ ਅਣਖ ਨਾਲ ਜੀਣਾ, ਜ਼ੁਲਮੋ-ਸਿਤਮ ਨਾ ਸਹਿਣਾ।

ਖੇਡੇ ਕੋਈ ਸਿਆਸਤ, ਕਰਦੈ ਕੋਈ ਸ਼ਰਾਰਤ
ਝੂਠੀ ਹੈ ਦੁਨੀਆਂ 'ਰੂਹੀ', ਸੱਚੇ ਦਾ ਤਖ਼ਤ ਡਹਿਣਾ।

-ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ, ਬਠਿੰਡਾ
94176-92015
(Punjab Mail USA)



## ਸੁੱਕਾ ਰੋਅਬ ਜਮਾਈ

ਸਿਰ 'ਤੇ ਤੇਰੇ ਕੇਸ ਨਹੀਂ,
ਸਿੱਖੀ ਵਾਲਾ ਤੇਰਾ ਵੇਸ ਨਹੀਂ,
ਕੁੱਝ ਸਿੱਖਣ ਦੀ ਤੈਨੂੰ ਚੇਟ ਨਹੀਂ,
ਤੈਨੂੰ ਗੱਲ ਅਕਲ ਦੀ ਮੇਚ ਨਹੀਂ,
ਸਿੱਖੀ ਦੀ ਪੱਤ ਤੂੰ ਲਾਹੀ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

ਧਰਮ ਦੇ ਵੱਲ ਤੂੰ ਤੁਰਿਆ ਨਹੀਂ,
ਤੈਨੂੰ ਵਿਰਸੇ ਦਾ ਅੱਖਰ ਫੁਰਿਆ ਨਹੀਂ,
ਪਛਤਾਵਾ ਕਰ ਤੂੰ ਝੁਰਿਆ ਨਹੀਂ,
ਹਲੀਮੀ ਦਾ ਸਬਕ ਤੂੰ ਗੁੜ੍ਹਿਆ ਨਹੀਂ,
ਪਰ ਦੂਜਿਆਂ ਨੂੰ ਸਬਕ ਪੜ੍ਹਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

ਚੰਗੇ ਰਾਹ ਕਦਮ ਟਿਕਾਉਂਦਾ ਨਹੀਂ,
ਕਦੀ ਸੁਚੱਜੇ ਪੂਰਨੇ ਪਾਉਂਦਾ ਨਹੀਂ,
ਗੁਰੂਆਂ ਤੋਂ ਭੁੱਲ ਬਖਸ਼ਾਉਂਦਾ ਨਹੀਂ,
ਮਨੱਖਤਾ ਦਾ ਗੀਤ ਤੂੰ ਗਾਉਂਦਾ ਨਹੀਂ,
ਬੇਤਾਲੇ ਹੀ ਸਾਜ਼ ਖੜਕਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

ਤੂੰ ਵੈਸਾਖੀ ਹਰ ਸਾਲ ਮਨਾਉਂਦਾ ਏਂ,
ਕਾਰਾਂ ਵਿਚ ਖੌਰੂ ਪਾਉਂਦਾ ਏਂ,
ਛਕ ਦਾਰੂ ਸਿਗਰਟ ਲਾਉਂਦਾ ਏਂ,
ਨਿੱਤ ਨਵੇਂ ਪੁਆੜੇ ਪਾਉਂਦਾ ਏਂ,
ਧੱਕੇ ਨਾਲ ਸਿੰਘ ਕਹਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।

ਜੇ ਨਾ ਸਮਝਿਆ ਤੂੰ ਮਿਟ ਜਾਣਾ,
ਹੋ ਦੁਨੀਆ ਸਾਹਮੇਂ ਠਿੱਠ ਜਾਣਾ,
ਤੈਨੂੰ ਦੂਜੇ ਧਰਮਾਂ ਜਿੱਤ ਜਾਣਾ,
ਇਹ ਧਰਮ ਤੇਰਾ ਹੁਣ ਪਿੱਟ ਜਾਣਾ,
ਤੂੰ ਹਾਲੇ ਵੀ ਕੰਨੀ ਕਤਰਾਈ ਜਾਨੈਂ?
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)




## ਸਮਰਪਣ

ਸੱਚ ਦੱਸੀਂ....
ਤੈਨੂੰ ਕਦੇ
ਅਹਿਸਾਸ ਨਹੀਂ ਹੋਇਆ?
ਮੇਰੇ ਅਦਬ ਅਤੇ ਇਬਾਦਤ ਦਾ...?
ਪਰ, ਤੂੰ ਤਾਂ ਡਾਹਢਾ ਏਂ
ਤੇ ਡਾਹਢੇ ਅੱਗੇ ਕੀਹਦਾ ਜ਼ੋਰ??
ਜਾਂ ਤੂੰ ਪੱਕਾ ਪਰਖਦਾ ਹੋਣੈ,
ਮੇਰੇ ਸਿਦਕ ਨੂੰ
ਮੇਰੀ ਵਫ਼ਾ ਨੂੰ
ਹਾਂ, ਤੂੰ ਡਾਹਢਾ ਵੀ ਏਂ
ਤੇ ਪਰਖ ਵੀ ਸਕਦੈਂ
ਚੱਲ ਦੱਸ,
ਕੀ ਕਸਵੱਟੀ ਹੈ
ਤੇਰੀ ਪਰਖ ਦੀ?
ਜਾਨ? ਜਹਾਨ??
ਸ਼ਾਨ? ਈਮਾਨ??
ਸਭ ਪੇਸ਼ ਏ
ਤੇਰੀ ਖ਼ਿਦਮਤ 'ਚ!
ਸਵੀਕਾਰ, ਜਾਂ ਅਸਵੀਕਾਰ...?
ਕਿਉਂਕਿ ਭਾਈ
ਤੂੰ ਤਾਂ ਡਾਹਢਾ ਏ...!

-ਖੁਸ਼ਦੀਪ ਬਰਾੜ
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567